Watch
PUNJAB MAIL USA
TV Channel
On IP box, App, Website
For Advertisment
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ

# ਪੰਜਾਬ ਮੇਲ ਯੂ. ਐੱਸ. ਏ.

Chief Editor: Gurjatinder Singh Randhawa
Punjab Mail USA




Vol. 18, Issue- 823, 10 to 16 Oct., 2024, Ph: 916-320-9444, E-mail: punjabmailusa@yahoo.com, Web: punjabmailusa.com

## ਅਮਰੀਕਾ ਦੀਆਂ ਚੋਣਾਂ ਲਈ ਘਰਾਂ ਵਿਚ ਬੈਲੇਟ ਪੇਪਰ ਪਹੁੰਚਣੇ ਸ਼ੁਰੂ




**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)-** ਅਮਰੀਕਾ ਵਿਚ 5 ਨਵੰਬਰ 2024 ਨੂੰ ਚੋਣਾਂ ਹੋਣ ਜਾ ਰਹੀਆਂ ਹਨ। ਇਸ ਵਿਚ ਰਾਸ਼ਟਰਪਤੀ ਤੋਂ ਇਲਾਵਾ ਕਾਂਗਰਸ, ਸੈਨੇਟ, ਸਟੇਟ ਅਸੈਂਬਲੀ, ਸਟੇਟ ਸੈਨੇਟਰ, ਸਿਟੀ ਮੇਅਰ ਤੋਂ ਇਲਾਵਾ ਹੋਰ ਵੀ ਵੱਖ-ਵੱਖ ਅਹੁਦਿਆਂ ਲਈ ਚੋਣਾਂ ਹੋਣਗੀਆਂ ਭਾਵੇਂ ਕਿ ਅਮਰੀਕਾ ਵਿਚ ਚੋਣਾਂ ਦਾ ਦਿਨ 5 ਨਵੰਬਰ ਰੱਖਿਆ ਗਿਆ ਹੈ, ਪਰ ਇੱਥੇ 1 ਮਹੀਨਾ ਪਹਿਲਾਂ ਹੀ 'ਵੋਟ ਬੈਲੇਟ' ਮੇਲ ਰਾਹੀਂ ਵੋਟਾਂ ਸ਼ੁਰੂ ਹੋ ਜਾਂਦੀਆਂ ਹਨ।

ਅਮਰੀਕਾ ਵਿਚ ਵੋਟ ਪਾਉਣ ਦਾ ਅਧਿਕਾਰ ਸਿਰਫ ਅਮਰੀਕੀ ਨਾਗਰਿਕ ਨੂੰ ਹੀ ਹੁੰਦਾ ਹੈ। ਇਥੇ ਵੋਟ ਪਾਉਣਾ ਬਹੁਤ ਹੀ ਆਸਾਨ ਹੈ। ਵੋਟਾਂ ਵਾਲੇ ਦਿਨ ਕਿਸੇ ਵੀ ਬੂਥ 'ਤੇ ਲੰਮੀਆਂ ਲਾਈਨਾਂ ਦੇਖਣ ਨੂੰ ਨਹੀਂ ਮਿਲਦੀਆਂ, ਕੋਈ ਟਾਵਾਂ-ਟਾਵਾਂ ਹੀ ਵੋਟ ਪਾਉਣ ਜਾਂਦਾ ਹੈ। ਇਸ ਦਾ ਕਾਰਨ ਇਹ ਹੈ ਕਿ ਵੋਟ ਬੈਲੇਟ ਡਾਕ ਰਾਹੀਂ ਲੋਕਾਂ ਦੇ ਘਰਾਂ ਵਿਚ ਪਹੁੰਚ ਜਾਂਦਾ ਹੈ, ਜਿਸ ਨੂੰ ਕਿ ਵੋਟਰ ਘਰ ਬੈਠਿਆਂ ਹੀ ਆਪਣੇ ਪਸੰਦੀਦਾ ਉਮੀਦਵਾਰਾਂ ਨੂੰ ਨਿਸ਼ਾਨੀਆਂ ਲਾ ਕੇ ਸਰਕਾਰ ਵੱਲੋਂ ਭੇਜੇ ਲਿਫਾਫੇ ਵਿਚ ਦੁਬਾਰਾ ਪਾ ਕੇ ਮੇਲ ਕਰ ਦਿੰਦੇ ਹਨ ਅਤੇ ਇਸ 'ਤੇ ਕੋਈ ਟਿਕਟ ਵੀ ਨਹੀਂ ਲਾਉਣੀ ਪੈਂਦੀ। ਨਾ ਹੀ ਕੋਈ ਖਰਚਾ ਹੁੰਦਾ ਹੈ। ਡਾਕ ਰਾਹੀਂ ਭੇਜੇ ਵੋਟ ਬੈਲੇਟ ਜਦੋਂ ਵੋਟ ਵਿਭਾਗ ਤੱਕ ਪਹੁੰਚ ਜਾਂਦਾ ਹੈ, ਤਾਂ ਤੁਹਾਡੀ ਵੋਟ ਪਹੁੰਚਣ ਦਾ ਪ੍ਰਮਾਣ ਵੀ ਵੋਟ ਮਹਿਕਮੇ ਵੱਲੋਂ ਮਿਲ ਜਾਂਦਾ ਹੈ, ਜੋ ਕਿ ਤਸਦੀਕ ਕਰਦਾ ਹੈ ਕਿ ਤੁਹਾਡੀ ਵੋਟ ਗਿਣਤੀ ਵਿਚ ਆ ਗਈ ਹੈ। ਜੇਕਰ ਤੁਸੀਂ ਡਾਕ ਰਾਹੀਂ ਵੋਟ ਨਹੀਂ ਪਾਈ, ਤਾਂ 5 ਨਵੰਬਰ ਨੂੰ ਖੁਦ ਪੋਲਿੰਗ ਬੂਥ 'ਤੇ ਜਾ ਕੇ ਵੋਟ ਪਾਈ ਜਾ ਸਕਦੀ ਹੈ। ਚੋਣਾਂ ਦਾ ਨਤੀਜਾ 5 ਨਵੰਬਰ ਦੀ ਰਾਤ ਨੂੰ ਹੀ ਨਸ਼ਰ ਕਰ ਦਿੱਤਾ ਜਾਂਦਾ ਹੈ।

ਜ਼ਿਕਰਯੋਗ ਹੈ ਕਿ ਇਸ ਚੋਣ ਪ੍ਰਕਿਰਿਆ ਵਿਚ ਕੋਈ ਹੇਰਾਫੇਰੀ ਨਹੀਂ ਹੋ ਸਕਦੀ। ਅਮਰੀਕਾ ਵਿਚ ਇਸ ਵਕਤ ਰਾਸ਼ਟਰਪਤੀ ਦੇ ਦੋ ਪ੍ਰਮੁੱਖ ਉਮੀਦਵਾਰ ਹਨ। ਡੈਮੋਕ੍ਰੇਟਿਕ ਪਾਰਟੀ ਵੱਲੋਂ ਦੇਸ਼ ਦੀ ਵਾਈਸ ਪ੍ਰੈਜ਼ੀਡੈਂਟ ਕਮਲਾ ਹੈਰਿਸ ਉਮੀਦਵਾਰ ਹਨ। ਜਦਕਿ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਰਿਪਬਲੀਕਨ ਪਾਰਟੀ ਵੱਲੋਂ ਜ਼ੋਰ-ਅਜ਼ਮਾਇਸ਼ ਕਰ ਰਹੇ ਹਨ। ਇਸ ਵਾਰ ਦੋਵਾਂ ਧਿਰਾਂ ਵਿਚ ਸਖਤ ਮੁਕਾਬਲਾ ਦੇਖਣ ਨੂੰ ਮਿਲ ਰਿਹਾ ਹੈ। ਭਾਵੇਂ ਕਿ ਜੋਅ ਬਾਇਡਨ ਵੱਲੋਂ ਇਸ ਵਾਰ ਚੋਣਾਂ ਨਾ ਲੜਨ ਦਾ ਐਲਾਨ ਅੰਤਲੇ ਮੌਕੇ ਕੀਤਾ ਗਿਆ ਸੀ ਅਤੇ ਉਨ੍ਹਾਂ ਨੇ ਆਪਣੀ ਥਾਂ ਕਮਲਾ ਹੈਰਿਸ ਨੂੰ ਡੈਮੋਕ੍ਰੇਟਿਕ ਪਾਰਟੀ ਦਾ ਉਮੀਦਵਾਰ ਐਲਾਨ ਦਿੱਤਾ ਸੀ। ਬਹੁਤ ਹੀ ਥੋੜ੍ਹੇ ਸਮੇਂ ਵਿਚ ਕਮਲਾ ਹੈਰਿਸ ਨੇ ਡੋਨਾਲਡ ਟਰੰਪ ਨੂੰ ਸਖਤ ਮੁਕਾਬਲੇ ਦੀ ਚੁਣੌਤੀ ਦੇ ਦਿੱਤੀ ਹੈ।

## ਅਮਰੀਕੀ ਚੋਣਾਂ 'ਚ ਦਖਲ ਦੇਣ ਦੀ ਕੋਸ਼ਿਸ਼ ਕਰ ਰਹੀਆਂ ਹਨ ਵਿਦੇਸ਼ੀ ਸਰਕਾਰਾਂ




■ **ਰੂਸ ਅਤੇ ਚੀਨ ਨੇ ਕੁਝ ਚੋਣ ਮੁਕਾਬਲਿਆਂ ਵਿਚ ਉਮੀਦਵਾਰਾਂ ਦੀ ਮਦਦ ਕਰਨ ਜਾਂ ਨੁਕਸਾਨ ਪਹੁੰਚਾਉਣ ਦੇ ਉਦੇਸ਼ ਨਾਲ ਇੱਕ ਮੁਹਿੰਮ ਕੀਤੀ ਸ਼ੁਰੂ !**

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਖੁਫੀਆ ਅਧਿਕਾਰੀਆਂ ਨੇ ਚੇਤਾਵਨੀ ਦਿੱਤੀ ਕਿ ਵਿਦੇਸ਼ੀ ਸਰਕਾਰਾਂ ਇਸ ਸਾਲ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ 'ਚ ਅਮਰੀਕੀ ਲੋਕਤੰਤਰ 'ਚ ਦਖ਼ਲ ਦੇਣ ਦੀ ਕੋਸ਼ਿਸ਼ ਤਹਿਤ ਦੇਸ਼ ਭਰ 'ਚ ਪ੍ਰਤੀਨਿਧੀ ਸਭਾ ਅਤੇ ਸੈਨੇਟ ਦੇ ਚੋਣ ਮੁਕਾਬਲਿਆਂ ਨੂੰ ਪ੍ਰਭਾਵਿਤ ਕਰ ਰਹੀਆਂ ਹਨ। ਰੂਸ ਅਤੇ ਚੀਨ ਨੇ ਕੁਝ ਚੋਣ ਮੁਕਾਬਲਿਆਂ ਵਿਚ ਉਮੀਦਵਾਰਾਂ ਦੀ ਮਦਦ ਕਰਨ ਜਾਂ ਨੁਕਸਾਨ ਪਹੁੰਚਾਉਣ ਦੇ ਉਦੇਸ਼ ਨਾਲ ਇੱਕ ਮੁਹਿੰਮ ਸ਼ੁਰੂ ਕੀਤੀ ਹੈ। ਨੈਸ਼ਨਲ ਇੰਟੈਲੀਜੈਂਸ ਦੇ ਡਾਇਰੈਕਟਰ ਦੇ ਦਫ਼ਤਰ ਦੇ ਇੱਕ ਅਧਿਕਾਰੀ ਨੇ ਇਹ ਨਹੀਂ ਦੱਸਿਆ ਕਿ ਕਿੰਨੇ ਮੁਕਾਬਲੇ ਪ੍ਰਭਾਵਿਤ ਹੋਏ ਹਨ। ਉਨ੍ਹਾਂ ਕਿਹਾ ਕਿ ਦੋਵਾਂ ਦੇਸ਼ਾਂ ਨੇ ਚੋਣ ਮੁਕਾਬਲਿਆਂ 'ਚ ਦਖ਼ਲ ਦਿੱਤਾ ਹੈ, ਜਿੱਥੇ ਉਹ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਦੇ ਰਾਸ਼ਟਰੀ ਸੁਰੱਖਿਆ ਹਿੱਤ ਦਾਅ 'ਤੇ ਹਨ। ਅਧਿਕਾਰੀਆਂ ਨੇ ਕਿਹਾ ਕਿ ਹੋਰ ਛੋਟੇ ਦੇਸ਼ ਵੀ ਚੋਣਾਂ ਵਿਚ ਦਖ਼ਲ ਦੇਣ ਦੀ ਕੋਸ਼ਿਸ਼ ਕਰ ਸਕਦੇ ਹਨ।

ਵਿਦੇਸ਼ੀ ਚੋਣ ਖਤਰਿਆਂ 'ਤੇ ਜਾਰੀ ਕੀਤੀ ਗਈ ਇੱਕ ਰਿਪੋਰਟ ਦੇ ਅਨੁਸਾਰ ਕਿਊਬਾ "ਲਗਭਗ ਨਿਸ਼ਚਿਤ ਤੌਰ 'ਤੇ" ਅਜਿਹੇ ਉਮੀਦਵਾਰਾਂ ਨੂੰ ਉਤਸ਼ਾਹਿਤ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ, ਜੋ ਉਥੇ ਦੀ ਸਰਕਾਰ ਨੂੰ ਲੱਗਦਾ ਹੈ ਕਿ ਅਮਰੀਕਾ ਵਿਚ ਉਨ੍ਹਾਂ ਦੇ ਹਿੱਤਾਂ ਦਾ ਸਮਰਥਨ ਕਰਨਗੇ। ਖ਼ੁਫ਼ੀਆ ਅਧਿਕਾਰੀਆਂ ਨੇ ਇਹ ਰਿਪੋਰਟ ਹਾਊਸ ਆਫ਼ ਰਿਪ੍ਰਜ਼ੈਂਟੇਟਿਵ ਅਤੇ ਸੈਨੇਟ ਲਈ ਸਖ਼ਤ ਚੋਣ ਮੁਕਾਬਲੇ ਦੌਰਾਨ ਜਾਰੀ ਕੀਤੀ ਹੈ। ਉਨ੍ਹਾਂ ਨੇ ਆਪਣਾ ਨਾਮ ਗੁਪਤ ਰੱਖਣ ਦੀ ਸ਼ਰਤ 'ਤੇ ਪੱਤਰਕਾਰਾਂ ਨੂੰ ਦੱਸਿਆ ਕਿ ਰੂਸ ਅਤੇ ਚੀਨ ਦੇ ਨੇਤਾ ਅਮਰੀਕੀ ਰਾਜਨੀਤਿਕ ਪ੍ਰਣਾਲੀ ਨੂੰ ਚੰਗੀ ਤਰ੍ਹਾਂ ਸਮਝਦੇ ਹਨ ਅਤੇ ਮੰਨਦੇ ਹਨ ਕਿ ਇਸ ਸਾਲ ਦਾ ਨਜ਼ਦੀਕੀ ਚੋਣ ਮੁਕਾਬਲਾ ਗਲਤ ਜਾਣਕਾਰੀ ਲਈ ਚੰਗੇ ਹਾਲਾਤ ਪੈਦਾ ਕਰਦਾ ਹੈ।

ਅਧਿਕਾਰੀਆਂ ਨੇ ਕਿਹਾ ਕਿ ਚੀਨ ਨੇ ਤਾਈਵਾਨ ਲਈ ਸਮਰਥਨ ਸਮੇਤ ਬੀਜਿੰਗ ਨੂੰ ਤਰਜੀਹ ਦੇਣ ਵਾਲੇ ਮੁੱਦਿਆਂ 'ਤੇ ਉਮੀਦਵਾਰਾਂ ਰੁਖ ਦੇ ਆਧਾਰ 'ਤੇ ਦੋਵਾਂ ਪਾਰਟੀਆਂ ਦੇ ਉਮੀਦਵਾਰਾਂ ਨੂੰ ਨਿਸ਼ਾਨਾ ਬਣਾਇਆ ਹੈ। ਹਾਲਾਂਕਿ ਰੂਸ, ਚੀਨ, ਈਰਾਨ ਅਤੇ ਕਿਊਬਾ ਦੇ ਅਧਿਕਾਰੀਆਂ ਨੇ ਸਾਰੇ ਦੋਸ਼ਾਂ ਨੂੰ ਰੱਦ ਕਰ ਦਿੱਤਾ ਹੈ ਕਿ ਉਨ੍ਹਾਂ ਦੀਆਂ ਸਰਕਾਰਾਂ ਅਮਰੀਕੀ ਚੋਣਾਂ ਵਿਚ ਦਖ਼ਲ ਦੇਣ ਦੀ ਕੋਸ਼ਿਸ਼ ਕਰ ਰਹੀਆਂ ਹਨ।

**ਬੀ.ਸੀ. ਅਸੈਂਬਲੀ ਚੋਣਾਂ-2024**

## 93 ਮੈਂਬਰੀ ਵਿਧਾਨ ਸਭਾ ਲਈ 37 ਪੰਜਾਬੀਆਂ ਸਮੇਤ ਕੁੱਲ 323 ਉਮੀਦਵਾਰ ਚੋਣ ਮੈਦਾਨ 'ਚ

**ਸਰੀ, (ਹਰਦਮ ਮਾਨ/ਪੰਜਾਬ ਮੇਲ)-** ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਵਿਚ 19 ਅਕਤੂਬਰ ਨੂੰ ਹੋ ਰਹੀਆਂ ਵਿਧਾਨ ਸਭਾ ਚੋਣਾਂ ਦੇ ਲਈ ਇਲੈਕਸ਼ਨ ਬੀ.ਸੀ. ਨੇ ਉਮੀਦਵਾਰਾਂ ਦੇ ਨਾਵਾਂ ਦੀ ਸੂਚੀ ਵੀ ਜਾਰੀ ਕਰ ਦਿੱਤੀ ਹੈ। ਇਸ ਸੂਚੀ ਅਨੁਸਾਰ 93 ਮੈਂਬਰੀ ਵਿਧਾਨ ਸਭਾ ਲਈ ਕੁੱਲ 323 ਉਮੀਦਵਾਰ ਚੋਣ ਮੈਦਾਨ ਵਿਚ ਹਨ। ਸੱਤਾਧਾਰੀ ਨਿਊ ਡੈਮੋਕਰੇਟਿਕ ਪਾਰਟੀ ਅਤੇ ਦੂਜੀ ਮੁੱਖ ਪਾਰਟੀ ਕੰਜ਼ਰਵੇਟਿਵ ਪਾਰਟੀ ਆਫ ਬੀ.ਸੀ. ਨੇ 93 ਦੀਆਂ 93 ਸੀਟਾਂ ਉੱਪਰ ਆਪਣੇ ਉਮੀਦਵਾਰ ਖੜ੍ਹੇ ਕੀਤੇ ਹਨ, ਗ੍ਰੀਨ ਪਾਰਟੀ 69 ਸੀਟਾਂ ਉੱਪਰ ਚੋਣ ਲੜ ਰਹੀ ਹੈ, ਕਮਿਊਨਿਸਟ ਪਾਰਟੀ ਆਫ ਬੀ.ਸੀ. ਦੇ 3, ਫਰੀਡਮ ਪਾਰਟੀ ਆਫ ਬੀ.ਸੀ. ਦੇ 5, ਕ੍ਰਿਸ਼ਚੀਅਨ ਹੈਰੀਟੇਜ ਪਾਰਟੀ ਆਫ ਬੀ.ਸੀ. ਦੇ 2 ਅਤੇ 54 ਆਜ਼ਾਦ ਜਾਂ ਗ਼ੈਰ-ਸੰਬੰਧਿਤ ਉਮੀਦਵਾਰ ਵਿਧਾਇਕ ਬਣਨ ਦੇ ਲਈ ਆਪਣੀ ਕਿਸਮਤ ਅਜ਼ਮਾ ਰਹੇ ਹਨ। ■ **ਬਾਕੀ ਖਬਰ ਸਫਾ 17 'ਤੇ**




## ਕੈਨੇਡਾ ਦਾ ਜਾਅਲੀ ਵੀਜ਼ਾ ਦੇਣ ਦੇ ਦੋਸ਼ ਹੇਠ ਚਾਰ ਟਰੈਵਲ ਏਜੰਟ ਗ੍ਰਿਫ਼ਤਾਰ



**ਨਵੀਂ ਦਿੱਲੀ, (ਪੰਜਾਬ ਮੇਲ)-** ਦਿੱਲੀ ਪੁਲਿਸ ਵੱਲੋਂ ਕੈਨੇਡਾ ਦਾ ਜਾਅਲੀ ਵੀਜ਼ਾ ਦੇ ਕੇ ਲੋਕਾਂ ਨੂੰ ਠੱਗਣ ਵਾਲੇ ਗਰੋਹ ਦਾ ਪਰਦਾਫਾਸ਼ ਕਰਨ ਦਾ ਦਾਅਵਾ ਕਰਦੇ ਹੋਏ ਦੋ ਔਰਤਾਂ ਸਣੇ ਚਾਰ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਮੁਲਜ਼ਮਾਂ ਦੀ ਪਛਾਣ ਗੌਰਵ (28), ਨਿਤਿਨ ਸ਼ਰਮਾ (33), ਸਰਬਜੀਤ ਕੌਰ (29) ਅਤੇ ਗਗਨਦੀਪ ਕੌਰ (32) ਵਜੋਂ ਹੋਈ ਹੈ। ਪੁਲਿਸ ਨੇ ਦੱਸਿਆ ਕਿ 28 ਸਤੰਬਰ ਨੂੰ ਕੁਲਦੀਪ (21) ਨਾਮ ਦਾ ਇਕ ਵਿਅਕਤੀ ਇੰਦਰਾ ਗਾਂਧੀ ਕੌਮਾਂਤਰੀ ਹਵਾਈ ਅੱਡੇ 'ਤੇ ਪੁੱਜਿਆ ਸੀ। ਉਸ ਕੋਲ ਭਾਰਤੀ ਪਾਸਪੋਰਟ ਸੀ ਅਤੇ ਉਹ ਕੈਨੇਡਾ ਲਈ ਰਵਾਨਾ ਹੋਣ ਵਾਲਾ ਸੀ। ਉਸ ਤੋਂ ਪਹਿਲਾਂ ਦਸਤਾਵੇਜ਼ਾਂ ਦੀ ਕੀਤੀ ਗਈ ਜਾਂਚ ਦੌਰਾਨ ਉਸ ਦੇ ਪਾਸਪੋਰਟ 'ਤੇ ਕੈਨੇਡਾ ਦਾ ਜਾਅਲੀ ਵਿਜ਼ਟਰ ਵੀਜ਼ਾ ਲੱਗਿਆ ਪਾਇਆ ਗਿਆ। ਕੁਲਦੀਪ ਨੇ ਖੁਲਾਸਾ ਕੀਤਾ ਕਿ ਉਹ ਆਪਣੇ ਸਾਂਝੇ ਦੋਸਤ ਰਾਹੀਂ ਸੰਦੀਪ ਨਾਮ ਦੇ ਏਜੰਟ ਨੂੰ ਮਿਲਿਆ ਸੀ। ਸੰਦੀਪ ਨੇ 18 ਲੱਖ ਰੁਪਏ ਵਿਚ ਉਸ ਨੂੰ ਕੈਨੇਡਾ ਦਾ ਵਿਜ਼ਟਰ ਵੀਜ਼ਾ ਲਗਵਾਉਣ ਅਤੇ ਉਸ ਲਈ ਕੈਨੇਡਾ ਵਿਚ ਇਕ ਨੌਕਰੀ ਦਾ ਪ੍ਰਬੰਧ ਕਰਨ ਭਰੋਸਾ ਦਿੱਤਾ ਸੀ। ਕੁਲਦੀਪ ਨੇ ਏਜੰਟ ਨੂੰ ਐਡਵਾਂਸ ਵਜੋਂ ਪੰਜ ਲੱਖ ਰੁਪਏ ਦੇ ਦਿੱਤੇ ਸਨ ਅਤੇ ਬਾਕੀ ਰਕਮ ਕੈਨੇਡਾ ਪੁੱਜਣ 'ਤੇ ਦੇਣ ਦਾ ਫੈਸਲਾ ਹੋਇਆ ਸੀ। ਸੰਦੀਪ ਨੂੰ ਹਰਿਆਣਾ ਦੇ ਕੈਥਲ ਤੋਂ ਕਾਬੂ ਕੀਤਾ ਗਿਆ ਸੀ। ਉਸ ਦੇ ਸਾਥੀਆਂ ਗੌਰਵ, ਨਿਤਿਨ, ਸਰਬਜੀਤ ਕੌਰ ਤੇ ਗਗਨਦੀਪ ਕੌਰ ਦੀ ਵੀ ਮਾਮਲੇ ਵਿਚ ਸ਼ਮੂਲੀਅਤ ਸਾਹਮਣੇ ਆਈ।" ਪੁੱਛ ਪੜਤਾਲ ਦੌਰਾਨ ਜਾਂਚ ਟੀਮ ਨੂੰ ਇਹ ਵੀ ਪਤਾ ਲੱਗਾ ਕਿ ਸਰਬਜੀਤ ਤੇ ਸਿਮਰਨਪ੍ਰੀਤ ਕੈਨੇਡਾ ਦਾ ਵੀਜ਼ਾ ਲਗਵਾ ਕੇ ਦੇਣ ਦੀ ਗਾਰੰਟੀ ਦੇ ਦਾਅਵਿਆਂ ਵਾਲੀਆਂ ਵੀਡੀਓਜ਼ ਆਪਣੇ ਆਪਣੇ ਸੋਸ਼ਲ ਮੀਡੀਆ ਖਾਤਿਆਂ 'ਤੇ ਪਾਉਂਦੀਆਂ ਸਨ।

**ਵਿਧਾਨ ਸਭਾ ਚੋਣ ਨਤੀਜੇ 2024**


## ਹਰਿਆਣਾ ਵਿਧਾਨ ਸਭਾ ਚੋਣਾਂ ਦੇ ਹੈਰਾਨੀਜਨਕ ਨਤੀਜੇ

■ **ਹਾਰ ਦੇ ਬਾਵਜੂਦ ਕਾਂਗਰਸ ਜਿੱਤੀ, ਇਸ ਮਾਮਲੇ 'ਚ ਭਾਜਪਾ ਤੋਂ ਅੱਗੇ**

**ਚੰਡੀਗੜ੍ਹ, (ਪੰਜਾਬ ਮੇਲ)-** ਹਰਿਆਣਾ ਵਿਚ ਹੋਈਆਂ ਵਿਧਾਨ ਸਭਾ ਚੋਣਾਂ ਦੇ ਨਤੀਜੇ ਆ ਗਏ ਹਨ। ਇੱਕ ਵਾਰ ਫਿਰ ਭਾਜਪਾ ਦੀ ਸਰਕਾਰ ਬਣਨ ਜਾ ਰਹੀ ਹੈ। ਇਸ ਵਾਰ ਭਾਜਪਾ ਅਤੇ ਕਾਂਗਰਸ ਦਾ ਵੋਟ ਪ੍ਰਤੀਸ਼ਤ ਲਗਭਗ ਬਰਾਬਰ ਰਿਹਾ। ਹਾਲਾਂਕਿ ਭਾਜਪਾ ਨੇ ਸਰਕਾਰ ਬਣਾਉਣ ਲਈ ਬਹੁਮਤ ਹਾਸਲ ਕਰ ਲਿਆ ਹੈ। ਵਿਧਾਨ ਸਭਾ ਚੋਣਾਂ 'ਚ ਭਾਜਪਾ ਨੂੰ 39.94 ਫੀਸਦੀ ਵੋਟਾਂ ਮਿਲੀਆਂ, ਜਦਕਿ ਕਾਂਗਰਸ ਨੂੰ 39.09 ਫੀਸਦੀ ਵੋਟਾਂ ਮਿਲੀਆਂ। ਪਿਛਲੀਆਂ ਵਿਧਾਨ ਸਭਾ ਚੋਣਾਂ ਦੇ ਮੁਕਾਬਲੇ ਇਸ ਵਾਰ ਦੋਵਾਂ ਪਾਰਟੀਆਂ ਨੂੰ ਵੱਧ ਵੋਟਾਂ ਮਿਲੀਆਂ, ਪਰ ਕਾਂਗਰਸ ਨੂੰ 11 ਫ਼ੀਸਦੀ ਦਾ ਵਾਧਾ ਮਿਲਿਆ, ਜੋ ਕਿ ਭਾਜਪਾ ਦੇ ਤਿੰਨ ਫ਼ੀਸਦੀ ਵਾਧੇ ਤੋਂ ਕਿਤੇ ਵੱਧ ਹੈ।

2019 ਦੀਆਂ ਵਿਧਾਨ ਸਭਾ ਚੋਣਾਂ ਵਿਚ, ਜਦੋਂ ਭਾਜਪਾ ਨੇ 90 ਵਿਚੋਂ 40 ਸੀਟਾਂ ਜਿੱਤੀਆਂ ਸਨ, ਤਾਂ ਉਸਦੀ ਵੋਟ ਪ੍ਰਤੀਸ਼ਤਤਾ 36.49 ਪ੍ਰਤੀਸ਼ਤ ਸੀ।

■ **ਬਾਕੀ ਖਬਰ ਸਫਾ 17 'ਤੇ**




## ਜੰਮੂ ਕਸ਼ਮੀਰ 'ਚ 10 ਸਾਲਾਂ ਬਾਅਦ ਬਣੇਗੀ ਸਰਕਾਰ

■ **ਨੈਸ਼ਨਲ ਕਾਨਫਰੰਸ-ਕਾਂਗਰਸ ਗੱਠਜੋੜ ਨੇ 90 ਸੀਟਾਂ 'ਚੋਂ 48 ਸੀਟਾਂ 'ਤੇ ਜਿੱਤ ਦਰਜ ਕੀਤੀ**

**ਜੰਮੂ/ਸ੍ਰੀਨਗਰ, (ਪੰਜਾਬ ਮੇਲ)-** ਨੈਸ਼ਨਲ ਕਾਨਫਰੰਸ-ਕਾਂਗਰਸ ਗੱਠਜੋੜ ਨੇ ਜੰਮੂ ਕਸ਼ਮੀਰ ਅਸੈਂਬਲੀ ਦੀਆਂ 90 ਸੀਟਾਂ ਲਈ ਐਲਾਨੇ ਨਤੀਜਿਆਂ ਵਿਚ 48 ਸੀਟਾਂ 'ਤੇ ਜਿੱਤ ਦਰਜ ਕੀਤੀ ਹੈ। ਫ਼ਾਰੂਕ ਅਬਦੁੱਲਾ ਦੀ ਅਗਵਾਈ ਵਾਲੀ ਪਾਰਟੀ 42 ਸੀਟਾਂ ਜਿੱਤ ਕੇ ਕੇਂਦਰ ਸ਼ਾਸਿਤ ਪ੍ਰਦੇਸ਼ ਵਿਚ ਸਭ ਤੋਂ ਵੱਡੀ ਇਕਹਿਰੀ ਪਾਰਟੀ ਵਜੋਂ ਉਭਰੀ ਹੈ। ਸਾਬਕਾ ਮੁੱਖ ਮੰਤਰੀ ਉਮਰ ਅਬਦੁੱਲਾ ਗੰਦਰਬਲ ਤੇ ਬਡਗਾਮ ਦੋਵਾਂ ਹਲਕਿਆਂ ਤੋਂ ਚੋਣ ਜਿੱਤ ਗਏ। ਕਾਂਗਰਸ ਦੇ ਹਿੱਸੇ 6 ਸੀਟਾਂ ਆਈਆਂ, ਜਿਨ੍ਹਾਂ ਵਿਚੋਂ ਪੰਜ ਵਾਦੀ ਤੇ ਇਕ ਸੀਟ ਜੰਮੂ ਖਿੱਤੇ ਦੀ ਹੈ। ਉਧਰ ਜੰਮੂ ਕਸ਼ਮੀਰ ਭਾਜਪਾ ਦੇ ਪ੍ਰਧਾਨ ਰਵਿੰਦਰ ਰੈਨਾ ਨੌਸ਼ਹਿਰਾ ਹਲਕੇ ਤੋਂ ਚੋਣ ਹਾਰ ਗਏ ਪਰ ਭਾਜਪਾ 29 ਸੀਟਾਂ ਨਾਲ ਜੰਮੂ ਦੇ ਆਪਣੇ ਮਜ਼ਬੂਤ ਗੜ੍ਹ ਨੂੰ ਬਚਾਉਣ 'ਚ ਕਾਮਯਾਬ ਰਹੀ ਹੈ। ਸਾਬਕਾ ਮੁੱਖ ਮੰਤਰੀ ਮਹਿਬੂਬਾ ਮੁਫ਼ਤੀ ਦੀ ਅਗਵਾਈ ਵਾਲੀ ਪੀ.ਡੀ.ਪੀ. ਨੇ ਤਿੰਨ ਸੀਟਾਂ ਜਿੱਤੀਆਂ।

■ **ਬਾਕੀ ਖਬਰ ਸਫਾ 17 'ਤੇ**

# ਟਰੰਪ ਅਤੇ ਜੇ.ਡੀ. ਵੈਂਸ ’ਤੇ ਬੇਬੁਨਿਆਦ ਟਿੱਪਣੀ ਕਰਨ ’ਤੇ ਮੁਕੱਦਮਾ

**ਵਾਸ਼ਿੰਗਟਨ, (ਰਾਜ ਗੋਗਨਾ/ ਪੰਜਾਬ ਮੇਲ)**- ਬੀਤੇ ਦਿਨੀਂ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਕੀਤੀਆਂ ਲਾਪ੍ਰਵਾਹੀ ਵਾਲੀਆਂ ਟਿੱਪਣੀਆਂ ਉਨ੍ਹਾਂ ਨੂੰ ਹੀ ਪਰੇਸ਼ਾਨ ਕਰ ਰਹੀਆਂ ਹਨ। ਇੱਕ ਭਾਰਤੀ-ਅਮਰੀਕੀ ਵਕੀਲ ਇਸ ਲੜਾਈ ਵਿਚ ਸਭ ਤੋਂ ਅੱਗੇ ਆਇਆ ਹੈ। ਓਹਾਇਓ ਸੂਬੇ ਵਿਚ ਬਿਨਾਂ ਕਿਸੇ ਸਬੂਤ ਦੇ ਗ਼ਲਤ ਦਾਅਵਾ ਕਰਨ ਵਾਲੇ ਡੋਨਾਲਡ ਟਰੰਪ ਅਤੇ ਉਪ-ਰਾਸ਼ਟਰਪਤੀ ਦੇ ਅਹੁਦੇ ਦੇ ਦਾਅਵੇਦਾਰ ਜੇ.ਡੀ. ਵੈਂਸ ਵਿਰੁੱਧ ਮੁਕੱਦਮਾ ਦਾਇਰ ਕੀਤਾ ਗਿਆ ਹੈ। ਕਮਲਾ ਹੈਰਿਸ ਖ਼ਿਲਾਫ਼ ਰਾਸ਼ਟਰਪਤੀ ਦੀ ਬਹਿਸ ਦੌਰਾਨ, ਟਰੰਪ ਨੂੰ ਮੇਜ਼ਬਾਨਾਂ ਦੁਆਰਾ ਮੌਕੇ ’ਤੇ ਉਨ੍ਹਾਂ ਦੇ ਝੂਠ ਲਈ ਵਾਰ-ਵਾਰ ਬੁਲਾਇਆ ਗਿਆ। ਜਿਨ੍ਹਾਂ ਵਿਚੋਂ ਇੱਕ ਹੈਤੀਆਈ ਭਾਈਚਾਰੇ ਵੱਲੋਂ



ਆਪਣੇ ਪਾਲਤੂ ਜਾਨਵਰਾਂ ਬਿੱਲੀਆਂ, ਚੂਹਿਆਂ ਨੂੰ ਖਾਣ ਬਾਰੇ ਇੱਕ ਅਸੰਵੇਦਨਸ਼ੀਲ ਅਤੇ ਬੇਬੁਨਿਆਦ ਟਿੱਪਣੀ ਕੀਤੀ ਗਈ ਸੀ।

ਟਰੰਪ ਨੇ ਪਿਛਲੇ ਸਮੇਂ ਵਿਚ ਵੀ ਭਾਈਚਾਰੇ ਨੂੰ ਨਿਸ਼ਾਨਾ ਬਣਾਇਆ ਸੀ, ਜਦੋਂ ਉਹ ਰਾਸ਼ਟਰਪਤੀ ਸੀ, ਗ਼ਲਤ ਜਾਣਕਾਰੀ ਫੈਲਾ ਰਿਹਾ ਸੀ। ਟਰੰਪ ਦਾ ਹੈਤੀਆਈ ਲੋਕਾਂ ਵਿਰੁੱਧ ਲੰਬੇ ਸਮੇਂ ਤੋਂ ਚੱਲ ਰਹੇ ਅੜੀਅਲ ਰਵੱਈਏ ਦਾ ਇਹ ਨਤੀਜਾ ਹੈ। ਸਾਬਕਾ ਰਾਸ਼ਟਰਪਤੀ ਟਰੰਪ ਨੂੰ ਹੁਣ ਅਜਿਹੇ ਨਸਲਵਾਦੀ ਵਿਚਾਰਾਂ ਦਾ ਪ੍ਰਚਾਰ ਕਰਨ ਲਈ ਅਦਾਲਤ ਵਿਚ ਘਸੀਟਿਆ ਜਾ ਰਿਹਾ ਹੈ। ਭਾਈਚਾਰੇ ਦੀ ਨੁਮਾਇੰਦਗੀ ਕਰਨ ਵਾਲੀ ਇੱਕ ਗੈਰ-ਲਾਭਕਾਰੀ ਸੰਸਥਾ ਹੈਤੀਅਨ ਬ੍ਰਿਜ ਅਲਾਇੰਸ ਨੇ ਆਪਣੀ ਲੜਾਈ ਲੜਨ ਲਈ ਭਾਰਤੀ-ਅਮਰੀਕੀ ਵਕੀਲ ਸੁਬੋਧ ਚੰਦਰਾ ਨੂੰ ਨਿਯੁਕਤ ਕੀਤਾ ਹੈ। ਟਰੰਪ ਅਤੇ ਉਨ੍ਹਾਂ ਦੇ ਉਪ-ਰਾਸ਼ਟਰਪਤੀ ਦੇ ਦਾਅਵੇਦਾਰ ਜੇ.ਡੀ. ਵੈਂਸ ਨੂੰ ਕਈ ਦੋਸ਼ਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜਿਸਦਾ ਉਨ੍ਹਾਂ ਨੂੰ ਕਲਾਰਕ ਕਾਊਂਟੀ ਮਿਉਂਸਪਲ ਕੋਰਟ ਵਿਚ ਬਚਾਅ ਕਰਨਾ ਪਵੇਗਾ। ਇਹ ਘਟਨਾ ਪ੍ਰਵਾਸੀ ਭਾਈਚਾਰਿਆਂ ਵਿਰੁੱਧ ਆਪਣੇ ਹਮਲਿਆਂ ਲਈ ਮੁਸੀਬਤ ਵਿਚ ਫਸਣ ਵਾਲੇ ਰਿਪਬਲਿਕਨਾਂ ਦੀ ਸੂਚੀ ਵਿਚ ਵਾਧਾ ਕਰਦੀ ਹੈ। ਵਕੀਲ ਸੁਬੋਧ ਚੰਦਰ ਦਾ ਡੈਮੋਕ੍ਰੇਟਿਕ ਪਾਰਟੀ ਨਾਲ ਵੀ ਮਜ਼ਬੂਤ ਸਬੰਧ ਹੈ। ਪਰ ਉਨ੍ਹਾਂ ਇਸ ਗੱਲ ਤੋਂ ਇਨਕਾਰ ਕੀਤਾ ਕਿ ਇਸ ਦਾ ਉਨ੍ਹਾਂ ’ਤੇ ਇਹ ਕੇਸ ਚੁੱਕਣ ’ਤੇ ਕੋਈ ਵੀ ਅਸਰ ਨਹੀਂ ਪਿਆ ਹੈ। ਮੁਕੱਦਮਾ ਚੋਣਾਂ ਦੇ ਇੰਨੇ ਨੇੜੇ ਟਰੰਪ ਦੇ ਗਲੇ ਵਿਚ ਫਸੀ ਹੱਡੀ ਵਰਗਾ ਹੋ ਸਕਦਾ ਹੈ।

# ਅਮਰੀਕਾ ਦੇ ਦੋ ਵਿਗਿਆਨੀਆਂ ਨੂੰ ਮੈਡੀਸਿਨ ਲਈ ਨੋਬੇਲ ਪੁਰਸਕਾਰ

**ਸਟਾਕਹੋਮ, (ਪੰਜਾਬ ਮੇਲ)**- ਮਾਈਕਰੋ ਆਰ.ਐੱਨ.ਏ. ਦੀ ਖੋਜ ਲਈ ਅਮਰੀਕਾ ਦੇ ਦੋ ਵਿਗਿਆਨੀਆਂ ਵਿਕਟਰ ਐਂਬਰੋਸ ਤੇ ਗੈਰੀ ਰੁਵਕੁਨ ਨੂੰ ਮੈਡੀਸਿਨ ਦਾ ਨੋਬੇਲ ਪੁਰਸਕਾਰ ਦਿੱਤੇ ਜਾਣ ਦਾ ਐਲਾਨ ਕੀਤਾ ਗਿਆ ਹੈ। ਨੋਬੇਲ ਅਸੈਂਬਲੀ ਨੇ ਕਿਹਾ ਕਿ ਇਨ੍ਹਾਂ ਵਿਗਿਆਨੀਆਂ ਦੀ ਖੋਜ ਜੀਵਾਂ ਦੇ ਵਿਕਾਸ ਤੇ ਕਾਰਜਪ੍ਰਣਾਲੀ ਲਈ ਬੁਨਿਆਦੀ ਤੌਰ ’ਤੇ ਅਹਿਮ ਸਾਬਤ ਹੋ ਰਹੀ ਹੈ। ਨੋਬੇਲ ਕਮੇਟੀ ਦੇ ਜਨਰਲ ਸਕੱਤਰ ਥੌਮਸ ਪਰਲਮੈਨ ਨੇ ਕਿਹਾ ਕਿ ਐਂਬਰੋਸ ਨੇ ਹਾਰਵਰਡ ਯੂਨੀਵਰਸਿਟੀ ’ਚ ਇਹ ਖੋਜ ਕੀਤੀ, ਜਿਸ ਕਾਰਨ ਉਨ੍ਹਾਂ ਨੂੰ ਇਹ



**ਵਿਕਟਰ ਐਂਬਰੋਸ, ਗੈਰੀ ਰੁਵਕੁਨ**

ਪੁਰਸਕਾਰ ਦਿੱਤਾ ਜਾਵੇਗਾ। ਉਹ ਮੌਜੂਦਾ ਸਮੇਂ ਯੂਨੀਵਰਸਿਟੀ ਆਫ ਮੈਸਾਚੁਸੈਟਸ ਮੈਡੀਕਲ ਸਕੂਲ ’ਚ ਕੁਦਰਤ ਵਿਗਿਆਨ ਦੇ ਪ੍ਰੋਫੈਸਰ ਹਨ। ਰੁਵਕੁਨ ਦੀ ਖੋਜ ਮੈਸਾਚੁਸੈਟਸ ਜਨਰਲ ਹਸਪਤਾਲ ਤੇ ਹਾਰਵਰਡ ਮੈਡੀਕਲ ਸਕੂਲ ’ਚ ਕੀਤੀ ਗਈ, ਜਿੱਥੇ ਉਹ ਜੈਨੇਟਿਕਸ ਦੇ ਪ੍ਰੋਫੈਸਰ ਹਨ। ਪਰਲਮੈਨ ਨੇ ਦੱਸਿਆ ਕਿ ਉਨ੍ਹਾਂ ਐਲਾਨ ਤੋਂ ਕੁਝ ਸਮਾਂ ਪਹਿਲਾਂ ਫੋਨ ’ਤੇ ਰੁਵਕੁਨ ਨਾਲ ਗੱਲਬਾਤ ਕੀਤੀ। ਪਿਛਲੇ ਸਾਲ ਫਿਜ਼ੀਆਲੌਜੀ ਜਾਂ ਮੈਡੀਕਲ ਖੇਤਰ ’ਚ ਨੋਬੇਲ ਪੁਰਸਕਾਰ ਹੰਗਰਿਆਈ-ਅਮਰੀਕੀ ਨਾਗਰਿਕ ਕੈਟਾਲਿਨ ਕਾਰਿਕੋ ਤੇ ਅਮਰੀਕੀ ਨਾਗਰਿਕ ਡਰੂ ਵੀਸਮੈਨ ਉਨ੍ਹਾਂ ਖੋਜਾਂ ਲਈ ਦਿੱਤਾ ਗਿਆ ਸੀ, ਜਿਨ੍ਹਾਂ ਨੇ ਕੋਵਿਡ-19 ਖ਼ਿਲਾਫ਼ ਐੱਮ.ਆਰ.ਐੱਨ.ਏ. ਟੀਕਾ ਵਿਕਸਿਤ ਕਰਨ ’ਚ ਮਦਦ ਕੀਤੀ ਸੀ।

# ਅਮਰੀਕੀ ਰਾਸ਼ਟਰਪਤੀ ਚੋਣਾਂ ’ਚ ਸੁਨੀਤਾ ਵਿਲੀਅਮਸ ਪੁਲਾੜ ਤੋਂ ਪਾਵੇਗੀ ਵੋਟ !

**ਵਾਸ਼ਿੰਗਟਨ, (ਪੰਜਾਬ ਮੇਲ)**- ਭਾਰਤੀ ਮੂਲ ਦੀ ਸੁਨੀਤਾ ਵਿਲੀਅਮਸ ਇੱਕ ਹੋਰ ਇਤਿਹਾਸ ਰਚਣ ਲਈ ਤਿਆਰ ਹੈ। ਉਹ ਆਪਣੇ ਸਾਥੀ ਬੁਚ ਵਿਲਮੋਰ ਨਾਲ ਕਈ ਮਹੀਨਿਆਂ ਤੋਂ ਪੁਲਾੜ ਵਿਚ ਫਸੀ ਹੋਈ ਹੈ। ਅਜਿਹੇ ’ਚ ਉਨ੍ਹਾਂ ਨੇ 5 ਨਵੰਬਰ ਨੂੰ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ ’ਚ ਆਪਣਾ ਯੋਗਦਾਨ ਪਾਉਣ ਦੀ ਇੱਛਾ ਜ਼ਾਹਰ ਕੀਤੀ ਹੈ। ਉਹ ਇੰਟਰਨੈਸ਼ਨਲ ਸਪੇਸ ਸਟੇਸ਼ਨ (ਆਈ.ਐੱਸ.ਐੱਸ.) ਤੋਂ ਵੋਟ ਪਾ ਕੇ ਇਤਿਹਾਸ ਰਚੇਗੀ।




ਵਿਲੀਅਮਸ ਇਸ ਸਮੇਂ ਆਈ.ਐੱਸ.ਐੱਸ. ਦੇ ਕਮਾਂਡਰ ਵਜੋਂ ਸੇਵਾ ਨਿਭਾ ਰਹੀ ਹੈ। ਉਹ ਧਰਤੀ ਦੀ ਸਤ੍ਹਾ ਤੋਂ ਲਗਭਗ 400 ਕਿਲੋਮੀਟਰ ਦੀ ਉਚਾਈ ’ਤੇ ਰਹਿੰਦੇ ਹੋਏ ਆਪਣੇ ਜਮਹੂਰੀ ਅਧਿਕਾਰਾਂ ਦੀ ਵਰਤੋਂ ਕਰੇਗੀ। ਪੁਲਾੜ ਕੇਂਦਰ ਤੋਂ ਵੋਟਿੰਗ ਕੋਈ ਨਵੀਂ ਗੱਲ ਨਹੀਂ ਹੈ। ਨਾਸਾ ਦੇ ਪੁਲਾੜ ਯਾਤਰੀ 1997 ਤੋਂ ਆਪਣੇ ਦੇਸ਼ ਦਾ ਨੇਤਾ ਚੁਣਨ ਲਈ ਵੋਟਿੰਗ ਕਰ ਰਹੇ ਹਨ। ਫਿਰ ਟੈਕਸਾਸ ਵਿਧਾਨ ਸਭਾ ਨੇ ਇੱਕ ਬਿੱਲ ਪਾਸ ਕੀਤਾ, ਜਿਸ ਨਾਲ ਨਾਸਾ ਦੇ ਪੁਲਾੜ ਯਾਤਰੀਆਂ ਨੂੰ ਔਰਬਿਟ ਤੋਂ ਵੋਟ ਪਾਉਣ ਦੀ ਇਜਾਜ਼ਤ ਦਿੱਤੀ ਗਈ। ਹੁਣ ਨਾਸਾ ਦੀ ਪੁਲਾੜ ਯਾਤਰੀ ਸੁਨੀਤਾ ਵੀ ਪੁਲਾੜ ਆਧਾਰਿਤ ਵੋਟਰਾਂ ਦੇ ਚੁਣੇ ਹੋਏ ਸਮੂਹ ਵਿਚ ਸ਼ਾਮਲ ਹੋਵੇਗੀ। ਦੱਸ ਦੇਈਏ ਕਿ ਡੇਵਿਡ ਵੁਲਫ ਨੇ ਮੀਰ ਸਪੇਸ ਸਟੇਸ਼ਨ ’ਤੇ ਰਹਿੰਦਿਆਂ ਸਭ ਤੋਂ ਪਹਿਲਾਂ ਵੋਟਿੰਗ ਕੀਤੀ ਸੀ। ਉਸ ਤੋਂ ਬਾਅਦ, ਹਾਲ ਹੀ ਵਿਚ 2020 ਦੀਆਂ ਚੋਣਾਂ ਦੌਰਾਨ, ਕੇਟ ਰੁਬਿਨਸ ਨੇ ਆਈ.ਐੱਸ.ਐੱਸ. ਤੋਂ ਵੋਟ ਪਾਈ।

ਆਪਣੀ ਵੋਟ ਪਾਉਣ ਲਈ, ਵਿਲੀਅਮਸ ਇੱਕ ਪ੍ਰਕਿਰਿਆ ਦਾ ਪਾਲਣ ਕਰੇਗੀ, ਜਿਸਦੀ ਵਰਤੋਂ ਦੂਜੇ ਅਮਰੀਕੀ ਨਾਗਰਿਕਾਂ ਦੁਆਰਾ ਵਿਦੇਸ਼ਾਂ ਤੋਂ ਵੋਟ ਪਾਉਣ ਲਈ ਕੀਤੀ ਜਾਂਦੀ ਹੈ। ਪ੍ਰਯੋਗਸ਼ਾਲਾ ਤੋਂ ਪੁਲਾੜ ਕੇਂਦਰ ਵਿਚ ਬੈਠੇ ਪੁਲਾੜ ਯਾਤਰੀ ਇਲੈਕਟ੍ਰਾਨਿਕ ਬੈਲਟ ਦੀ ਮਦਦ ਨਾਲ ਵੋਟ ਪਾਉਂਦੇ ਹਨ। ਸੈਟੇਲਾਈਟ ਫ੍ਰੀਕੁਐਂਸੀ ਦੀ ਮਦਦ ਨਾਲ ਇਲੈਕਟ੍ਰਾਨਿਕ ਬੈਲਟ ਪੁਲਾੜ ਸਟੇਸ਼ਨ ’ਤੇ ਭੇਜੇ ਜਾਣਗੇ ਅਤੇ ਫਿਰ ਪੁਲਾੜ ਯਾਤਰੀ ਆਪਣੀ ਵੋਟ ਪਾਉਣਗੇ। ਵੋਟਿੰਗ ਤੋਂ ਬਾਅਦ, ਇਲੈਕਟ੍ਰਾਨਿਕ ਬੈਲਟ ਧਰਤੀ ’ਤੇ ਵਾਪਸ ਭੇਜੇ ਜਾਂਦੇ ਹਨ। ਤੁਹਾਡੀ ਜਾਣਕਾਰੀ ਲਈ ਦੱਸ ਦਈਏ ਕਿ ਇਸ ਸਾਲ ਅਮਰੀਕਾ ਵਿਚ 5 ਨਵੰਬਰ ਨੂੰ ਰਾਸ਼ਟਰਪਤੀ ਚੋਣਾਂ ਹੋਣੀਆਂ ਹਨ। ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਰਿਪਬਲਿਕਨ ਪੱਖ ਤੋਂ ਚੋਣ ਮੈਦਾਨ ਵਿਚ ਹਨ। ਜਦਕਿ ਡੈਮੋਕ੍ਰੇਟਸ ਦੀ ਤਰਫੋਂ ਉਪ ਪ੍ਰਧਾਨ ਕਮਲਾ ਹੈਰਿਸ ਚੋਣ ਦੌੜ ਵਿਚ ਹਨ।



# ਕਾਨੂੰਨੀ ਇਮੀਗ੍ਰੇਸ਼ਨ ਦਾ ਵਿਰੋਧ ਨਾ ਕਰਨ ਵਾਲੇ ਟਰੰਪ ਨੇ ਵੀ ਬਦਲੇ ਸੁਰ!

**■ ਅਮਰੀਕਾ ਆਉਣ ਵਾਲੇ ਕਾਨੂੰਨੀ ਅਤੇ ਗੈਰ ਕਾਨੂੰਨੀ ਪ੍ਰਵਾਸੀਆਂ ਨੂੰ ਰੋਕਣਾ ਚਾਹੁੰਦਾ ਹੈ ਟਰੰਪ**



ਵਾਸ਼ਿੰਗਟਨ, (ਰਾਜ ਗੋਗਨਾ/ ਪੰਜਾਬ ਮੇਲ)- ਡੌਨਾਲਡ ਟਰੰਪ ਦੇ 2016 'ਚ ਸੱਤਾ 'ਚ ਆਉਣ ਮਗਰੋਂ ਗੈਰ-ਕਾਨੂੰਨੀ ਪ੍ਰਵਾਸੀਆਂ ਦੇ ਮੁੱਦੇ 'ਤੇ ਬਹੁਤ ਹੀ ਅਹਿਮ ਭੂਮਿਕਾ ਨਿਭਾਈ ਸੀ। ਟਰੰਪ ਹੁਣ ਫਿਰ ਤੋਂ ਉਹ ਚੋਣ ਲੜ ਰਹੇ ਹਨ। ਅਤੇ ਇਸ ਵਾਰ ਵੀ ਉਨ੍ਹਾਂ ਨੇ ਜ਼ੋਰਦਾਰ ਢੰਗ ਨਾਲ ਇਹ ਮੁੱਦਾ ਚੁੱਕਿਆ ਹੈ। ਹਾਲਾਂਕਿ ਹੁਣ ਤੱਕ ਕਾਨੂੰਨੀ ਇਮੀਗ੍ਰੇਸ਼ਨ ਦਾ ਵਿਰੋਧ ਨਾ ਕਰਨ ਦੀ ਗੱਲ ਕਹਿਣ ਵਾਲੇ ਟਰੰਪ ਨੇ ਆਪਣਾ ਸੁਰ ਵੀ ਬਦਲ ਲਿਆ ਹੈ। ਹਾਲ ਹੀ ਵਿਚ ਸਾਬਕਾ ਰਾਸ਼ਟਰਪਤੀ ਅਤੇ ਉਨ੍ਹਾਂ ਦੇ ਚੱਲ ਰਹੇ ਸਾਥੀ ਸੈਨੇਟਰ ਜੇ.ਡੀ. ਵੈਨਸ ਨੇ ਅਜਿਹੇ ਸੰਕੇਤ ਦਿੱਤੇ ਹਨ। ਜੋ ਕਾਨੂੰਨੀ ਤੌਰ 'ਤੇ ਅਮਰੀਕਾ ਜਾਣ ਦੀ ਇੱਛਾ ਰੱਖਣ ਵਾਲਿਆਂ ਵਿਚਾਲੇ ਤਣਾਅ ਵਧਾ ਸਕਦੇ ਹਨ। ਨਿਊਜ਼ਨੇਸ਼ਨ ਨਾਂ ਦੇ ਇਕ ਅਮਰੀਕੀ ਚੈਨਲ ਨੂੰ ਦਿੱਤੇ ਇੰਟਰਵਿਊ ਵਿਚ ਟਰੰਪ ਨੇ ਕਿਹਾ ਕਿ ਉਹ ਉਸ ਪ੍ਰੋਗਰਾਮ ਨੂੰ ਬੰਦ ਕਰ ਦੇਣਗੇ, ਜਿਸ ਨਾਲ ਹਜ਼ਾਰਾਂ ਹੈਤੀਆਈ ਪ੍ਰਵਾਸੀਆਂ ਨੂੰ ਅਮਰੀਕਾ ਵਿਚ ਦਾਖਲ ਹੋਣ ਦੀ ਇਜਾਜ਼ਤ ਦਿੱਤੀ ਗਈ ਸੀ।

ਜ਼ਿਕਰਯੋਗ ਹੈ ਕਿ ਹੈਤੀ ਤੋਂ ਆਏ ਪ੍ਰਵਾਸੀਆਂ ਦਾ ਜ਼ਿਕਰ ਕਰਦੇ ਹੋਏ ਟਰੰਪ ਨੇ ਕੁਝ ਦਿਨ ਪਹਿਲਾਂ ਇੱਕ ਝੂਠਾ ਦਾਅਵਾ ਕੀਤਾ ਸੀ ਕਿ ਇਹ ਲੋਕ ਅਮਰੀਕਾ ਆ ਕੇ ਕੁੱਤੇ-ਬਿੱਲੀਆਂ ਨੂੰ ਖਾ ਰਹੇ ਹਨ। ਟਰੰਪ ਦਾ ਇੰਟਰਵਿਊ ਬੀਤੇ ਹਫਤੇ ਬੁੱਧਵਾਰ ਰਾਤ ਨੂੰ ਪ੍ਰਸਾਰਿਤ ਕੀਤਾ ਗਿਆ ਸੀ, ਜੇ.ਡੀ. ਨਾਲ ਉਪ-ਰਾਸ਼ਟਰਪਤੀ ਦੀ ਬਹਿਸ ਤੋਂ ਇਕ ਦਿਨ ਪਹਿਲਾਂ ਵੈਂਸ ਨੇ ਕਿਹਾ ਕਿ ਜੇਕਰ ਟਰੰਪ ਸੱਤਾ 'ਚ ਆਉਂਦੇ ਹਨ ਤਾਂ ਉਹ ਉਸ ਪ੍ਰੋਗਰਾਮ ਨੂੰ ਵੀ ਖ਼ਤਮ ਕਰ ਦੇਣਗੇ, ਜੋ ਪ੍ਰਵਾਸੀਆਂ ਨੂੰ ਗੈਰ-ਕਾਨੂੰਨੀ ਤਰੀਕੇ ਨਾਲ ਅਮਰੀਕਾ ਆਉਣ ਅਤੇ ਸ਼ਰਣ ਲਈ ਅਰਜ਼ੀ ਦੇਣ ਦੀ ਇਜਾਜ਼ਤ ਦਿੰਦਾ ਹੈ। ਡੌਨਾਲਡ ਟਰੰਪ ਹੁਣ ਜਿਸ ਬਾਰੇ ਗੱਲ ਕਰ ਰਹੇ ਹਨ, ਉਸ ਦਾ ਮਤਲਬ ਇਹ ਵੀ ਹੈ ਕਿ ਉਹ ਕਾਨੂੰਨੀ ਅਤੇ ਗੈਰ-ਕਾਨੂੰਨੀ ਇਮੀਗ੍ਰੇਸ਼ਨ ਨੂੰ ਇੱਕੋ ਜਿਹਾ ਸਮਝਦਾ ਹੈ ਅਤੇ ਇਹ ਕਿ ਉਹ ਵਿਦੇਸ਼ਾਂ ਤੋਂ ਅਮਰੀਕਾ ਆਉਣ ਵਾਲੇ ਪ੍ਰਵਾਸੀਆਂ ਨੂੰ ਰੋਕਣਾ ਚਾਹੁੰਦਾ ਹੈ।

ਟਰੰਪ ਅਤੇ ਉਨ੍ਹਾਂ ਦੇ ਸਮਰਥਕਾਂ ਦੀ ਦਲੀਲ ਹੈ ਕਿ ਬਾਇਡਨ ਸਰਕਾਰ ਦੁਆਰਾ ਸ਼ੁਰੂ ਕੀਤੇ ਇਮੀਗ੍ਰੇਸ਼ਨ ਪ੍ਰੋਗਰਾਮਾਂ ਦੀ ਦੁਰਵਰਤੋਂ ਹੋ ਰਹੀ ਹੈ। ਅਤੇ ਇਸ ਕਾਰਨ ਉਹ ਲੋਕ ਅਮਰੀਕਾ ਆ ਰਹੇ ਹਨ, ਜਿਨ੍ਹਾਂ ਦੀ ਇੱਥੇ ਕੋਈ ਜ਼ਰੂਰਤ ਨਹੀਂ ਹੈ। ਟਰੰਪ ਦੇ ਅਹੁਦੇ 'ਤੇ ਰਹਿੰਦਿਆਂ, ਉਸ ਨੇ ਕੋਵਿਡ ਮਹਾਮਾਰੀ ਦੌਰਾਨ ਮੈਕਸੀਕੋ ਸਰਹੱਦ ਤੋਂ ਗੈਰ-ਕਾਨੂੰਨੀ ਕ੍ਰਾਸਿੰਗ ਨੂੰ ਰੋਕਣ ਲਈ ਸਖ਼ਤ ਕਾਨੂੰਨ ਲਾਗੂ ਕੀਤੇ। ਇਸ ਤੋਂ ਇਲਾਵਾ ਸ਼ਰਣ ਲੈਣ ਜਾਂ ਗ੍ਰੀਨ ਕਾਰਡ ਦੀ ਉਡੀਕ ਕਰਨ ਵਾਲੇ ਲੋਕਾਂ ਦੇ ਮਾਮਲਿਆਂ ਵਿਚ ਦੇਰੀ ਕੀਤੀ ਗਈ ਸੀ। ਇੱਕ ਪਾਸੇ ਡੌਨਾਲਡ ਟਰੰਪ ਵੱਡੇ ਪੱਧਰ 'ਤੇ ਦੇਸ਼ ਨਿਕਾਲੇ ਤੋਂ ਇਲਾਵਾ ਕਾਨੂੰਨੀ ਜਾਂ ਗੈਰ-ਕਾਨੂੰਨੀ ਤਰੀਕੇ ਨਾਲ ਅਮਰੀਕਾ 'ਚ ਸ਼ਰਨ ਲੈਣ ਵਾਲੇ ਲੋਕਾਂ ਨੂੰ ਘਰ ਦੇਣਾ ਚਾਹੁੰਦੇ ਹਨ, ਦੂਜੇ ਪਾਸੇ ਉਨ੍ਹਾਂ ਦੀ ਵਿਰੋਧੀ ਕਮਲਾ ਹੈਰਿਸ ਨੇ ਵੀ ਸਪੱਸ਼ਟ ਕਰ ਦਿੱਤਾ ਹੈ ਕਿ ਹੁਣ ਕਿਸੇ ਲਈ ਆਉਣਾ ਆਸਾਨ ਨਹੀਂ ਹੋਵੇਗਾ, ਉਹ ਵੀ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਆਉਣ ਵਾਲਿਆਂ ਲਈ।

ਅਮਰੀਕਾ ਵਿਚ ਜੂਨ 2024 ਵਿਚ ਬਾਇਡਨ ਪ੍ਰਸ਼ਾਸਨ ਨੇ ਮੈਕਸੀਕੋ ਦੀ ਸਰਹੱਦ ਪਾਰ ਕਰਨ ਵਾਲੇ ਲੋਕਾਂ ਲਈ ਸ਼ਰਣ ਦੇ ਦਾਅਵਿਆਂ ਨੂੰ ਮਨਜ਼ੂਰੀ ਦੇਣ ਲਈ ਨਿਯਮਾਂ ਨੂੰ ਹੁਣ ਸਖ਼ਤ ਕਰ ਦਿੱਤਾ ਹੈ। ਅਤੇ ਬਾਅਦ ਵਿਚ ਕੈਨੇਡੀਅਨ ਸਰਹੱਦ 'ਤੇ ਵੀ ਪਾਬੰਦੀਆਂ ਨੂੰ ਸਖ਼ਤ ਕਰ ਦਿੱਤਾ ਹੈ। ਹਾਲਾਂਕਿ ਕਮਲਾ ਹੈਰਿਸ ਸੱਤਾ 'ਚ ਆਉਣ 'ਤੇ ਸਾਲਾਂ ਤੋਂ ਬਿਨਾਂ ਕਿਸੇ ਰੁਤਬੇ ਦੇ ਅਮਰੀਕਾ 'ਚ ਰਹਿ ਰਹੇ ਲੋਕਾਂ ਨੂੰ ਕੁਝ ਰਾਹਤ ਮਿਲਣ ਦੀ ਸੰਭਾਵਨਾ ਹੈ ਪਰ ਟਰੰਪ ਖੁਦ ਸੱਤਾ 'ਚ ਆਉਣ 'ਤੇ ਅਜਿਹੇ ਸਾਰੇ ਲੋਕਾਂ ਨੂੰ ਅਮਰੀਕਾ ਤੋਂ ਡਿਪੋਰਟ ਕਰਨ ਦੇ ਹੱਕ 'ਚ ਹਨ। ਦੂਜੇ ਪਾਸੇ ਬਾਇਡਨ ਸਰਕਾਰ ਨੇ ਇੱਕ ਨਵਾਂ ਐਲਾਨ ਕਰਦਿਆਂ ਕਿਹਾ ਕਿ ਜਿਹੜੇ ਲੋਕ ਅਸਥਾਈ ਪ੍ਰਵੇਸ਼ ਪ੍ਰੋਗਰਾਮ ਦੇ ਤਹਿਤ ਆਏ ਹਨ, ਉਨ੍ਹਾਂ ਨੂੰ ਅਮਰੀਕਾ ਵਿਚ ਰਹਿਣ ਜਾਂ ਅਮਰੀਕਾ ਛੱਡਣ ਲਈ ਕੋਈ ਹੋਰ ਵਿਕਲਪ ਲੱਭਣਾ ਹੋਵੇਗਾ। ਬਾਇਡਨ ਪ੍ਰਸ਼ਾਸਨ ਨੇ ਦੇਸ਼ ਨਿਕਾਲੇ ਦੀਆਂ ਕਾਰਵਾਈਆਂ ਨੂੰ ਵੀ ਤੇਜ਼ ਕਰ ਦਿੱਤਾ ਹੈ, ਅਮਰੀਕਾ ਨੇ ਪਿਛਲੇ ਸਾਲ ਦੌਰਾਨ ਰਿਕਾਰਡ ਗਿਣਤੀ ਵਿਚ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਵਾਪਸ ਮੋੜਿਆ ਜਾਂ ਦੇਸ਼ ਨਿਕਾਲਾ ਦਿੱਤਾ। ਸੀ.ਬੀ.ਪੀ. ਅਨੁਸਾਰ, ਇਹ ਅੰਕੜਾ 1.31 ਲੱਖ ਦੇ ਕਰੀਬ ਹੈ। ਜ਼ਿਕਰਯੋਗ ਹੈ ਕਿ ਟਰੰਪ ਨੇ ਇਕ-ਦੋ ਮਹੀਨੇ ਪਹਿਲਾਂ ਹੀ ਕਿਹਾ ਸੀ ਕਿ ਜੇਕਰ ਉਨ੍ਹਾਂ ਨੂੰ ਸੱਤਾ ਮਿਲਦੀ ਹੈ ਤਾਂ ਉਹ ਅਜਿਹੀ ਪ੍ਰਣਾਲੀ ਸਥਾਪਤ ਕਰਨਗੇ, ਜਿਸ ਤਹਿਤ ਅਮਰੀਕਾ 'ਚ ਪੜ੍ਹਨ ਲਈ ਆਉਣ ਵਾਲੇ ਵਿਦਿਆਰਥੀਆਂ ਨੂੰ ਡਿਗਰੀ ਮਿਲਣ ਦੇ ਨਾਲ ਹੀ ਗ੍ਰੀਨ ਕਾਰਡ ਮਿਲ ਜਾਵੇਗਾ। ਪਰ ਹੁਣ ਟਰੰਪ ਕਿਸ ਬਾਰੇ ਗੱਲ ਕਰ ਰਹੇ ਹਨ, ਅਜਿਹਾ ਲੱਗਦਾ ਹੈ ਕਿ ਜੋ ਲੋਕ ਇਸ ਸਮੇਂ ਗ੍ਰੀਨ ਕਾਰਡ ਦੀ ਉਡੀਕ ਕਰ ਰਹੇ ਹਨ, ਉਨ੍ਹਾਂ ਨੂੰ ਸ਼ਾਇਦ ਗ੍ਰੀਨ ਕਾਰਡ ਨਹੀਂ ਮਿਲੇਗਾ।

# ਸਰਕਾਰੀ ਧਿਰ ਵੱਲੋਂ ਟਰੰਪ ਚੋਣ ਮਾਮਲੇ ਵਿਚ ਨਵੇਂ ਸਬੂਤ ਪੇਸ਼

ਵਾਸ਼ਿੰਗਟਨ, (ਪੰਜਾਬ ਮੇਲ)- ਸਾਬਕਾ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ 2020 ਦੀਆਂ ਚੋਣਾਂ ਹਾਰਨ ਤੋਂ ਪਹਿਲਾਂ ਹੀ ਨਤੀਜੇ ਪਲਟਣ ਦੀ ਕੋਸ਼ਿਸ਼ ਕਰਨ ਲਈ ਆਧਾਰ ਤਿਆਰ ਕਰ ਲਿਆ ਸੀ ਅਤੇ ਜਾਣਬੁੱਝ ਕੇ ਵੋਟਰ ਧੋਖਾਧੜੀ ਦੇ ਝੂਠੇ ਦਾਅਵੇ ਕੀਤੇ ਅਤੇ ਸੱਤਾ 'ਤੇ ਕਾਬਜ਼ ਰਹਿਣ ਦੀ ਆਪਣੀ ਅਸਫ਼ਲ ਕੋਸ਼ਿਸ਼ ਤਹਿਤ ਅਪਰਾਧ ਦਾ ਸਹਾਰਾ ਲਿਆ। ਇਹ ਜਾਣਕਾਰੀ ਅਦਾਲਤ ਵਿਚ ਦਾਇਰ ਸਰਕਾਰੀ ਵਕੀਲ ਦੇ ਦਸਤਾਵੇਜ਼ ਤੋਂ ਮਿਲੀ ਹੈ।

ਇਸ ਦਸਤਾਵੇਜ਼ ਵਿਚ ਸਾਬਕਾ ਰਾਸ਼ਟਰਪਤੀ ਖ਼ਿਲਾਫ਼ ਇਤਿਹਾਸਕ ਅਪਰਾਧਿਕ ਮਾਮਲੇ ਨਾਲ ਜੁੜੀਆਂ ਨਵੀਆਂ ਜਾਣਕਾਰੀਆਂ ਸਾਹਮਣੇ ਆਈਆਂ ਹਨ। ਵਿਸ਼ੇਸ਼ ਵਕੀਲ ਜੈਕ ਸਮਿੱਥ ਦੀ ਟੀਮ ਵੱਲੋਂ ਦਾਇਰ ਕੀਤੇ ਗਏ ਦਸਤਾਵੇਜ਼ ਵਿਚ ਹੁਣ ਤੱਕ ਦਾ ਸਭ ਤੋਂ ਵਿਆਪਕ ਦ੍ਰਿਸ਼ਟੀਕੋਣ ਪੇਸ਼ ਕੀਤਾ ਗਿਆ ਹੈ, ਜਿਸ ਤੋਂ ਪਤਾ ਲੱਗਦਾ ਹੈ ਕਿ ਜੇ ਟਰੰਪ 'ਤੇ ਚੋਣਾਂ ਦੇ ਨਤੀਜੇ ਪਲਟਣ ਦੀ ਸਾਜ਼ਿਸ਼ ਰਚਣ ਦਾ ਦੋਸ਼ ਲਗਾਉਣ ਵਾਲਾ ਮਾਮਲਾ ਸੁਣਵਾਈ ਤੱਕ ਪਹੁੰਚਣਾ ਹੈ, ਤਾਂ ਸਰਕਾਰੀ ਧਿਰ ਕੀ ਸਾਬਤ ਕਰਨਾ ਚਾਹੁੰਦੀ ਹੈ। ਹਾਲਾਂਕਿ, ਮਹੀਨਿਆਂ ਤੱਕ ਚੱਲੀ ਕਾਂਗਰਸ (ਸੰਸਦ) ਦੀ ਜਾਂਚ ਵਿਚ ਮੁਕੱਦਮੇ ਵਿਚ ਚੋਣ ਨਤੀਜੇ ਨੂੰ ਪਲਟਣ ਦੀਆਂ ਟਰੰਪ ਦੀਆਂ ਕੋਸ਼ਿਸ਼ਾਂ ਦਾ ਸਪੱਸ਼ਟੀਕਰਨ ਦਿੱਤਾ ਗਿਆ ਹੈ ਪਰ ਨਵੇਂ ਦਸਤਾਵੇਜ਼ ਵਿਚ ਟਰੰਪ ਦੇ ਨੇੜਲੇ ਸਹਿਯੋਗੀਆਂ ਵੱਲੋਂ ਦਿੱਤੇ ਗਏ ਅਣਪਛਾਤੇ ਵੇਰਵਿਆਂ ਦਾ ਹਵਾਲਾ ਦਿੱਤਾ ਗਿਆ ਹੈ ਅਤੇ ਇਸ ਵਿਚ ਇਕ ਨਿਰਾਸ਼ ਰਾਸ਼ਟਰਪਤੀ ਦੀ ਤਸਵੀਰ ਪੇਸ਼ ਕੀਤੀ ਗਈ ਹੈ।

# ਉਸਤਾਦ ਲਾਲ ਚੰਦ ਯਮਲਾ ਜੱਟ ਦੀ ਯਾਦ ਨੂੰ ਸਮਰਪਿਤ ਮੇਲਾ 12 ਅਕਤੂਬਰ ਨੂੰ



ਫਰਿਜ਼ਨੋ, (ਪੰਜਾਬ ਮੇਲ)- ਪੰਜਾਬੀ ਗਾਇਕੀ ਦੇ ਬਾਬਾ ਬੋਹੜ ਤੂੰਬੀ ਦੇ ਬਾਦਸ਼ਾਹ ਮਰਹੂਮ ਗਾਇਕ ਉਸਤਾਦ ਲਾਲ ਚੰਦ ਯਮਲਾ ਜੱਟ ਦੀ ਯਾਦ ਨੂੰ ਸਮਰਪਿਤ ਹੋਣ ਵਾਲੇ ਮੇਲੇ ਦੀਆਂ ਸਭ ਤਿਆਰੀਆਂ ਮੁਕੰਮਲ ਹੋ ਚੁੱਕੀਆਂ ਹਨ। ਇਸ ਮੇਲੇ ਵਿਚ ਸਥਾਨਕ ਕਲਾਕਾਰਾਂ ਤੋਂ ਇਲਾਵਾ ਕੈਨੇਡਾ ਅਤੇ ਭਾਰਤ ਤੋਂ ਹੋਰ ਬਹੁਤ ਸਾਰੇ ਕਲਾਕਾਰ ਵੀ ਹਾਜ਼ਰੀ ਭਰਨਗੇ। ਇਸ ਸਮੇਂ ਮੇਲੇ ਦੇ ਮੁੱਖ ਪ੍ਰਬੰਧਕ ਰਾਜਿੰਦਰ ਸਿੰਘ ਬਰਾੜ (ਰਾਜ ਬਰਾੜ ਯਮਲਾ) ਨੇ ਜਾਣਕਾਰੀ ਸਾਂਝੀ ਕਰਦੇ ਹੋਏ ਦੱਸਿਆ ਕਿ ਇਸ ਸਾਲ ਖਾਸ ਤੌਰ 'ਤੇ ਯਮਲਾ ਜੀ ਨੂੰ ਆਪਣਾ ਆਦਰਸ਼ ਮੰਨਣ ਵਾਲੇ ਛੋਟੀ ਉਮਰ ਤੋਂ ਯਮਲੇ ਦੀ ਗਾਇਕੀ ਨਾਲ ਜੁੜੇ ਬੁਲੰਦ ਆਵਾਜ਼ ਅਤੇ ਤੂੰਬੀ ਦੀਆਂ ਸੁਰਾਂ ਨਾਲ ਯਮਲੇ ਦੇ ਗੀਤ ਗਾਉਣ ਵਾਲੇ ਗਾਇਕ ਪਵਨਜੋਤ ਯਮਲਾ ਵੀ ਵਿਸ਼ੇਸ਼ ਤੌਰ 'ਤੇ ਕੈਨੇਡਾ ਤੋਂ ਪਹੁੰਚ ਰਹੇ ਹਨ।

ਇਸੇ ਤਰ੍ਹਾਂ ਸਥਾਨਕ ਕਲਾਕਾਰ ਗਾਇਕੀ ਦੇ ਰੰਗ ਬਿਖੇਰਨਗੇ ਅਤੇ ਯਮਲਾ ਜੀ ਨੂੰ ਗਾਇਕੀ ਦੇ ਰੂਪ ਵਿਚ ਸ਼ਰਧਾਂਜਲੀਆਂ ਦੇਣਗੇ।

ਇਹ ਸਾਲਾਨਾ ਯਾਦਗਾਰੀ ਮੇਲਾ ਫਰਿਜ਼ਨੋ ਨਜ਼ਦੀਕੀ, ਫਾਊਲਰ ਸ਼ਹਿਰ ਦੇ ਪੈਨਜੈੱਕ ਪਾਰਕ ਵਿਚ ਬਣੀ ਸਟੇਜ ਤੋਂ ਖੁੱਲ੍ਹੇ ਦਰੱਖਤਾਂ ਦੀ ਛਾਂਵੇ ਅਖਾੜੇ ਦੇ ਰੂਪ ਵਿਚ ਲੱਗੇਗਾ। ਇਸ ਮੇਲੇ ਨੂੰ ਦੇਖਣ ਆਏ ਮੇਲੀਆਂ ਲਈ ਕੋਈ ਦਾਖਲਾ ਟਿਕਟ ਨਹੀਂ ਰੱਖੀ ਗਈ। ਇਸ ਤੋਂ ਇਲਾਵਾ ਚਾਹ-ਪਾਣੀ, ਲੰਗਰਾਂ ਅਤੇ ਕਾਰ ਪਾਰਕਿੰਗ ਵੀ ਮੁਫਤ ਹੋਵੇਗੀ। ਇਸ ਮੇਲੇ ਵਿਚ ਸ਼ਾਮਲ ਹੋਣ ਲਈ ਪ੍ਰਬੰਧਕਾਂ ਵੱਲੋਂ ਸਮੁੱਚੇ ਭਾਈਚਾਰੇ ਨੂੰ ਖੁੱਲ੍ਹਾ ਸੱਦਾ ਦਿੱਤਾ ਗਿਆ ਹੈ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**



# ਸੈਂਟਰਲ ਵੈਲੀ ਕੈਲੀਫੋਰਨੀਆ ਦੇ ਗੁਰੂਘਰਾਂ ਨੇ ਇਕੱਠੇ ਕੀਤਾ ਕੀਰਤਨ ਦਰਬਾਰ





**ਫਰਿਜ਼ਨੋ, (ਪੰਜਾਬ ਮੇਲ)-** ਫਰਿਜ਼ਨੋ ਇਲਾਕੇ ਦੀਆਂ ਸੰਗਤਾਂ ਵਲੋਂ ਸਮੁੱਚੇ ਸਿੱਖਾਂ ਦੀ ਏਕਤਾ ਦੇ ਮਿਸ਼ਨ "ਇਕ ਪੰਥ ਇਕ ਸੋਚ" ਨੂੰ ਮੁੱਖ ਰੱਖਦੇ ਹੋਏ ਗੁਰਦੁਆਰਾ ਗੁਰ ਨਾਨਕ ਪ੍ਰਕਾਸ਼ ਫਰਿਜ਼ਨੋ ਵਿਖੇ ਸਮੂਹ ਗੁਰੂਘਰਾਂ ਅਤੇ ਸੰਗਤਾਂ ਦੇ ਸਹਿਯੋਗ ਨਾਲ ਕੀਰਤਨ ਦਰਬਾਰ ਕਰਵਾਇਆ ਗਿਆ। ਗੁਰਦੁਆਰਾ ਨਾਨਕਸਰ, ਦਰਬਾਰ ਸ੍ਰੀ ਗੁਰੂ ਗ੍ਰੰਥ ਸਾਹਿਬ, ਗੁਰਦੁਆਰਾ ਗੁਰੂ ਰਵਿਦਾਸ ਸਭਾ ਫਰਿਜ਼ਨੋ, ਸੈਲਮਾ ਦੇ ਗੁਰਦੁਆਰਾ ਕਲਗੀਧਰ, ਗੁਰਦੁਆਰਾ ਸਿੱਖ ਸੈਂਟਰ ਆਫ ਪੈਸੀਫਿਕ ਕੋਸਟ ਹਾਈਲੈਂਡ ਐਵਨਿਊ, ਗੁਰਦੁਆਰਾ ਕਰਦਰਜ਼, ਮੰਡੇਰਾ, ਗੁਰਦੁਆਰਾ ਅਨੰਦਗੜ੍ਹ ਸਾਹਿਬ ਕਰਮਨ, ਗੁਰੂ ਨਾਨਕ ਸਿੱਖ ਟੈਂਪਲ ਸਨਵਾਕੀਨ, ਗੁਰੂਘਰ ਟੁਲੈਰੀ ਅਤੇ ਹੋਰ ਸਥਾਨਕ ਗੁਰੂਘਰਾਂ ਨੇ ਜੱਥੇ ਭੇਜ ਕੇ ਜਿੱਥੇ ਆਪਣੇ ਏਕੇ ਦਾ ਸਬੂਤ ਦਿੱਤਾ। ਉੱਥੇ ਸੰਗਤਾਂ ਨੇ ਵੀ ਭਰਪੂਰ ਹਾਜ਼ਰੀ ਭਰਦੇ ਹੋਏ ਗੁਰਬਾਣੀ ਕੀਰਤਨ ਅਤੇ ਗੁਰੂ ਜਸ ਸਰਵਣ ਕੀਤਾ। ਇੱਥੇ ਇਹ ਗੱਲ ਵਰਨਣਯੋਗ ਹੈ ਕਿ ਭਾਈ ਹਰਜਿੰਦਰ ਸਿੰਘ ਜੀ ਸ੍ਰੀਨਗਰ ਵਾਲਿਆਂ ਵਲੋਂ "ਇਕ ਪੰਥ ਇਕ ਸੋਚ" ਬਾਰੇ ਪਿਛਲੇ ਦਿਨੀਂ ਭਰੇ ਦਰਬਾਰ ਵਿਚ ਸੰਗਤਾਂ ਨੂੰ ਅਪੀਲ ਕੀਤੀ ਗਈ ਸੀ। ਇਸੇ ਸਦਕਾ ਸੰਗਤਾਂ ਵੱਲੋਂ ਏਕੇ ਲਈ ਚੁੱਕੇ ਜਾ ਰਹੇ ਕਦਮਾਂ ਨੂੰ ਭਾਰੀ ਉਤਸ਼ਾਹ ਮਿਲਿਆ।

ਪ੍ਰੋਗਰਾਮ ਦੇ ਮੁੱਖ ਪ੍ਰਬੰਧਕਾਂ ਵਿਚੋਂ ਭਾਈ ਪਰਮਪਾਲ ਸਿੰਘ ਨੇ ਬੋਲਦੇ ਹੋਏ ਇਸ ਸਹਿਯੋਗ ਲਈ ਸੰਗਤਾਂ ਦਾ ਧੰਨਵਾਦ ਕੀਤਾ। ਗੁਰੂ ਦਾ ਲੰਗਰ ਅਤੁੱਟ ਵਰਤਿਆ।

# ਐਡੀਸਨ, ਨਿਊਜਰਸੀ ਵਿਖੇ ਦੁਸਹਿਰੇ ਦਾ ਤਿਉਹਾਰ ਬੜੀ ਧੂਮਧਾਮ ਨਾਲ ਮਨਾਇਆ



**ਨਿਊਜਰਸੀ, (ਰਾਜ ਗੋਗਨਾ/ਪੰਜਾਬ ਮੇਲ)-** ਇੰਡੋ-ਅਮਰੀਕਨ ਭਾਰਤੀਆਂ ਨੇ ਐਡੀਸਨ, ਨਿਊਜਰਸੀ ਵਿਚ 26ਵੇਂ ਸਾਲ 'ਚ ਪ੍ਰਵੇਸ਼ ਸਾਲਾਨਾ ਵਿਸ਼ਾਲ ਦੁਸਹਿਰੇ ਦਾ ਤਿਉਹਾਰ ਇੱਥੇ ਦੀ ਸੁੰਦਰ ਝੀਲ ਪਾਪਾਇੰਨੀ ਪਾਰਕ ਵਿਖੇ ਬੜੀ ਧੂਮਧਾਮ ਦੇ ਨਾਲ ਮਨਾਇਆ, ਜਿਸ ਵਿਚ 15 ਹਜ਼ਾਰ ਤੋਂ ਵੱਧ ਹਾਜ਼ਰੀਨ ਨੇ ਹਾਜ਼ਰੀ ਭਰੀ। ਦਿਨ ਭਰ ਚੱਲਣ ਵਾਲੇ ਸੱਭਿਆਚਾਰਕ ਸਮਾਗਮਾਂ ਵਿਚ ਭਾਰਤੀ ਮੂਲ ਦੇ ਪਰਿਵਾਰਾਂ ਨੇ 12:30 ਤੋਂ ਰਾਤ 8:30 ਵਜੇ ਤੱਕ ਚੱਲ ਰਹੀਆਂ ਗਤੀਵਿਧੀਆਂ, ਪ੍ਰਦਰਸ਼ਨਾਂ ਅਤੇ ਪ੍ਰਦਰਸ਼ਨਾਂ ਦੀ ਇੱਕ ਜੀਵੰਤ ਲੜੀ ਦੀ ਪੇਸ਼ਕਸ਼ ਕੀਤੀ, ਜੋ ਕਿ ਬੁਰਾਈ ਉੱਤੇ ਚੰਗਿਆਈ ਦੀ ਜਿੱਤ ਦਾ ਜਸ਼ਨ ਮਨਾਉਣ ਦੇ ਤਿਉਹਾਰ ਦੇ ਸਮੇਂ ਹਾਜ਼ਰ ਰਹੇ। ਸ਼ਾਨਦਾਰ ਪ੍ਰਦਰਸ਼ਨਾਂ ਦੇ ਨਾਲ ਇਸ ਤਿਉਹਾਰ ਦੀ ਸ਼ੁਰੂਆਤ ਹੋਈ, ਜਿਸ ਵਿਚ ਗੀਤ ਅਤੇ ਡਾਂਸ ਦੇ ਨਾਲ-ਨਾਲ ਮਨਮੋਹਕ ਸਕਿੱਟਾਂ ਨੇ ਦਰਸ਼ਕਾਂ ਨੂੰ ਮੋਹ ਲਿਆ। ਦੁਸਹਿਰੇ ਦੇ ਤਿਉਹਾਰ ਵਿਚ ਇੱਕ ਕਮਾਲ ਦੀ 15 ਫੁੱਟ ਉੱਚੀ ਹਨੂੰਮਾਨ ਦੀ ਮੂਰਤੀ ਦਾ ਪ੍ਰਦਰਸ਼ਨ ਕੀਤਾ, ਜੋ ਕਿ ਅਮਰੀਕਾ ਵਿਚ ਕਿਸੇ ਵੀ ਦੁਸਹਿਰੇ ਦੇ ਤਿਉਹਾਰ 'ਤੇ ਆਪਣੀ ਕਿਸਮ ਦੀ ਸਭ ਤੋਂ ਵੱਡੀ ਮੂਰਤੀ ਦੇਖੀ ਗਈ। ਜਿਵੇਂ ਹੀ ਸ਼ਾਮ ਨੇੜੇ ਆ ਰਹੀ ਸੀ, ਹਾਜ਼ਰੀਨ ਨੂੰ ਰਾਵਣ ਦਹਨ ਦੇ ਸ਼ਾਨਦਾਰ ਵਿਧੀ ਦੇ ਨਾਲ ਪੇਸ਼ ਕੀਤਾ ਗਿਆ। ਕ੍ਰਿਸ਼ਨ ਸਿੰਘਲ ਦੁਆਰਾ ਤਿਆਰ ਕੀਤਾ ਗਿਆ 25 ਫੁੱਟ ਉੱਚਾ ਰਾਵਣ ਦਾ ਪੁਤਲਾ ਸਾੜਨ ਦੀ ਰਸਮ, ਬੁਰਾਈ 'ਤੇ ਭਗਵਾਨ ਰਾਮ ਦੀ ਜਿੱਤ ਨੂੰ ਦਰਸਾਉਂਦੀ ਇਹ ਪ੍ਰਤੀਕਾਤਮਕ ਕਾਰਵਾਈ ਨੇ ਦਰਸ਼ਕਾਂ ਨੂੰ ਹੈਰਾਨ ਕਰ ਦਿੱਤਾ ਕਿਉਂਕਿ ਵਿਸ਼ਾਲ ਪੁਤਲੇ ਨੂੰ ਅੱਗ ਵੀ ਲਗਾਈ ਗਈ ਸੀ। ਇਸ ਮੌਕੇ ਆਏ ਲੋਕਾਂ ਨੇ ਭੋਜਨ ਦੇ ਕਈ ਸਟਾਲਾਂ ਤੋਂ ਵੱਖ-ਵੱਖ ਤਰ੍ਹਾਂ ਦੇ ਸੁਆਦੀ ਭਾਰਤੀ ਪਕਵਾਨਾਂ ਦਾ ਆਨੰਦ ਮਾਣਿਆ। ਵਿਕਰੇਤਾਵਾਂ ਨੇ ਪ੍ਰੰਪਰਾਗਤ ਭਾਰਤੀ ਸਟ੍ਰੀਟ ਫੂਡ ਤੋਂ ਲੈ ਕੇ ਫਿਊਜ਼ਨ ਪਕਵਾਨਾਂ ਤੱਕ ਹਰ ਚੀਜ਼ ਦੀ ਪੇਸ਼ਕਸ਼ ਕੀਤੀ। ਸੱਭਿਆਚਾਰਕ ਪੇਸ਼ਕਾਰੀਆਂ ਅਤੇ ਰਸੋਈ ਦੀਆਂ ਖੁਸ਼ੀਆਂ ਤੋਂ ਇਲਾਵਾ, ਸਮਾਗਮ ਵਿਚ ਪਰਿਵਾਰਕ-ਅਨੁਕੂਲ ਗਤੀਵਿਧੀਆਂ ਦੀ ਇੱਕ ਲੜੀ ਪੇਸ਼ ਕੀਤੀ ਗਈ। ਹਾਈਲਾਈਟਸ ਵਿਚ ਯੂ.ਐੱਸ.ਏ. ਦੇ ਅਗਰਵਾਲ ਸਮਾਜ ਦੁਆਰਾ ਆਯੋਜਿਤ ਇੱਕ ਮੁਫਤ ਸਿਹਤ ਅਤੇ ਮੈਡੀਕਲ ਸਕ੍ਰੀਨਿੰਗ ਕੈਂਪ ਵੀ ਲਗਾਇਆ ਗਿਆ, ਜਿਸ ਵਿਚ 150 ਤੋਂ ਵੱਧ ਵਿਕਰੇਤਾਵਾਂ ਨੇ ਭਾਰਤੀ ਕੱਪੜੇ, ਗਹਿਣੇ ਅਤੇ ਹੈਂਡੀਕ੍ਰਾਫਟ, ਰੈਫਲਜ਼, ਅਤੇ ਦਿਨ ਭਰ ਲਾਈਵ ਸੰਗੀਤ ਅਤੇ ਡਾਂਸ ਪੇਸ਼ਕਾਰੀ ਦਾ ਪ੍ਰਦਰਸ਼ਨ ਕੀਤਾ। ਪ੍ਰਸਿੱਧ ਮਹਿਮਾਨਾਂ ਵਿਚ ਐਡੀਸਨ ਕੌਂਸਲਮੈਨ ਅਜੈ ਪਾਟਿਲ ਅਤੇ ਗ੍ਰੈਮੀ ਅਵਾਰਡ ਜੇਤੂ ਕਲਾਕਾਰ ਫਾਲਗੁਨੀ ਸ਼ਾਹ ਸ਼ਾਮਲ ਸਨ। ਚੰਚਲ ਗੁਪਤਾ (ਆਈ.ਏ.ਐੱਫ. ਦੇ ਚੇਅਰਮੈਨ), ਰਾਜ ਮਿੱਤਲ (ਆਈ.ਏ.ਐੱਫ. ਦੇ ਕੋ-ਚੇਅਰ), ਸ਼ਿਵ ਆਰੀਆ (ਆਈ.ਏ.ਐੱਫ. ਦੇ ਪ੍ਰਧਾਨ), ਅਤੇ ਦਿਨੇਸ਼ ਮਿੱਤਲ (ਆਈ.ਏ.ਐੱਫ. ਦੇ ਤਤਕਾਲੀ ਪ੍ਰਧਾਨ) ਦੁਆਰਾ ਮਹਿਮਾਨਾਂ ਦਾ ਨਿੱਘਾ ਸਵਾਗਤ ਕੀਤਾ ਗਿਆ।

# ਭਾਰਤੀ ਡਾਕਟਰਾਂ ਤੋਂ ਬਿਨਾਂ ਅਮਰੀਕਾ ਦੀਆਂ ਸਿਹਤ ਸੇਵਾਵਾਂ ਹੋ ਜਾਣਗੀਆਂ ਢਹਿ-ਢੇਰੀ

**■ ਅਮਰੀਕਾ ਦੀ ਸਿਹਤ ਸੰਭਾਲ ਖੇਤਰ 'ਚ ਸੁਧਾਰਾਂ ਲਈ ਗ੍ਰੀਨ ਕਾਰਡ 'ਚ ਵਾਧਾ ਕਰਨ ਦੀ ਅਪੀਲ**

**ਨਿਊਯਾਰਕ, (ਪੰਜਾਬ ਮੇਲ)-** ਅਮਰੀਕਾ ਵਿਚ ਭਾਰਤੀ ਮੂਲ ਦੇ ਡਾਕਟਰਾਂ ਦੀ ਇਕ ਪ੍ਰਮੁੱਖ ਸੰਸਥਾ ਨੇ ਆਗਾਮੀ ਚੋਣਾਂ ਤੋਂ ਬਾਅਦ ਸਰਕਾਰ ਬਣਾਉਣ ਵਾਲੇ ਅਮਰੀਕੀ ਪ੍ਰਸ਼ਾਸਨ ਨੂੰ ਇਮੀਗ੍ਰੇਸ਼ਨ ਅਤੇ ਸਿਹਤ ਸੰਭਾਲ ਖੇਤਰ ਵਿਚ ਸੁਧਾਰਾਂ ਨੂੰ ਤਰਜੀਹ ਦੇਣ ਅਤੇ ਭਾਰਤ ਦੇ ਮੈਡੀਕਲ ਪੇਸ਼ੇਵਰਾਂ ਨੂੰ 'ਗ੍ਰੀਨ ਕਾਰਡ' ਜਾਰੀ ਕਰਨ ਦੀ ਅਪੀਲ ਕੀਤੀ ਹੈ। ਅਮਰੀਕਾ ਵਿਚ ਨਵੰਬਰ ਵਿਚ ਰਾਸ਼ਟਰਪਤੀ ਚੋਣਾਂ ਹੋਣੀਆਂ ਹਨ। ਅਮਰੀਕਨ ਐਸੋਸੀਏਸ਼ਨ ਆਫ ਫਿਜ਼ੀਸ਼ੀਅਨ ਆਫ ਇੰਡੀਅਨ ਓਰੀਜਨ ਨੇ ਕਿਹਾ ਕਿ ਭਾਰਤੀ ਡਾਕਟਰਾਂ ਤੋਂ ਬਿਨਾਂ ਅਮਰੀਕਾ ਦੀਆਂ ਸਿਹਤ ਸੇਵਾਵਾਂ ਢਹਿ-ਢੇਰੀ ਹੋ ਜਾਣਗੀਆਂ। ਸਾਰਿਆਂ ਲਈ ਸਿਹਤ ਸੰਭਾਲ ਤੱਕ ਪਹੁੰਚ ਨੂੰ ਯਕੀਨੀ ਬਣਾਉਣਾ, ਇਮੀਗ੍ਰੇਸ਼ਨ ਅਤੇ ਵੀਜ਼ਾ, ਦਵਾਈ ਵਿਚ ਟੈਕਨਾਲੋਜੀ ਦੀ ਵਰਤੋਂ, ਵਿਭਿੰਨਤਾ ਅਤੇ ਭੇਦਭਾਵ ਵਿਰੋਧੀ - ਇਹ ਕੁਝ ਮੁੱਦੇ ਹਨ, ਜਿਨ੍ਹਾਂ ਨੂੰ ਵ੍ਹਾਈਟ ਹਾਊਸ ਪ੍ਰਸ਼ਾਸਨ ਨੂੰ ਤਰਜੀਹ ਦਿੱਤੀ ਜਾਣੀ ਚਾਹੀਦੀ ਹੈ।

ਏ.ਏ.ਪੀ.ਆਈ. ਦੀ ਸਥਾਪਨਾ 1982 ਵਿਚ ਕੀਤੀ ਗਈ ਸੀ। ਇਹ ਅਮਰੀਕਾ ਦੀ ਸਭ ਤੋਂ ਵੱਡੀ ਨਸਲੀ ਮੈਡੀਕਲ ਸੰਸਥਾ ਹੈ, ਜੋ ਭਾਰਤੀ ਮੂਲ ਦੇ 1,20,000 ਤੋਂ ਵੱਧ ਡਾਕਟਰਾਂ ਦੇ ਹਿੱਤਾਂ ਦੀ ਨੁਮਾਇੰਦਗੀ ਕਰਦੀ ਹੈ। ਬਹੁਤ ਸਾਰੇ ਡਾਕਟਰ ਅਜਿਹੇ ਹਨ, ਜਿਨ੍ਹਾਂ ਕੋਲ 15-20 ਸਾਲ ਅਮਰੀਕਾ ਵਿਚ ਰਹਿਣ ਦੇ ਬਾਵਜੂਦ ਵੀ ਐੱਚ-1ਬੀ ਵਰਕ ਵੀਜ਼ਾ ਹੈ। ਉਨ੍ਹਾਂ ਕਿਹਾ, "ਸਾਨੂੰ ਉਨ੍ਹਾਂ ਨੂੰ 'ਗ੍ਰੀਨ ਕਾਰਡ' ਦੇਣ ਦੀ ਪ੍ਰਕਿਰਿਆ ਨੂੰ ਤੇਜ਼ ਕਰਨ ਦੀ ਜ਼ਰੂਰਤ ਹੈ, ਤਾਂ ਜੋ ਉਹ ਅਮਰੀਕਾ ਵਿਚ ਰਹਿ ਸਕਣ ਅਤੇ ਆਪਣੇ ਵੀਜ਼ਿਆਂ ਦੀ ਸਥਿਤੀ ਦੀ ਚਿੰਤਾ ਕੀਤੇ ਬਿਨਾਂ ਆਪਣਾ ਕੰਮ ਜਾਰੀ ਰੱਖ ਸਕਣ। ਐੱਚ-1ਬੀ ਵਰਕ ਵੀਜ਼ਾ 'ਤੇ ਰਹਿ ਰਹੇ ਹਜ਼ਾਰਾਂ ਡਾਕਟਰ ਉਨ੍ਹਾਂ ਥਾਵਾਂ 'ਤੇ ਸੇਵਾਵਾਂ ਦੇ ਰਹੇ ਹਨ, ਜਿੱਥੇ ਸਥਾਨਕ ਡਾਕਟਰ ਜਾਣਾ ਨਹੀਂ ਚਾਹੁੰਦੇ।

## ਕੈਨੇਡਾ 'ਚ 4 ਸਾਲ ਪਹਿਲਾਂ ਕਤਲ ਕੀਤੀ ਗਈ ਪੰਜਾਬਣ ਦੇ ਕਾਤਲ ਦਿਓਰ ਨੂੰ ਦਿੱਤਾ ਜਾਵੇਗਾ ਦੇਸ਼ ਨਿਕਾਲਾ

**ਐਬਟਸਫੋਰਡ, (ਪੰਜਾਬ ਮੇਲ)-** ਕੈਨੇਡਾ ਦੇ ਸ਼ਹਿਰ ਨਿਊਵੈਸਟਮਨਿਸਟਰ ਸਥਿਤ ਬ੍ਰਿਟਿਸ਼ ਕੋਲੰਬੀਆ ਸੁਪਰੀਮ ਕੋਰਟ ਨੇ 4 ਸਾਲ ਪਹਿਲਾਂ ਕਤਲ ਕੀਤੀ ਗਈ ਪੰਜਾਬਣ ਬਲਜੀਤ ਕੌਰ ਦੇ ਦਿਓਰ ਹਰਪ੍ਰੀਤ ਸਿੰਘ ਨੂੰ ਸਜ਼ਾ ਪੂਰੀ ਹੋਣ ਉਪਰੰਤ ਦੇਸ਼ ਨਿਕਾਲਾ ਦਿੱਤੇ ਜਾਣ ਦਾ ਹੁਕਮ ਸੁਣਾਇਆ ਹੈ ਤੇ ਉਹ ਕੋਈ ਅਪੀਲ ਨਹੀਂ ਕਰ ਸਕੇਗਾ। ਘਟਨਾ 20 ਅਕਤੂਬਰ, 2020 ਦੀ ਹੈ, ਜਦੋਂ ਪੁਲਿਸ ਨੂੰ ਨਿਊਟਨ ਇਲਾਕੇ ਵਿਚ ਸਥਿਤ ਇਕ ਟਾਊਨ ਹਾਊਸ ਵਿਚ ਛੁਰੇਬਾਜ਼ੀ ਦੀ ਘਟਨਾ ਦੀ ਸੂਚਨਾ ਮਿਲੀ ਸੀ। ਪੁਲਿਸ ਜਦੋਂ ਤੁਰੰਤ ਵਾਰਦਾਤ ਵਾਲੀ ਥਾਂ 'ਤੇ ਪਹੁੰਚੀ ਤਾਂ ਘਰ ਅੰਦਰ ਬਲਜੀਤ ਕੌਰ, 72 ਸਾਲਾਂ ਜਗਜੀਤ ਸਿੰਘ ਤੇ 2 ਸਾਲਾ ਬੱਚੀ ਐੱਮ. ਕੇ. ਗੰਭੀਰ ਜ਼ਖ਼ਮੀ ਹਾਲਤ ਵਿਚ ਮਿਲੇ ਸਨ, ਜਿਨ੍ਹਾਂ ਨੂੰ ਤੁਰੰਤ ਹਸਪਤਾਲ ਪਹੁੰਚਾਇਆ ਗਿਆ, ਜਿੱਥੇ ਬਲਜੀਤ ਕੌਰ ਜ਼ਖ਼ਮਾਂ ਦੀ ਤਾਬ ਨਾ ਝੱਲਦੀ ਹੋਈ ਦਮ ਤੋੜ ਗਈ।


Global Allianz

LAW FIRM LLP

ਕਾਨੂੰਨੀ ਸਲਾਹ

■ ਇਮੀਗਰੇਸ਼ਨ ਸੇਵਾਵਾਂ
■ ਘਰੇਲੂ ਹਿੰਸਾ ਦੇ ਕੇਸ
■ ਨਸ਼ਾ ਕਰਕੇ ਗੱਡੀ ਚਲਾਉਣਾ
■ ਕੰਮ 'ਤੇ ਸੱਟ ਲਗਣਾ

Asylum & Deportation Defense



Atul Kapoor
C.E.O



Neat Allen Sawyer
Attorney at law

Designed By Punjab Mail USA

555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188

# ਕਮਲਾ ਹੈਰਿਸ ਜੇ ਚੋਣ ਜਿੱਤਦੀ ਹੈ, ਤਾਂ ਮੈਨੂੰ ਜੇਲ੍ਹ 'ਚ ਸੁੱਟ ਦਿੱਤਾ ਜਾਵੇਗਾ: ਐਲਾਨ ਮਸਕ



**ਵਾਸ਼ਿੰਗਟਨ, (ਰਾਜ ਗੋਗਨਾ/ਪੰਜਾਬ ਮੇਲ)-** ਦੁਨੀਆਂ ਦੇ ਸਭ ਤੋਂ ਅਮੀਰ ਕਾਰੋਬਾਰੀਆਂ ਵਿਚੋਂ ਇੱਕ ਐਲੋਨ ਮਸਕ ਅਮਰੀਕਾ ਵਿਚ ਨਵੰਬਰ 'ਚ ਹੋਣ ਵਾਲੀਆਂ ਰਾਸ਼ਟਰਪਤੀ ਦੀਆਂ ਚੋਣਾਂ ਵਿਚ ਰਿਪਬਲਿਕਨ ਉਮੀਦਵਾਰ ਡੋਨਲਡ ਟਰੰਪ ਦਾ ਜਨਤਕ ਤੌਰ 'ਤੇ ਸਮਰਥਨ ਕਰ ਰਿਹਾ ਹੈ। ਉਸ ਦਾ ਕਹਿਣਾ ਹੈ ਕਿ ਜੇਕਰ ਕਮਲਾ ਹੈਰਿਸ ਚੋਣ ਜਿੱਤ ਜਾਂਦੀ ਹੈ, ਤਾਂ ਅਮਰੀਕਾ ਵਿਚ ਇਕ ਧਿਰ ਦਾ ਰਾਜ ਹੋਵੇਗਾ ਕਿਉਂਕਿ ਉਹ ਅਗਲੇ ਚਾਰ ਸਾਲਾਂ ਵਿਚ ਲੱਖਾਂ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਕਾਨੂੰਨੀ ਦਰਜਾ ਦੇ ਕੇ ਆਪਣੇ ਵੋਟਰਾਂ ਦੀ ਗਿਣਤੀ ਵਧਾਏਗੀ। ਟੇਸਲਾ ਦੇ ਸੀ.ਈ.ਓ. ਅਤੇ ਅਰਬਪਤੀ ਐਲੋਨ ਮਸਕ ਦਾ ਕਹਿਣਾ ਹੈ ਕਿ ਜੇਕਰ ਟਰੰਪ ਹਾਰਦੇ ਹਨ, ਤਾਂ ਉਨ੍ਹਾਂ ਨੂੰ ਜੇਲ੍ਹ ਵਿਚ ਸੁੱਟ ਦਿੱਤਾ ਜਾਵੇਗਾ। ਨਾਲ ਹੀ ਐਲੋਨ ਮਸਕ ਨੇ ਟਰੰਪ ਦਾ ਵਿਰੋਧ ਕਰਨ ਵਾਲੇ ਲੋਕਾਂ ਨੂੰ ਲੋਕਤੰਤਰ ਦਾ ਵਿਰੋਧੀ ਵੀ ਦੱਸਿਆ ਹੈ। ਐਲੋਨ ਮਸਕ ਨੇ ਹਾਲ ਹੀ 'ਚ ਇਕ ਲੰਬਾ ਇੰਟਰਵਿਊ ਦਿੱਤਾ ਸੀ ਅਤੇ ਇਸ 'ਚ ਉਨ੍ਹਾਂ ਨੇ ਕਈ ਮੁੱਦਿਆਂ 'ਤੇ ਗੱਲ ਵੀ ਕੀਤੀ ਸੀ। "ਜੇ ਡੋਨਾਲਡ ਟਰੰਪ ਹਾਰ ਜਾਂਦੇ ਹਨ, ਤਾਂ ਮੈਂ ਮਰ ਜਾਵਾਂਗਾ," ਮਸਕ ਨੇ ਇਹ ਟਿੱਪਣੀਆਂ ਇੰਟਰਵਿਊ ਵਿਚ ਟਕਰ ਕਾਰਲਸਨ ਦੇ ਨਾਲ ਕੀਤੀਆਂ। ਮਸਕ ਨੇ ਕਿਹਾ ਕਿ ਉਸਨੂੰ ਲੰਬੀ ਜੇਲ੍ਹ ਦੀ ਸਜ਼ਾ ਹੋ ਸਕਦੀ ਹੈ ਅਤੇ ਉਹ ਨਹੀਂ ਜਾਣਦਾ ਕਿ ਉਹ ਆਪਣੇ ਬੱਚਿਆਂ ਨੂੰ ਦੇਖ ਸਕੇਗਾ ਜਾਂ ਨਹੀਂ। ਐਲੋਨ ਮਸਕ ਨੇ ਪੈਨਸਿਲਵੇਨੀਆ ਦੇ ਬਟਲਰ ਵਿਚ ਇੱਕ ਰੈਲੀ ਵਿਚ ਰਿਪਬਲਿਕਨ ਉਮੀਦਵਾਰ ਡੋਨਾਲਡ ਟਰੰਪ ਦਾ ਸਮਰਥਨ ਕੀਤਾ ਅਤੇ ਉਸਨੇ ਇੰਟਰਵਿਊ ਦੌਰਾਨ ਡੋਨਾਲਡ ਟਰੰਪ ਦਾ ਜਨਤਕ ਤੌਰ 'ਤੇ ਸਮਰਥਨ ਵੀ ਕੀਤਾ ਅਤੇ ਕਿਹਾ ਕਿ ਉਹ ਚਾਹੁੰਦੇ ਹਨ ਕਿ ਟਰੰਪ ਦੁਬਾਰਾ ਅਮਰੀਕੀ ਰਾਸ਼ਟਰਪਤੀ ਬਣੇ। ਮਸਕ ਦਾ ਕਹਿਣਾ ਹੈ ਕਿ ਹੈਰਿਸ-ਬਾਇਡਨ ਪ੍ਰਸ਼ਾਸਨ ਲੱਖਾਂ ਪ੍ਰਵਾਸੀਆਂ ਨੂੰ ਆਯਾਤ ਕਰ ਰਿਹਾ ਹੈ। ਇਹ ਸਾਰੇ ਪ੍ਰਵਾਸੀਆਂ ਨੂੰ ਅੰਤ ਵਿਚ ਨਾਗਰਿਕਤਾ ਦਿੱਤੀ ਜਾਵੇਗੀ ਅਤੇ ਉਨ੍ਹਾਂ ਦੇ ਸਥਾਈ ਭਵਿੱਖ ਦੇ ਵੋਟਰ ਬਣ ਜਾਣਗੇ। ਇਸ ਲਈ ਮਸਕ ਮੁਤਾਬਕ ਜੇਕਰ ਡੋਨਾਲਡ ਟਰੰਪ ਇਹ ਚੋਣ ਨਹੀਂ ਜਿੱਤਦੇ ਤਾਂ ਇਹ ਅਮਰੀਕਾ ਦੀ ਆਖਰੀ ਚੋਣ ਹੋਵੇਗੀ। ਜੇਕਰ ਡੈਮੋਕਰੇਟਿਕ ਪਾਰਟੀ ਦੁਬਾਰਾ ਕਮਲਾ ਹੈਰਿਸ ਜਿੱਤ ਜਾਂਦੀ ਹੈ, ਤਾਂ ਉਸਦਾ ਪ੍ਰਸ਼ਾਸਨ ਅਗਲੇ ਚਾਰ ਸਾਲਾਂ ਵਿਚ ਲੱਖਾਂ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਕਾਨੂੰਨੀ ਦਰਜਾ ਦੇ ਦੇਵੇਗਾ, ਅਤੇ ਇਸ ਤਰ੍ਹਾਂ ਅਗਲੀਆਂ ਚੋਣਾਂ ਵਿਚ ਕੋਈ ਸਵਿੰਗ ਰਾਜ ਨਹੀਂ ਹੋਵੇਗਾ। ਇਹ ਅਮਰੀਕਾ ਨੂੰ ਸਿੰਗਲ-ਪਾਰਟੀ ਰਾਜ ਬਣਾ ਦੇਣਗੇ।

# ਲਾਸ ਏਂਜਲਸ ਖੇਤਰ 'ਚ ਨਸਲੀ ਨਫਰਤ ਫੈਲਾਉਣ ਵਾਲਿਆਂ ਵਿਰੁੱਧ ਵੱਡੀ ਕਾਰਵਾਈ

**■ 'ਵ੍ਹਾਈਟ ਸੁਪਰਮੇਸੀ ਗੈਂਗ' ਨਾਲ ਸਬੰਧਤ 68 ਸ਼ੱਕੀ ਗ੍ਰਿਫਤਾਰ, ਦੋਸ਼ ਆਇਦ**

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਘਰੇਲੂ ਅੱਤਵਾਦ ਸਬੰਧੀ ਜਾਂਚ ਤਹਿਤ ਕੈਲੀਫੋਰਨੀਆ ਦੇ ਲਾਸ ਏਂਜਲਸ ਖੇਤਰ ਵਿਚ ਇਕ ਵੱਡੀ ਕਾਰਵਾਈ ਕਰਦਿਆਂ 'ਵ੍ਹਾਈਟ ਸੁਪਰਮੇਸੀ ਗੈਂਗ' ਨਾਲ ਸਬੰਧਤ 68 ਸ਼ੱਕੀ ਮੈਂਬਰਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਇਹ ਪ੍ਰਗਟਾਵਾ ਸੰਘੀ ਵਕੀਲਾਂ ਨੇ ਕੀਤਾ ਹੈ। ਅਧਿਕਾਰੀਆਂ ਅਨੁਸਾਰ ਪੈਕਰਵੁੱਡਜ ਗਿਰੋਹ ਦੇ ਮੈਂਬਰਾਂ ਤੇ ਉਨਾਂ ਦੇ ਜੋਟੀਦਾਰਾਂ ਵਿਰੁੱਧ ਸੰਘੀ ਦੋਸ਼ ਆਇਦ ਕੀਤੇ ਗਏ ਹਨ, ਜਿਨ੍ਹਾਂ ਵਿਚ ਫਿਰੌਤੀ ਮੰਗਣਾ, ਹਥਿਆਰਾਂ ਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਤੇ ਵਿਤੀ ਧੋਖਾਧੜੀ ਦੇ ਦੋਸ਼ ਵੀ ਸ਼ਾਮਿਲ ਹਨ। ਯੂ.ਐੱਸ. ਅਟਾਰਨੀ ਸੈਂਟਰਲ ਡਿਸਟ੍ਰਿਕਟ ਕੈਲੀਫੋਰਨੀਆ ਮਾਰਟਿਨ ਏਸਟਰਾਡਾ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਗਿਰੋਹ ਦੀ ਨਸਲੀ, ਜਾਤੀ ਤੇ ਧਾਰਮਿਕ ਘੱਟ ਗਿਣਤੀਆਂ ਵਿਰੁੱਧ ਹਮਲੇ ਕਰਨ ਦੀ ਯੋਜਨਾ ਸੀ। ਇਸ ਤੋਂ ਪਹਿਲਾਂ ਕਿ ਇਹ ਲੋਕ ਆਪਣੀ ਯੋਜਨਾ ਨੂੰ ਸਿਰੇ ਚਾੜ੍ਹਦੇ ਇਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਉਨ੍ਹਾਂ ਕਿਹਾ ਕਿ ਅਸੀਂ ਦੁਖਾਂਤ ਵਾਪਰਨ ਦੀ ਉਡੀਕ ਨਹੀਂ ਸੀ ਕਰ ਸਕਦੇ। ਏਸਟਰਾਡਾ ਨੇ ਕਿਹਾ ਕਿ 40 ਤੋਂ ਵਧ ਪੈਕਰਵੁੱਡਜ ਸ਼ੱਕੀ ਮੈਂਬਰਾਂ ਤੇ ਉਨ੍ਹਾਂ ਦੇ ਜੋਟੀਦਾਰਾਂ ਨੂੰ ਬੁੱਧਵਾਰ ਗ੍ਰਿਫਤਾਰ ਕੀਤਾ ਗਿਆ ਹੈ ਤੇ ਕੁਝ ਪਹਿਲਾਂ ਹੀ ਹਿਰਾਸਤ ਵਿਚ ਸਨ। ਉਨ੍ਹਾਂ ਕਿਹਾ ਕਿ ਨਿਆਂ ਵਿਭਾਗ ਦੇ ਇਤਿਹਾਸ ਵਿਚ ਨਵ-ਨਾਜ਼ੀ, ਵਾਈਟ ਸੁਪਰਮੇਸਿਸਟ ਜਾਂ ਕਿਸੇ ਅੱਤਵਾਦੀ ਸੰਗਠਨ ਵਿਰੁੱਧ ਇਹ ਇਕ ਸਭ ਤੋਂ ਵੱਡੀ ਕਾਰਵਾਈ ਹੈ। ਇਨ੍ਹਾਂ ਦੀ ਗ੍ਰਿਫਤਾਰੀ ਵਿਚ ਕਾਨੂੰਨ ਵਿਵਸਥਾ ਬਣਾਈ ਰੱਖਣ ਨਾਲ ਸਬੰਧਤ ਸੰਘੀ ਤੇ ਸਥਾਨਕ ਅਧਿਕਾਰੀਆਂ ਤੋਂ ਇਲਾਵਾ ਹੋਰ ਕਈ ਏਜੰਸੀਆਂ ਨੇ ਅਹਿਮ ਭੂਮਿਕਾ ਨਿਭਾਈ ਹੈ।



**ਯੂ.ਐੱਸ. ਅਟਾਰਨੀ ਸੈਂਟਰਲ ਡਿਸਟ੍ਰਿਕਟ ਕੈਲੀਫੋਰਨੀਆ ਮਾਰਟਿਨ ਏਸਟਰਾਡਾ 'ਵ੍ਹਾਈਟ ਸੁਪਰਮੇਸੀ ਗੈਂਗ' ਨਾਲ ਸਬੰਧਤ ਸ਼ੱਕੀ ਮੈਂਬਰਾਂ ਦੀ ਗ੍ਰਿਫਤਾਰੀ ਬਾਰੇ ਜਾਣਕਾਰੀ ਦਿੰਦੇ ਹੋਏ।**

# ਅਮਰੀਕਾ ਦੇ ਅਹਿਮ ਫੌਜੀ ਟਿਕਾਣੇ ਨੇੜੇ ਅੱਧੀ ਰਾਤ ਨੂੰ ਘੁੰਮ ਰਹੇ 5 ਚੀਨੀ ਨਾਗਰਿਕਾਂ ਵਿਰੁੱਧ ਸ਼ੱਕੀ ਗਤੀਵਿੱਧੀਆਂ ਤਹਿਤ ਦੋਸ਼ ਆਇਦ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਅਮਰੀਕਾ ਦੇ ਮਿਸ਼ੀਗਨ ਰਾਜ ਦੇ ਦੂਰ ਦਰਾਜ ਖੇਤਰ ਵਿਚ ਇਕ ਫੌਜੀ ਟਿਕਾਣੇ ਨੇੜੇ ਅੱਧੀ ਰਾਤ ਵੇਲੇ ਘੁੰਮ ਰਹੇ 5 ਚੀਨੀ ਨਾਗਰਿਕਾਂ ਵਿਰੁੱਧ ਸ਼ੱਕੀ ਸਰਗਰਮੀਆਂ ਦੇ ਮਾਮਲੇ ਤਹਿਤ ਦੋਸ਼ ਆਇਦ ਕੀਤੇ ਜਾਣ ਦੀ ਰਿਪੋਰਟ ਹੈ। ਇਹ ਮਾਮਲਾ ਇਕ ਸਾਲ ਦੇ ਵੀ ਵਧ ਸਮੇਂ ਤੋਂ ਪਹਿਲਾਂ ਦਾ ਹੈ, ਜਦੋਂ ਸੁਰੱਖਿਆ ਗਾਰਡਾਂ ਨੂੰ ਚੀਨੀ ਨਾਗਰਿਕਾਂ ਦੀਆਂ ਸਰਗਰਮੀਆਂ ਉਪਰ ਸ਼ੱਕ ਪਿਆ ਸੀ। ਉਸ ਵੇਲੇ ਇਹ ਚੀਨੀ ਨਾਗਰਿਕ ਯੂਨੀਵਰਸਿਟੀ ਆਫ ਮਿਸ਼ੀਗਨ ਦੇ ਵਿਦਿਆਰਥੀ ਸਨ। ਸੰਘੀ ਅਦਾਲਤ ਵਿਚ ਦਾਇਰ ਅਪਰਾਧਕ ਸ਼ਿਕਾਇਤ ਵਿਚ ਕਿਹਾ ਗਿਆ ਹੈ ਕਿ ਇਹ ਘਟਨਾ ਅਗਸਤ 2023 'ਚ ਕੈਂਪ ਗਰੇਲਿੰਗ ਵਿਖੇ ਵਾਪਰੀ ਸੀ ਜਦੋਂ ਚੀਨੀ ਨਾਗਰਿਕਾਂ ਨੇ ਜਾਂਚਕਾਰਾਂ ਨੂੰ ਆਪਣੇ ਦੌਰੇ ਬਾਰੇ ਗੁੰਮਰਾਹ ਕੀਤਾ ਸੀ ਤੇ ਆਪਣੇ ਫੋਨ ਵਿਚੋਂ ਤਸਵੀਰਾਂ ਖਤਮ ਕਰਨ ਦੀ ਕੋਸ਼ਿਸ਼ ਕੀਤੀ ਸੀ। ਐੱਫ.ਬੀ.ਆਈ. ਅਨੁਸਾਰ ਚੀਨੀ ਨਾਗਰਿਕਾਂ ਨੇ ਅਮਰੀਕਾ ਵਿਚਲੇ ਅਹਿਮ ਫੌਜੀ ਟਿਕਾਣਿਆਂ ਦੀਆਂ ਤਸਵੀਰਾਂ ਖਿੱਚੀਆਂ ਹਨ। ਡੈਟਰਾਇਟ ਵਿਚਲੇ ਯੂ.ਐੱਸ. ਅਟਾਰਨੀ ਦੇ ਦਫਤਰ ਦੇ ਇਕ ਬੁਲਾਰੇ ਗਿਨਾ ਬਲਾਇਆ ਨੇ ਕਿਹਾ ਹੈ ਕਿ ਹਾਲਾਂਕਿ ਚੀਨੀ ਨਾਗਰਿਕ ਇਸ ਸਮੇਂ ਪੁਲਿਸ ਹਿਰਾਸਤ ਵਿਚ ਨਹੀਂ ਹਨ ਪਰੰਤੂ ਉਨ੍ਹਾਂ ਨੂੰ ਛੇਤੀ ਗ੍ਰਿਫਤਾਰ ਕਰ ਲਿਆ ਜਾਵੇਗਾ ਤੇ ਉਨ੍ਹਾਂ ਨੂੰ ਸ਼ੱਕੀ ਸਰਗਰਮੀਆਂ ਦੇ ਮਾਮਲੇ ਵਿਚ ਮੁਕੱਦਮੇ ਦਾ ਸਾਹਮਣਾ ਕਰਨਾ ਪਵੇਗਾ। ਐੱਫ.ਬੀ.ਆਈ. ਅਨੁਸਾਰ ਚੀਨੀ ਨਾਗਰਿਕਾਂ ਨੂੰ ਅੱਧੀ ਰਾਤ ਵੇਲੇ ਇਕ ਝੀਲ ਨੇੜੇ ਉਟਾਹ ਨੈਸ਼ਨਲ ਗਾਰਡ ਦੇ

# ਹੈਰਿਸ ਵੱਲੋਂ ਟਰੰਪ ਦਾ ਰਵੱਈਆ ਹੱਦੋਂ ਵੱਧ ਗੈਰ-ਜ਼ਿੰਮੇਵਾਰ ਕਰਾਰ

**ਵਾਸ਼ਿੰਗਟਨ, (ਪੰਜਾਬ ਮੇਲ)-** ਉਪ ਰਾਸ਼ਟਰਪਤੀ ਕਮਲਾ ਹੈਰਿਸ ਨੇ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ 'ਤੇ ਹੈਲਨ ਚੱਕਰਵਾਤ ਨਾਲ ਹੋਈ ਤਬਾਹੀ ਨੂੰ ਰੋਕਣ ਲਈ ਸੰਘੀ ਕੋਸ਼ਿਸ਼ਾਂ ਬਾਰੇ ਗਲਤ ਜਾਣਕਾਰੀ ਫੈਲਾਉਣ ਦੇ ਦੋਸ਼ ਲਾਉਂਦਿਆਂ ਉਨ੍ਹਾਂ ਨੂੰ ਹੱਦੋਂ ਵੱਧ ਗੈਰ-ਜ਼ਿੰਮੇਵਾਰ ਕਰਾਰ ਦਿੱਤਾ ਹੈ। ਹਵਾਈ ਸੈਨਾ ਦੇ ਜਹਾਜ਼ ਵਿਚ ਨਿਊਯਾਰਕ ਲਈ ਰਵਾਨਾ ਹੋਣ ਤੋਂ ਪਹਿਲਾਂ ਹੈਰਿਸ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕਿਹਾ, 'ਸਾਬਕਾ ਰਾਸ਼ਟਰਪਤੀ ਵੱਲੋਂ ਅਸਲ ਸਥਿਤੀ ਤੋਂ ਉਲਟ ਵੱਡੀ ਪੱਧਰ 'ਤੇ ਗਲਤ ਜਾਣਕਾਰੀ ਫੈਲਾਈ ਗਈ, ਖ਼ਾਸ ਕਰ ਕੇ ਹੈਲਨ ਚੱਕਰਵਾਤ ਤੋਂ ਬਚਣ ਵਾਲੇ ਲੋਕਾਂ ਬਾਰੇ।' ਉਨ੍ਹਾਂ ਕਿਹਾ ਕਿ ਇਹ ਸਾਬਕਾ ਰਾਸ਼ਟਰਪਤੀ ਦਾ ਸਾਧਾਰਨ ਨਾਲੋਂ ਵਧ ਕੇ ਗੈਰ ਜ਼ਿੰਮੇਵਾਰ ਰਵੱਈਆ ਹੈ। ਹੈਲੇਨ ਨਾਲ ਛੇ ਸੂਬਿਆਂ ਵਿਚ 220 ਤੋਂ ਵੱਧ ਲੋਕਾਂ ਦੀ ਮੌਤ ਹੋਈ ਹੈ ਅਤੇ ਕੈਟਾਗਰੀ 5 ਚੱਕਰਵਾਤ ਹੁਣ ਫਲੋਰੀਡਾ ਖਾੜੀ ਤੱਟ ਵੱਲ ਵਧ ਰਿਹਾ ਹੈ। ਹੈਰਿਸ ਨੇ ਕਿਹਾ, 'ਅਸਲੀਅਤ ਇਹ ਹੈ ਕਿ ਫੇਮਾ ਕੋਲ ਕਾਫੀ ਸਰੋਤ ਹਨ, ਜੋ ਉਨ੍ਹਾਂ ਲੋਕਾਂ ਲਈ ਉਪਲਬਧ ਹਨ, ਜਿਨ੍ਹਾਂ ਨੂੰ ਇਸ ਦੀ ਕਾਫੀ ਲੋੜ ਹੈ। ਲੋਕ ਇਨ੍ਹਾਂ ਸਰੋਤਾਂ ਦੀ ਵਰਤੋਂ ਕਰਨ ਦੇ ਯੋਗ ਹਨ ਅਤੇ ਇਹ ਸਭ ਤੋਂ ਜ਼ਰੂਰੀ ਹੈ ਕਿ ਲੋਕ ਮਦਦ ਲੈਣ ਲਈ ਸੰਪਰਕ ਕਰਨ।'




# ਸਿਆਟਲ ਵਿਚ ਬ੍ਰਹਮ ਗਿਆਨੀ ਬਾਬਾ ਬੁੱਢਾ ਜੀ ਦਾ ਜਨਮ ਦਿਹਾੜਾ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ




ਭੋਗ ਦੀ ਸਮਾਪਤੀ ਸਮੇਂ ਅਰਦਾਸ ਕਰਦੀ ਹੋਈ ਸੰਗਤ।

**ਸਿਆਟਲ, (ਗੁਰਚਰਨ ਸਿੰਘ ਢਿੱਲੋਂ/ਪੰਜਾਬ ਮੇਲ)**- ਗੁਰਦੁਆਰਾ ਸਿੰਘ ਸਭਾ ਰੈਨਟਨ (ਵਾਸ਼ਿੰਗਟਨ) ਵਿਖੇ ਬਾਬਾ ਬੁੱਢਾ ਜੀ ਸੰਸਥਾ ਵੱਲੋਂ ਬਾਬਾ ਬੁੱਢਾ ਜੀ ਦਾ ਜਨਮ ਦਿਵਸ ਬੜੀ ਸ਼ਰਧਾ ਅਤੇ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ ਸੰਸਥਾ ਦੇ ਮੈਂਬਰਾਂ ਨੇ ਇੱਕ ਦੂਸਰੇ ਨੂੰ ਵਧਾਈਆਂ ਦਿੱਤੀਆਂ ਅਤੇ ਬੀਬੀਆਂ ਨੇ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਗੁਰੂ ਦੇ ਲੰਗਰਾਂ ਦੀ ਸੇਵਾ ਕੀਤੀ। ਭਾਈ ਵਰਿਆਮ ਸਿੰਘ ਅਤੇ ਭਾਈ ਜਰਨੈਲ ਸਿੰਘ ਦੇ ਕੀਰਤਨੀ ਜਥੇ ਨੇ ਬੜੇ ਵਜ਼ਦ ਵਿਚ ਕੀਰਤਨ ਦੀ ਸੇਵਾ ਨਿਭਾਈ ਅਤੇ ਸੰਗਤਾਂ ਨੂੰ ਬਾਣੀ ਨਾਲ ਜੋੜਿਆ। ਉਪਰੰਤ ਸਿੱਖ ਕੌਮ ਦੇ ਮਹਾਨ ਵਿਦਵਾਨ, ਕਥਾਵਾਚਕ ਭਾਈ ਹਰਪਾਲ ਸਿੰਘ ਜੀ ਫਤਿਹਗੜ੍ਹ ਸਾਹਿਬ ਵਾਲਿਆਂ ਨੇ ਬਾਬਾ ਜੀ ਦੇ ਜੀਵਨ ਤੇ ਵਿਦਿਅਕ ਭਰਪੂਰ ਚਾਨਣਾ ਪਾਇਆ। ਇਸ ਤੋਂ ਪਹਿਲਾਂ ਬਾਬਾ ਬੁੱਢਾ ਜੀ ਸੰਸਥਾ ਵੱਲੋਂ ਰੱਖੇ ਗਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਗੁਰੂ ਗ੍ਰੰਥ ਸਾਹਿਬ ਜੀ ਦੇ ਸੁਖ ਆਸਨ ਦੀ ਸੇਵਾ ਗੁਰਦੀਪ ਸਿੰਘ ਸਿੱਧੂ ਨੇ ਬੜੀ ਸ਼ਰਧਾ ਅਤੇ ਸੇਵਾ ਭਾਵਨਾ ਨਾਲ ਨਿਭਾਈ।

ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਬਾਬਾ ਬੁੱਢਾ ਜੀ ਸੰਸਥਾ ਵੱਲੋਂ ਭਾਈ ਹਰਪਾਲ ਸਿੰਘ ਕਥਾਵਾਚਕ ਨੂੰ ਅਤੇ ਸੰਸਥਾ ਪ੍ਰਧਾਨ ਸ. ਸੁਰਿੰਦਰ ਪਾਲ ਸਿੰਘ ਤੂੰਗ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਤਿੰਨੇ ਦਿਨ ਲੰਗਰਾਂ ਦੀ ਸੇਵਾ ਸੰਸਥਾ ਵੱਲੋਂ ਨਿਭਾਈ ਗਈ।

# ਆਈ.ਐੱਸ.ਆਈ.ਐੱਸ. ਦੇ ਨਾਂ 'ਤੇ ਚੋਣਾਂ ਵਾਲੇ ਦਿਨ ਅੱਤਵਾਦੀ ਹਮਲੇ ਦੀ ਸਾਜ਼ਿਸ਼ ਰਚਣ ਲਈ ਅਫਗਾਨ ਨੈਸ਼ਨਲ ਗ੍ਰਿਫਤਾਰ

**ਵਾਸ਼ਿੰਗਟਨ, (ਪੰਜਾਬ ਮੇਲ)**- ਨਿਆਂ ਵਿਭਾਗ ਨੇ ਓਕਲਾਹੋਮਾ ਵਿਚ ਰਹਿਣ ਵਾਲੇ ਅਫਗਾਨਿਸਤਾਨ ਦੇ ਇੱਕ ਨਾਗਰਿਕ ਦੇ ਖਿਲਾਫ ਇੱਕ ਨਾਮਜ਼ਦ ਵਿਦੇਸ਼ੀ ਇਸਲਾਮਿਕ ਸਟੇਟ ਆਫ ਇਰਾਕ ਐਂਡ ਅਲ-ਸ਼ਾਮ (ਆਈ.ਐੱਸ.ਆਈ.ਐੱਸ.) ਦੀ ਤਰਫੋਂ ਸੰਯੁਕਤ ਰਾਜ ਵਿਚ ਚੋਣ ਦਿਵਸ ਅੱਤਵਾਦੀ ਹਮਲੇ ਦੀ ਸਾਜ਼ਿਸ਼ ਰਚਣ ਦੇ ਦੋਸ਼ਾਂ ਦਾ ਐਲਾਨ ਕੀਤਾ। ਅੱਤਵਾਦੀ ਸੰਗਠਨ (ਐੱਫ.ਟੀ.ਓ.) ਦਰਜ ਕੀਤੀ ਗਈ ਇੱਕ ਅਪਰਾਧਿਕ ਸ਼ਿਕਾਇਤ ਦੇ ਅਨੁਸਾਰ, ਨਾਸਿਰ ਅਹਿਮਦ ਤੌਹੇਦੀ (27) ਨੇ ਸਾਜ਼ਿਸ਼ ਰਚੀ ਅਤੇ ਆਈ.ਐੱਸ. ਆਈ.ਐੱਸ. ਨੂੰ ਸਮੱਗਰੀ ਸਹਾਇਤਾ ਪ੍ਰਦਾਨ ਕਰਨ ਦੀ ਕੋਸ਼ਿਸ਼ ਕੀਤੀ ਅਤੇ ਆਈ.ਐੱਸ.ਆਈ.ਐੱਸ. ਦੇ ਨਾਮ 'ਤੇ ਅਮਰੀਕੀ ਧਰਤੀ 'ਤੇ ਹਿੰਸਕ ਹਮਲਾ ਕਰਨ ਲਈ ਹਥਿਆਰ ਅਤੇ ਗੋਲਾ ਬਾਰੂਦ ਪ੍ਰਾਪਤ ਕੀਤਾ। ਸਾਜ਼ਿਸ਼ ਦੇ ਹਿੱਸੇ ਵਜੋਂ, ਬਚਾਓ ਪੱਖ ਨੇ ਕਥਿਤ ਤੌਰ 'ਤੇ ਆਪਣੇ ਪਰਿਵਾਰ ਦੀਆਂ ਜਾਇਦਾਦਾਂ ਨੂੰ ਖਤਮ ਕਰਨ, ਵਿਦੇਸ਼ਾਂ ਵਿਚ ਆਪਣੇ ਪਰਿਵਾਰ ਦੇ ਮੈਂਬਰਾਂ ਨੂੰ ਮੁੜ ਵਸਾਉਣ, ਏ.ਕੇ.-47 ਅਸਾਲਟ ਰਾਈਫਲਾਂ ਅਤੇ ਗੋਲਾ ਬਾਰੂਦ ਹਾਸਲ ਕਰਨ ਅਤੇ ਸੰਯੁਕਤ ਰਾਜ ਅਮਰੀਕਾ ਵਿਚ ਇੱਕ ਅੱਤਵਾਦੀ ਹਮਲਾ ਕਰਨ ਲਈ ਕਦਮ ਚੁੱਕੇ। ਅਟਾਰਨੀ ਜਨਰਲ ਮੈਰਿਕ ਬੀ ਗਾਰਲੈਂਡ ਨੇ ਕਿਹਾ, "ਜਿਵੇਂ ਕਿ ਦੋਸ਼ ਲਗਾਇਆ ਗਿਆ ਹੈ, ਨਿਆਂ ਵਿਭਾਗ ਨੇ ਅਰਧ-ਆਟੋਮੈਟਿਕ ਹਥਿਆਰਾਂ ਨੂੰ ਹਾਸਲ ਕਰਨ ਅਤੇ ਚੋਣ ਵਾਲੇ ਦਿਨ ਯੂ.ਐੱਸ. ਦੀ ਧਰਤੀ ਉੱਤੇ ਆਈ.ਐੱਸ.ਆਈ.ਐੱਸ. ਦੇ ਨਾਂ 'ਤੇ ਹਿੰਸਕ ਹਮਲਾ ਕਰਨ ਦੀ ਪ੍ਰਤੀਵਾਦੀ ਦੀ ਸਾਜ਼ਿਸ਼ ਨੂੰ ਨਾਕਾਮ ਕਰ ਦਿੱਤਾ। ਅਸੀਂ ਆਈ.ਐੱਸ.ਆਈ.ਐੱਸ. ਅਤੇ ਇਸਦੇ ਸਮਰਥਕਾਂ ਦੁਆਰਾ ਅਮਰੀਕਾ ਦੀ ਰਾਸ਼ਟਰੀ ਸੁਰੱਖਿਆ ਲਈ ਖਤਰੇ ਦੇ ਚੱਲ ਰਹੇ ਖਤਰੇ ਦਾ ਮੁਕਾਬਲਾ ਕਰਨਾ ਜਾਰੀ ਰੱਖਾਂਗੇ ਅਤੇ ਅਸੀਂ ਉਨ੍ਹਾਂ ਵਿਅਕਤੀਆਂ ਦੀ ਪਛਾਣ ਕਰਾਂਗੇ ਅਤੇ ਮੁਕੱਦਮਾ ਚਲਾਵਾਂਗੇ, ਜੋ ਅਮਰੀਕੀ ਲੋਕਾਂ ਨੂੰ ਦਹਿਸ਼ਤਜ਼ਦਾ ਕਰਨਾ ਚਾਹੁੰਦੇ ਹਨ।

## ਸ਼ੋਕ ਸਮਾਚਾਰ

### ਬੈਂਸ ਪਰਿਵਾਰ ਨੂੰ ਸਦਮਾ, ਸ. ਹਰਿੰਦਰ ਸਿੰਘ ਕਾਲਾ ਬੈਂਸ ਦੀ ਮਾਤਾ ਦਾ ਦਿਹਾਂਤ



ਮਾਤਾ ਗੁਰਮੇਜ ਕੌਰ

**ਸਿਆਟਲ, (ਗੁਰਚਰਨ ਸਿੰਘ ਢਿੱਲੋਂ/ਪੰਜਾਬ ਮੇਲ)**- ਸਿਆਟਲ ਦੀਆਂ ਜਾਣੀਆਂ ਪਛਾਣੀਆਂ ਸ਼ਖਸੀਅਤਾਂ ਹਰਿੰਦਰ ਸਿੰਘ ਬੈਂਸ ਅਤੇ ਕੁਲਵਿੰਦਰ ਸਿੰਘ ਬੈਂਸ ਦੇ ਮਾਤਾ ਸ਼੍ਰੀਮਤੀ ਗੁਰਮੇਜ ਕੌਰ (97 ਸਾਲ) ਸਦਾ ਲਈ ਪਰਿਵਾਰ ਤੋਂ ਵਿਛੜ ਗਏ ਹਨ। ਉਨ੍ਹਾਂ ਦਾ ਸਸਕਾਰ 13 ਅਕਤੂਬਰ ਨੂੰ ਐਤਵਾਰ ਦੁਪਹਿਰ 1 ਵਜੇ ਇਨਾਨ ਸਨਸੈਟ ਫਿਊਨਰਲ ਹੋਮ ਰਿਚਲੈਂਡ ਵਿਖੇ ਹੋਵੇਗਾ। ਉਪਰੰਤ ਅੰਤਿਮ ਅਰਦਾਸ ਅਤੇ ਲੰਗਰ ਦੀ ਸੇਵਾ ਹੋਵੇਗੀ। ਸਿਆਟਲ ਦੇ ਗੁਰਦੀਪ ਸਿੰਘ ਸਿੱਧੂ ਅਤੇ ਪਿੰਟੂ ਬਾਠ ਨੇ ਦੱਸਿਆ ਕਿ ਮਾਤਾ ਜੀ ਚੰਗੇ ਸੁਭਾਅ ਵਾਲੇ ਅਤੇ ਬਹੁਤ ਮਿਲਨਸਾਰ ਸਨ।

## ਸ਼ੋਕ ਸਮਾਚਾਰ

### ਰਿੱਪੀ ਧਾਲੀਵਾਲ ਨੂੰ ਸਦਮਾ, ਮਾਤਾ ਅਮਰਜੀਤ ਕੌਰ ਧਾਲੀਵਾਲ ਸਦੀਵੀ ਵਿਛੋੜਾ ਦੇ ਗਏ



ਮਾਤਾ ਅਮਰਜੀਤ ਕੌਰ ਧਾਲੀਵਾਲ

**ਸਿਆਟਲ, (ਗੁਰਚਰਨ ਸਿੰਘ ਢਿੱਲੋਂ/ਪੰਜਾਬ ਮੇਲ)**-ਮੈਰਿਜਵਿਲ ਗੁਰਦੁਆਰਾ ਸਾਹਿਬ ਦੇ ਸਕੱਤਰ ਸ. ਗੁਰਵਿੰਦਰ ਸਿੰਘ ਧਾਲੀਵਾਲ ਦੇ ਮਾਤਾ ਜੀ ਸ਼੍ਰੀਮਤੀ ਅਮਰਜੀਤ ਕੌਰ (88) ਆਪਣੇ ਪਰਿਵਾਰ ਨੂੰ ਸਦੀਵੀ ਵਿਛੋੜਾ ਦੇ ਗਏ। ਜਿਨ੍ਹਾਂ ਦਾ ਸਸਕਾਰ 19 ਅਕਤੂਬਰ 11 ਵਜੇ ਐਟਰਨ 3301 Colby. WA ਫਿਊਨਰਲ ਹੋਮ ਵਿਖੇ ਹੋਵੇਗਾ। ਉਪਰੰਤ ਅੰਤਿਮ ਅਰਦਾਸ ਗੁਰੂ ਨਾਨਕ ਸਿੱਖ ਟੈਂਪਲ ਮੈਰਿਜਵਿੱਲ ਵਿਖੇ ਕੀਤੀ ਜਾਵੇਗੀ। ਇਸ ਮੌਕੇ ਮਨਦੀਪ ਸਿੰਘ ਸੰਘਾ, ਗੁਰਦੀਪ ਸਿੰਘ ਸਿੱਧੂ, ਮਨਮੋਹਨ ਸਿੰਘ ਧਾਲੀਵਾਲ, ਪਿੰਟੂ ਬਾਠ, ਜਗਦੇਵ ਸਿੰਘ ਸੰਧੂ, ਬਲਬੀਰ ਸਿੰਘ ਉਸਮਾਨਪੁਰ ਅਤੇ ਡਾ. ਬੌਬੀ ਵਿਰਕ ਨੇ ਪਰਿਵਾਰ ਨਾਲ ਦੁੱਖ ਸਾਂਝਾ ਕਰਦਿਆਂ ਹੋਇਆਂ ਦੱਸਿਆ ਕਿ ਮਾਤਾ ਜੀ ਮਿਹਨਤੀ, ਮਿਲਨਸਾਰ ਅਤੇ ਧਾਰਮਿਕ ਸੁਭਾਅ ਦੇ ਮਾਲਕ ਸਨ। ਇੰਡੀਆ ਵਿਚ ਬਹੁਤ ਲੰਮਾ ਸਮਾਂ ਅਧਿਆਪਕ ਦੇ ਤੌਰ 'ਤੇ ਸੇਵਾ ਨਿਭਾਈ।



# ਟਰੰਪ ਵੱਲੋਂ ਮਸਕ ਨਾਲ ਰੈਲੀ ਕਰਕੇ ਕਮਲਾ ਨੂੰ ਹਰਾਉਣ ਦੀ ਅਪੀਲ

**■ ਸਾਬਕਾ ਰਾਸ਼ਟਰਪਤੀ ਨੇ 12 ਹਫ਼ਤੇ ਪਹਿਲਾਂ ਹੋਏ ਹਮਲੇ ਵਾਲੀ ਥਾਂ ’ਤੇ ਕੀਤੀ ਰੈਲੀ**

ਵਾਸ਼ਿੰਗਟਨ, (ਪੰਜਾਬ ਮੇਲ)- ਰਿਪਬਲਿਕਨ ਆਗੂ ਡੋਨਲਡ ਟਰੰਪ ਨੇ ਪੈਨਸਿਲਵੇਨੀਆ ਦੇ ਬਟਲਰ ਸ਼ਹਿਰ ’ਚ ਰੈਲੀ ਕਰਕੇ ਲੋਕਾਂ ਨੂੰ ਜਜ਼ਬਾਤੀ ਅਪੀਲ ਕੀਤੀ ਕਿ ਉਹ ਡੈਮੋਕਰੈਟਿਕ ਪਾਰਟੀ ਦੀ ਉਮੀਦਵਾਰ ਕਮਲਾ ਹੈਰਿਸ ਨੂੰ ਹਰਾ ਕੇ ਉਨ੍ਹਾਂ ਨੂੰ ਅਮਰੀਕਾ ਦਾ ਅਗਲਾ ਰਾਸ਼ਟਰਪਤੀ ਚੁਣਨ। ਇਹ ਉਹ ਸ਼ਹਿਰ ਹੈ, ਜਿਥੇ 12 ਹਫ਼ਤੇ ਪਹਿਲਾਂ ਟਰੰਪ ’ਤੇ ਹਮਲਾ ਹੋਇਆ ਸੀ। ਰੈਲੀ ’ਚ ਟੈਸਲਾ ਦੇ ਮਾਲਕ ਐਲਨ ਮਸਕ ਅਤੇ ਉਪ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਸੈਨੇਟਰ ਜੇ.ਡੀ. ਵੈਂਸ ਵੀ ਹਾਜ਼ਰ ਸਨ। ਟਰੰਪ ਨੇ ਕਿਹਾ, “ਸਾਨੂੰ ਰਲ ਕੇ ਉਸ (ਕਮਲਾ ਹੈਰਿਸ) ਨੂੰ ਮੁਲਕ ਤਬਾਹ ਕਰਨ ਤੋਂ ਰੋਕਣਾ ਹੋਵੇਗਾ। ਉਸ ਦਾ ਕੱਟੜਪੰਥੀ ਏਜੰਡਾ ਲਾਗੂ ਨਹੀਂ ਹੋਣਾ ਚਾਹੀਦਾ ਹੈ। ਇਸ ਲਈ ਤੁਹਾਨੂੰ ਸਾਰਿਆਂ ਨੂੰ ਘਰਾਂ ਤੋਂ ਬਾਹਰ ਨਿਕਲ ਕੇ ਵੋਟ ਪਾਉਣਾ ਚਾਹੀਦਾ ਹੈ।” ਕਮਲਾ ਹੈਰਿਸ ’ਤੇ ਵਰ੍ਹਦਿਆਂ ਟਰੰਪ ਨੇ ਕਿਹਾ ਕਿ ਉਹ ਸਰਹੱਦੀ ਸੁਰੱਖਿਆ ਅਤੇ ਅਰਥਚਾਰੇ ਸਮੇਤ ਕਈ ਮੁਹਾਜ਼ਾਂ ’ਤੇ ਨਾਕਾਮ ਰਹੀ ਹੈ। ਉਨ੍ਹਾਂ ਕਿਹਾ ਕਿ ਕਮਲਾ ਨੇ ਪੈਨਸਿਲਵੇਨੀਆ ਉਪਰ ਕੁਦਰਤੀ ਗੈਸ ਬਰਾਮਦਗੀ ’ਤੇ ਪਾਬੰਦੀ ਲਾਈ ਹੈ, ਜੋ ਊਰਜਾ ਵਰਕਰਾਂ ਅਤੇ ਕੀਮਤਾਂ ’ਤੇ ਮਾੜਾ ਅਸਰ ਪਾ ਰਹੀ ਹੈ। ਟਰੰਪ ਨੇ ਕਿਹਾ ਕਿ ਜੇ ਉਹ ਮੁੜ ਰਾਸ਼ਟਰਪਤੀ ਬਣੇ, ਤਾਂ ਪਹਿਲੇ ਦਿਨ ਹੀ ਸਰਹੱਦ ਸੀਲ ਕਰਨ ਅਤੇ ਪ੍ਰਵਾਸੀਆਂ ਦੇ ਮੁਲਕ ਅੰਦਰ ਦਾਖ਼ਲ ਹੋਣ ’ਤੇ ਪਾਬੰਦੀ ਲਗਾਉਣ ਦਾ ਫ਼ੈਸਲਾ ਲੈਣਗੇ। ਆਪਣੇ ਸੰਖੇਪ ਭਾਸ਼ਣ ’ਚ ਮਸਕ ਨੇ ਕਿਹਾ ਕਿ ਸੰਵਿਧਾਨ ਦੀ ਰਾਖੀ ਲਈ ਟਰੰਪ ਨੂੰ ਜਿਤਾਉਣਾ ਚਾਹੀਦਾ ਹੈ। ਉਨ੍ਹਾਂ ਅਮਰੀਕਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਵੋਟ ਜ਼ੂਰ ਪਾਉਣ ਕਿਉਂਕਿ ਇਹ ਆਖਰੀ ਚੋਣ ਹੋ ਸਕਦੀ ਹੈ।



ਟੈਸਲਾ ਦੇ ਸੀ.ਈ.ਓ. ਐਲਨ ਮਸਕ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਦੀ ਰੈਲੀ ਨੂੰ ਸੰਬੋਧਨ ਕਰਦੇ ਹੋਏ।

# 10 ਡਾਲਰ ਪ੍ਰਤੀ-ਦਿਨ ਚਾਈਲਡ ਕੇਅਰ ਕੈਪ ਦਾ ਪ੍ਰਸਤਾਵ

ਵਾਸ਼ਿੰਗਟਨ, (ਪੰਜਾਬ ਮੇਲ)- ਕੈਲੀਫੋਰਨੀਆ ਤੋਂ ਭਾਰਤੀ ਅਮਰੀਕਨ ਕਾਂਗਰਸ ਮੈਂਬਰ ਰੋ ਖੰਨਾ ਸਾਲ ਵਿਚ 250,000 ਡਾਲਰ ਤੋਂ ਘੱਟ ਕਮਾਉਣ ਵਾਲੇ ਪਰਿਵਾਰਾਂ ਲਈ ਬਾਲ ਦੇਖਭਾਲ ਦੇ ਖਰਚੇ ਨੂੰ 10 ਡਾਲਰ ਪ੍ਰਤੀ ਦਿਨ ਤੱਕ ਸੀਮਤ ਕਰਨ ਲਈ ਇੱਕ ਨਵਾਂ ਕਾਨੂੰਨ ਪੇਸ਼ ਕਰ ਰਿਹਾ ਹੈ।

ਯੋਜਨਾ ਦਾ ਉਦੇਸ਼ ਬੱਚਿਆਂ ਦੀ ਦੇਖਭਾਲ ਦੇ ਉੱਚ ਖਰਚਿਆਂ ਨਾਲ ਸੰਘਰਸ਼ ਕਰ ਰਹੇ ਪਰਿਵਾਰਾਂ ਦੀ ਮਦਦ ਕਰਨਾ ਹੈ। ਚਾਈਲਡ ਕੇਅਰ ਅਵੇਅਰ ਆਫ ਅਮਰੀਕਾ ਦੇ ਅਨੁਸਾਰ, ਅਮਰੀਕਾ ਵਿਚ ਡੇ-ਕੇਅਰ ਦੀ ਔਸਤ ਸਾਲਾਨਾ ਲਾਗਤ ਪ੍ਰਤੀ ਬੱਚਾ 10,000 ਡਾਲਰ ਤੋਂ ਵੱਧ ਹੈ, ਅਤੇ ਕੁਝ ਰਾਜਾਂ ਵਿਚ, ਇਹ 20,000 ਡਾਲਰ ਤੱਕ ਹੋ ਸਕਦੀ ਹੈ। ਖੰਨਾ ਦੀ ਤਜਵੀਜ਼ ਕੈਨੇਡਾ ਦੇ ਸਮਾਨ ਗ੍ਰਾਂਟ ਪ੍ਰਣਾਲੀ ਦੀ ਵਰਤੋਂ ਕਰਦੇ ਹੋਏ, ਚਾਈਲਡ ਕੇਅਰ ਪ੍ਰਦਾਤਾਵਾਂ ਦੀ ਸਹਾਇਤਾ ਲਈ ਹਰ ਸਾਲ ਲਗਭਗ 100 ਬਿਲੀਅਨ ਡਾਲਰ ਰੱਖੇਗੀ, ਜਿੱਥੇ ਬੱਚਿਆਂ ਦੀ ਦੇਖਭਾਲ ਦੇ ਖਰਚੇ ਪਹਿਲਾਂ ਹੀ ਘਟਾਏ ਗਏ ਹਨ।

ਬਿੱਲ ਵਿਚ ਚਾਈਲਡ ਕੇਅਰ ਵਰਕਰਾਂ ਲਈ ਤਨਖ਼ਾਹ ਵਧਾਉਣ ਦੇ ਉਪਬੰਧ ਵੀ ਸ਼ਾਮਲ ਹਨ, ਟਾਈਮ ਦੁਆਰਾ ਰਿਪੋਰਟ ਕੀਤੇ ਅਨੁਸਾਰ, ਮਜ਼ਦੂਰਾਂ ਦੀ ਘਾਟ ਨੂੰ ਹੱਲ ਕਰਨ ਲਈ ਦੇਸ਼ ਵਿਆਪੀ ਘੱਟੋ-ਘੱਟ 24 ਡਾਲਰ ਪ੍ਰਤੀ ਘੰਟਾ ਨਿਰਧਾਰਤ ਕਰਨਾ ਹੈ।

ਜਿਹੜੇ ਪਰਿਵਾਰ ਬਾਹਰੀ ਬਾਲ ਦੇਖਭਾਲ ਸੇਵਾਵਾਂ ਦੀ ਵਰਤੋਂ ਨਾ ਕਰਨ ਦੀ ਚੋਣ ਕਰਦੇ ਹਨ, ਖੰਨਾ ਦੀ ਯੋਜਨਾ ਉਨ੍ਹਾਂ ਨੂੰ ਤਿੰਨ ਸਾਲ ਤੋਂ ਘੱਟ ਉਮਰ ਦੇ ਹਰੇਕ ਬੱਚੇ ਲਈ 300 ਡਾਲਰ ਪ੍ਰਤੀ ਮਹੀਨਾ ਦੇਵੇਗੀ। ਬੱਚਿਆਂ ਦੀ ਦੇਖਭਾਲ ਕਰਨ ਵਾਲੇ ਪਰਿਵਾਰਕ ਮੈਂਬਰ ਵੀ ਭੁਗਤਾਨ ਦੇ ਯੋਗ ਹੋਣਗੇ।

ਉਨ੍ਹਾਂ ਨੂੰ ਭਰੋਸਾ ਹੈ ਕਿ ਜੇਕਰ ਉਪ ਰਾਸ਼ਟਰਪਤੀ ਕਮਲਾ ਹੈਰਿਸ ਰਾਸ਼ਟਰਪਤੀ ਬਣਦੇ ਹਨ, ਤਾਂ ਉਹ ਇਸ ਯੋਜਨਾ ਦਾ ਸਮਰਥਨ ਕਰਨਗੇ।

# ਨਵੰਬਰ ’ਚ ਹੋਣ ਵਾਲੀਆਂ ਅਮਰੀਕੀ ਚੋਣਾਂ ਸ਼ਾਂਤੀਪੂਰਨ ਨਹੀਂ ਹੋਣਗੀਆਂ

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਨਵੰਬਰ ’ਚ ਹੋਣ ਵਾਲੀਆਂ ਚੋਣਾਂ ਨੂੰ ਲੈ ਕੇ ਚਿੰਤਾ ਜ਼ਾਹਰ ਕੀਤੀ ਹੈ। ਜੋਅ ਬਾਇਡਨ ਨੇ ਕਿਹਾ ਕਿ ਉਹ ਇਸ ਗੱਲ ਤੋਂ ਚਿੰਤਤ ਹਨ ਕਿ ਜੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਹਾਰ ਜਾਂਦੇ ਹਨ, ਤਾਂ ਉਹ ਕੀ ਕਰਨਗੇ। ਅਮਰੀਕਾ ਵਿਚ ਅਗਲੇ ਮਹੀਨੇ ਰਾਸ਼ਟਰਪਤੀ ਚੋਣਾਂ ਹੋਣੀਆਂ ਹਨ। ਇਸ ਵਾਰ ਉਪ ਰਾਸ਼ਟਰਪਤੀ ਕਮਲਾ ਹੈਰਿਸ ਡੈਮੋਕ੍ਰੇਟਿਕ ਪਾਰਟੀ ਵਲੋਂ ਅਤੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਰਿਪਬਲਿਕਨ ਪਾਰਟੀ ਵਲੋਂ ਚੋਣ ਮੈਦਾਨ ਵਿਚ ਹਨ।

ਵ੍ਹਾਈਟ ਹਾਊਸ ਦੇ ਬ੍ਰੀਫਿੰਗ ਰੂਮ ’ਚ ਮੀਡੀਆ ਨਾਲ ਗੱਲ ਕਰਦੇ ਹੋਏ ਰਾਸ਼ਟਰਪਤੀ ਜੋਅ ਬਾਇਡਨ ਨੇ ਕਿਹਾ ਕਿ ਮੈਨੂੰ ਭਰੋਸਾ ਨਹੀਂ ਹੈ ਕਿ ਨਵੰਬਰ ’ਚ ਹੋਣ ਵਾਲੀਆਂ ਅਮਰੀਕੀ ਚੋਣਾਂ ਸ਼ਾਂਤੀਪੂਰਨ ਹੋਣਗੀਆਂ, ਕਿਉਂਕਿ ਰਿਪਬਲਿਕਨ ਉਮੀਦਵਾਰ ਡੋਨਾਲਡ ਟਰੰਪ ਇਸ ਤੋਂ ਪਹਿਲਾਂ ਵੀ ਇਸ ਬਾਰੇ ਟਿੱਪਣੀ ਕਰ ਚੁੱਕੇ ਹਨ। ਉਨ੍ਹਾਂ ਅੱਗੇ ਕਿਹਾ ਕਿ ਮੈਨੂੰ ਭਰੋਸਾ ਹੈ ਕਿ ਇਹ ਚੋਣ ਆਜ਼ਾਦ ਅਤੇ ਨਿਰਪੱਖ ਹੋਵੇਗੀ, ਪਰ ਮੈਨੂੰ ਨਹੀਂ ਪਤਾ ਕਿ ਇਹ ਸ਼ਾਂਤੀਪੂਰਨ ਹੋਵੇਗੀ ਜਾਂ ਨਹੀਂ।

ਜਦੋਂ ਜੋਅ ਬਾਇਡਨ ਨੂੰ ਪੁੱਛਿਆ ਗਿਆ ਕਿ ਕੀ ਇਜ਼ਰਾਈਲ ਜੰਗਬੰਦੀ ਲਈ ਸਹਿਮਤ ਨਾ ਹੋ ਕੇ ਅਮਰੀਕੀ ਚੋਣਾਂ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ ? ਇਸ ’ਤੇ ਜੋਅ ਬਾਇਡਨ ਨੇ ਕਿਹਾ, ‘ਮੈਨੂੰ ਨਹੀਂ ਪਤਾ ਕਿ ਇਜ਼ਰਾਈਲ ਜੰਗਬੰਦੀ ਲਈ ਸਹਿਮਤ ਨਾ ਹੋ ਕੇ 2024 ਦੀਆਂ ਅਮਰੀਕੀ ਚੋਣਾਂ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ ਜਾਂ ਨਹੀਂ।’

ਜਦੋਂ ਜੋਅ ਬਾਇਡਨ ਨੂੰ ਪੁੱਛਿਆ ਗਿਆ ਕਿ ਕੀ ਉਹ ਈਰਾਨ ਦੇ ਕੱਚੇ ਤੇਲ ਪਲਾਂਟਾਂ ’ਤੇ ਹਮਲਾ ਕਰਨ ਵਾਲੇ ਇਜ਼ਰਾਈਲ ਦਾ ਸਮਰਥਨ ਕਰਨਗੇ, ਤਾਂ ਉਨ੍ਹਾਂ ਕਿਹਾ ਕਿ ਅਸੀਂ ਇਸ ’ਤੇ ਚਰਚਾ ਕਰ ਰਹੇ ਹਾਂ। ਹਾਲਾਂਕਿ, ਇੱਕ ਅਮਰੀਕੀ ਅਧਿਕਾਰੀ ਨੇ ਬਾਅਦ ਵਿਚ ਕਿਹਾ ਕਿ ਪ੍ਰਸ਼ਾਸਨ ਅਜੇ ਵੀ ਇਜ਼ਰਾਈਲ ਨਾਲ ਗੱਲਬਾਤ ਕਰ ਰਿਹਾ ਹੈ ਅਤੇ ਉਸਨੂੰ ਵਿਸ਼ਵਾਸ ਹੈ ਕਿ ਅਜੇ ਕੋਈ ਫੈਸਲਾ ਨਹੀਂ ਲਿਆ ਗਿਆ ਹੈ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ ’ਤੇ ਕਲਿੱਕ ਕਰੋ :**
**www.punjabmailusa.com**



# ਯੂ.ਐੱਸ. ਸਕਿਓਰਿਟੀਜ਼ ਐਂਡ ਐਕਸਚੇਂਜ ਕਮਿਸ਼ਨ ਦੇ ਡਾਇਰੈਕਟਰ ਗੁਰਬੀਰ ਸਿੰਘ ਗਰੇਵਾਲ 11 ਅਕਤੂਬਰ ਨੂੰ ਦੇਣਗੇ ਅਸਤੀਫ਼ਾ






**ਵਾਸ਼ਿੰਗਟਨ, (ਰਾਜ ਗੋਗਨਾ/ ਪੰਜਾਬ ਮੇਲ)**-ਅਮਰੀਕਾ ਵਿਚ ਅਹਿਮ ਅਹੁਦੇ 'ਤੇ ਤਾਇਨਾਤ ਪੰਜਾਬੀ ਐੱਸ.ਈ.ਸੀ. ਡਵੀਜ਼ਨ ਆਫ ਇਨਫੋਰਸਮੈਂਟ ਦੇ ਡਾਇਰੈਕਟਰ ਗੁਰਬੀਰ ਸਿੰਘ। ਗਰੇਵਾਲ 11 ਅਕਤੂਬਰ ਨੂੰ ਆਪਣੇ ਅਹੁਦੇ ਤੋਂ ਅਸਤੀਫ਼ਾ ਦੇਣ ਜਾ ਰਹੇ ਹਨ। ਹੁਣ ਉਨ੍ਹਾਂ ਦੀ ਥਾਂ 'ਤੇ ਸੰਜੇ ਵਧਵਾ, ਡਿਵੀਜ਼ਨ ਦੇ ਡਿਪਟੀ ਡਾਇਰੈਕਟਰ, ਅਤੇ ਕਾਰਜਕਾਰੀ ਨਿਰਦੇਸ਼ਕ ਵਜੋਂ ਕੰਮ ਕਰਨਗੇ, ਅਤੇ ਡਿਵੀਜ਼ਨ ਦੇ ਮੁੱਖ ਵਕੀਲ ਸੈਮ ਵਾਲਡਨ ਕਾਰਜਕਾਰੀ ਡਿਪਟੀ ਡਾਇਰੈਕਟਰ ਦਾ ਚਾਰਜ ਸੰਭਾਲਣਗੇ। ਇਸ ਅਹੁਦੇ ਤੋਂ ਸ਼ਾਮਲ ਹੋਣ ਤੋਂ ਪਹਿਲਾਂ, ਗੁਰਬੀਰ ਸਿੰਘ ਗਰੇਵਾਲ ਸੰਨ 2018 ਤੋਂ 2021 ਤੱਕ ਨਿਊਜਰਸੀ ਰਾਜ ਦੇ ਅਟਾਰਨੀ ਜਨਰਲ ਸਨ।

ਇਸ ਤੋਂ ਪਹਿਲਾਂ, ਉਨ੍ਹਾਂ ਨੇ ਨਿਊਜਰਸੀ ਸੂਬੇ ਦੀ ਸਭ ਤੋਂ ਵੱਧ ਆਬਾਦੀ ਵਾਲੀ ਬ੍ਰਹਮ ਕਾਉਂਟੀ ਦੇ ਲਈ ਮੁੱਖ ਕਾਨੂੰਨ ਲਾਗੂ ਕਰਨ ਵਾਲੇ ਇਕ ਪ੍ਰੌਸੀਕਿਊਟਰ ਦੇ ਵਜੋਂ ਵੀ ਕੰਮ ਕੀਤਾ। ਇਕੱਲੇ ਇਸ ਸਾਲ, 2024 'ਚ ਆਪਣੇ ਅਹੁਦੇ ਤੇ ਤਾਇਨਾਤ ਸ. ਗੁਰਬੀਰ ਸਿੰਘ ਗਰੇਵਾਲ ਨੇ ਇਲੈਕਟ੍ਰਾਨਿਕ ਸੰਚਾਰ ਰਿਕਾਰਡਕੀਪਿੰਗ ਅਸਫਲਤਾਵਾ ਪ੍ਰਾਪਤ 12 ਫਰਮਾਂ ਨੂੰ ਜੁਰਮਾਨਾ ਕਰਨ ਲਈ ਕੰਮ ਕੀਤਾ। ਅਗਸਤ ਵਿਚ, 26 ਬ੍ਰੋਕਰ-ਡੀਲਰਾਂ, ਨਿਵੇਸ਼ ਸਲਾਹਕਾਰਾਂ, ਅਤੇ ਦੋਹਰੇ-ਰਜਿਸਟਰਡ ਬ੍ਰੋਕਰ-ਡੀਲਰਾਂ ਅਤੇ ਨਿਵੇਸ਼ ਸਲਾਹਕਾਰਾਂ ਨੂੰ ਉਨ੍ਹਾਂ ਦੁਆਰਾ ਵਿਆਪਕ ਰਿਕਾਰਡਕੀਪਿੰਗ ਉਲੰਘਣਾਵਾਂ ਲਈ ਸੰਯੁਕਤ 392.75 ਮਿਲੀਅਨ ਡਾਲਰ ਦਾ ਜੁਰਮਾਨਾ ਲਗਾਇਆ ਗਿਆ ਸੀ। ਗੁਰਬੀਰ ਸਿੰਘ ਗਰੇਵਾਲ ਪਿਛਲੇ ਤਿੰਨ ਸਾਲਾਂ ਤੋਂ ਐਨਫੋਰਸਮੈਂਟ ਡਵੀਜ਼ਨ ਦੀ ਅਗਵਾਈ ਕਰਨ ਵਾਲੇ ਭਾਰਤੀ ਸਿੱਖ ਐੱਸ.ਈ.ਸੀ. ਵਿਚ ਰਹੇ।

# ਜ਼ਿਮਨੀ ਚੋਣ: ਮਨਪ੍ਰੀਤ ਬਾਦਲ ਗਿੱਦੜਬਾਹਾ ਤੇ ਕੇਵਲ ਢਿੱਲੋਂ ਬਰਨਾਲਾ ਤੋਂ ਲੜ ਸਕਦੇ ਨੇ ਚੋਣ

**ਚੰਡੀਗੜ੍ਹ, (ਪੰਜਾਬ ਮੇਲ)**- 5 ਵਾਰ ਵਿਧਾਇਕ ਰਹੇ ਅਤੇ ਭਾਜਪਾ ਆਗੂ ਮਨਪ੍ਰੀਤ ਸਿੰਘ ਬਾਦਲ ਨੇ ਸਿਹਤ ਸਬੰਧੀ ਮਸਲਿਆਂ ਤੋਂ ਉਭਰਨ ਮਗਰੋਂ ਗਿੱਦੜਬਾਹਾ ਵਿਧਾਨ ਸਭਾ ਜ਼ਿਮਨੀ ਚੋਣ ਲਈ ਤਿਆਰੀ ਵਿੱਢ ਦਿੱਤੀ ਹੈ। ਭਾਜਪਾ ਨੇ ਤਕਰੀਬਨ ਉਨ੍ਹਾਂ ਦਾ ਨਾਂ ਇਸ ਸੀਟ ਲਈ ਤੈਅ ਕਰ ਲਿਆ ਦੱਸਿਆ ਜਾ ਰਿਹਾ ਹੈ। ਭਾਜਪਾ ਦੀ ਟਿਕਟ 'ਤੇ ਮਨਪ੍ਰੀਤ ਬਾਦਲ ਪਹਿਲੀ ਵਾਰ ਚੋਣ ਲੜ ਸਕਦੇ ਹਨ। ਇਸੇ ਤਰ੍ਹਾਂ ਭਾਜਪਾ ਨੇ ਬਰਨਾਲਾ ਸੀਟ ਲਈ ਕੇਵਲ ਢਿੱਲੋਂ ਦਾ ਨਾਂ ਤੈਅ ਕਰ ਲਿਆ ਹੈ। ਇਹ ਦੋਵੇਂ ਆਗੂ ਪਹਿਲਾਂ ਹੀ ਇਨ੍ਹਾਂ ਵਿਧਾਨ ਸਭਾ ਹਲਕਿਆਂ 'ਚ ਸਰਗਰਮ ਹਨ ਅਤੇ ਉਨ੍ਹਾਂ ਵੱਲੋਂ ਪਾਰਟੀ ਵਰਕਰਾਂ ਨਾਲ ਲਗਾਤਾਰ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ। ਪਾਰਟੀ ਸੂਤਰਾਂ ਨੇ ਕਿਹਾ ਕਿ ਡੇਰਾ ਬਾਬਾ ਨਾਨਕ ਸੀਟ ਤੋਂ ਰਵੀਕਰਨ ਕਾਹਲੋਂ ਦਾ ਨਾਂ ਸਭ ਤੋਂ ਅੱਗੇ ਚੱਲ ਰਿਹਾ ਹੈ। ਚੱਬੇਵਾਲ ਸੀਟ 'ਤੇ ਉਮੀਦਵਾਰ ਦੀ ਚੋਣ ਨੂੰ ਲੈ ਕੇ ਪਾਰਟੀ ਅਜੇ ਕਿਸੇ ਨਤੀਜੇ 'ਤੇ ਨਹੀਂ ਪੁੱਜੀ ਹੈ।

# ਜੇ.ਪੀ. ਮੋਰਗਨ ਦੇ ਸੀ.ਈ.ਓ. ਦਾ ਟਰੰਪ ਦਾ ਸਮਰਥਨ ਕਰਨ ਦਾ ਦਾਅਵਾ ਝੂਠ ਨਿਕਲਿਆ

**ਵਾਸ਼ਿੰਗਟਨ, (ਪੰਜਾਬ ਮੇਲ)**- ਡੋਨਾਲਡ ਟਰੰਪ ਨੇ ਸੋਸ਼ਲ ਮੀਡੀਆ 'ਤੇ ਇਕ ਪੋਸਟ ਸ਼ੇਅਰ ਕਰਦੇ ਹੋਏ ਦਾਅਵਾ ਕੀਤਾ ਕਿ ਜੇ.ਪੀ. ਮੋਰਗਨ ਦੇ ਸੀ.ਈ.ਓ. ਜੈਮੀ ਡਿਮਨ ਨੇ ਰਾਸ਼ਟਰਪਤੀ ਚੋਣ ਵਿਚ ਟਰੰਪ ਦਾ ਸਮਰਥਨ ਕੀਤਾ ਹੈ। ਹਾਲਾਂਕਿ, ਕੰਪਨੀ ਨੇ ਇੱਕ ਬਿਆਨ ਜਾਰੀ ਕਰਕੇ ਸਪੱਸ਼ਟ ਕਿਹਾ ਹੈ ਕਿ ਡਿਮਨ ਨੇ ਕਿਸੇ ਦਾ ਪੱਖ ਨਹੀਂ ਲਿਆ ਹੈ। ਦਰਅਸਲ, ਟਰੰਪ ਨੇ ਸੋਸ਼ਲ ਮੀਡੀਆ ਪਲੇਟਫਾਰਮ ਟਰੂਥ 'ਤੇ ਜੈਮੀ ਡਿਮਨ ਦੀ ਤਸਵੀਰ ਪੋਸਟ ਕੀਤੀ ਸੀ, ਜਿਸ ਦੇ ਨਾਲ ਲਿਖਿਆ ਸੀ ਕਿ 'ਜੇ.ਪੀ. ਮੋਰਗਨ ਦੇ ਸੀ.ਈ.ਓ. ਜੈਮੀ ਡਿਮਨ ਨੇ ਰਾਸ਼ਟਰਪਤੀ ਅਹੁਦੇ ਲਈ ਟਰੰਪ ਦਾ ਸਮਰਥਨ ਕੀਤਾ ਹੈ।'

ਹਾਲਾਂਕਿ, ਬਾਅਦ ਵਿਚ ਜੇ.ਪੀ. ਮੋਰਗਨ ਦੇ ਬੁਲਾਰੇ ਨੇ ਇੱਕ ਬਿਆਨ ਜਾਰੀ ਕਰਦਿਆਂ ਕਿਹਾ ਕਿ ਡਿਮਨ ਨੇ ਕਿਸੇ ਦਾ ਪੱਖ ਨਹੀਂ ਲਿਆ ਹੈ। ਉਹ ਰਿਪੋਰਟ ਝੂਠੀ ਹੈ। ਧਿਆਨਯੋਗ ਹੈ ਕਿ ਇਸ ਤੋਂ ਪਹਿਲਾਂ ਅਗਸਤ ਵਿਚ ਵੀ ਟਰੰਪ ਨੇ ਅਜਿਹੀ ਹੀ ਇੱਕ ਝੂਠੀ ਪੋਸਟ ਰਿਪੋਸਟ ਕੀਤੀ ਸੀ ਅਤੇ ਦਾਅਵਾ ਕੀਤਾ ਸੀ ਕਿ ਮਸ਼ਹੂਰ ਗਾਇਕਾ ਟੇਲਰ ਸਵਿਫਟ ਨੇ ਉਨ੍ਹਾਂ ਦਾ ਸਮਰਥਨ ਕੀਤਾ ਸੀ। ਹਾਲਾਂਕਿ ਬਾਅਦ 'ਚ ਟੇਲਰ ਸਵਿਫਟ ਨੇ ਸਪੱਸ਼ਟ ਕਿਹਾ ਕਿ ਉਸ ਨੇ ਟਰੰਪ ਦਾ ਸਮਰਥਨ ਨਹੀਂ ਕੀਤਾ, ਸਗੋਂ ਉਸ ਨੇ ਡੈਮੋਕ੍ਰੇਟਿਕ ਪਾਰਟੀ ਦੀ ਉਮੀਦਵਾਰ ਕਮਲਾ ਹੈਰਿਸ ਦਾ ਸਮਰਥਨ ਕੀਤਾ।

# ਕਮਲਾ ਹੈਰਿਸ ਦੇ ਸਮਰਥਨ 'ਚ ਚੋਣ ਪ੍ਰਚਾਰ ਕਰਨਗੇ ਸਾਬਕਾ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ



**ਵਾਸ਼ਿੰਗਟਨ, (ਰਾਜ ਗੋਗਨਾ/ ਪੰਜਾਬ ਮੇਲ)**- ਅਮਰੀਕਾ 'ਚ ਇਸ ਸਾਲ 5 ਨਵੰਬਰ ਨੂੰ ਰਾਸ਼ਟਰਪਤੀ ਚੋਣਾਂ ਹੋਣੀਆਂ ਹਨ। ਇਸ ਚੋਣ ਵਿਚ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਰਿਪਬਲਿਕਨ ਪਾਰਟੀ ਦੀ ਤਰਫੋਂ ਚੋਣ ਲੜ ਰਹੇ ਹਨ, ਜਦਕਿ ਮੌਜੂਦਾ ਉਪ-ਰਾਸ਼ਟਰਪਤੀ ਭਾਰਤੀ ਮੂਲ ਦੀ ਕਮਲਾ ਹੈਰਿਸ ਡੈਮੋਕ੍ਰੇਟਿਕ ਪਾਰਟੀ ਵੱਲੋਂ ਚੋਣ ਲੜ ਰਹੀ ਹੈ। ਇਸ ਦੌਰਾਨ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਕਮਲਾ ਹੈਰਿਸ ਦੇ ਸਮਰਥਨ 'ਚ ਚੋਣ ਪ੍ਰਚਾਰ ਸ਼ੁਰੂ ਕਰਨਗੇ।

ਓਬਾਮਾ ਦੀ ਪਹਿਲੀ ਚੋਣ ਮੁਹਿੰਮ ਮੀਟਿੰਗ ਇਸ ਮਹੀਨੇ ਦੀ 10 ਤਾਰੀਖ਼ ਨੂੰ ਅਮਰੀਕਾ ਦੇ ਸੂਬੇ ਪੈਨਸਿਲਵੇਨੀਆ ਦੇ ਪਿਟਸਬਰਗ ਸ਼ਹਿਰ ਵਿਚ ਹੋਵੇਗੀ। ਇਹ ਸਪੱਸ਼ਟ ਨਹੀਂ ਹੈ ਕਿ ਹੈਰਿਸ ਉਨ੍ਹਾਂ ਨਾਲ ਨਜ਼ਰ ਆਵੇਗੀ ਜਾਂ ਨਹੀਂ। ਬਰਾਕ ਓਬਾਮਾ ਦੀ ਪਤਨੀ ਮਿਸ਼ੇਲ ਓਬਾਮਾ ਨੇ ਵੀ ਹੈਰਿਸ ਦੀ ਨਾਮਜ਼ਦਗੀ ਦਾ ਪੂਰਾ ਸਮਰਥਨ ਕੀਤਾ ਹੈ।

# ਕੈਨੇਡਾ ਦੇ 45 ਫੀਸਦੀ ਲੋਕਾਂ ਵੱਲੋਂ ਪ੍ਰਵਾਸੀਆਂ ਲਈ ਦਰਵਾਜ਼ੇ ਖੁੱਲ੍ਹੇ ਰੱਖਣ ਦੀ ਹਮਾਇਤ

**ਟੋਰਾਂਟੋ, (ਪੰਜਾਬ ਮੇਲ)**- ਕੈਨੇਡਾ ਇਕ ਵਾਰ ਫਿਰ ਪ੍ਰਵਾਸੀਆਂ ਦਾ ਵੱਡੀ ਗਿਣਤੀ 'ਚ ਸਵਾਗਤ ਕਰ ਸਕਦਾ ਹੈ। ਕੈਨੇਡਾ 'ਚ ਹਾਊਸਿੰਗ ਸੰਕਟ ਅਤੇ ਮਹਿੰਗਾਈ ਦੇ ਮਸਲਿਆਂ ਦਰਮਿਆਨ ਅੱਧੇ ਲੋਕਾਂ ਵੱਲੋਂ ਪ੍ਰਵਾਤਾਂ ਕੌਮਾਂਤਰੀ ਵਿਦਿਆਰਥੀ 49 ਫ਼ੀਸਦੀ ਲੋਕਾਂ ਦੀ ਹਮਾਇਤ ਨਾਲ ਸਭ ਤੋਂ ਅੱਗੇ ਰਹੇ।

28 ਫ਼ੀਸਦੀ ਆਰਜ਼ੀ ਵਿਦੇਸ਼ੀ ਕਾਮਿਆਂ ਦੇ ਵਿਰੋਧ 'ਚ ਆ ਗਏ। ਕੌਮਾਂਤਰੀ ਵਿਦਿਆਰਥੀਆਂ ਦਾ ਵਿਰੋਧ ਕਰਨ ਵਾਲਿਆਂ ਦੀ ਗਿਣਤੀ ਸਭ ਤੋਂ ਘੱਟ ਦਰਜ ਕੀਤੀ ਗਈ। ਇੱਥੇ ਦੱਸਣਾ ਬਣਦਾ ਹੈ ਕਿ ਇਮੀਗ੍ਰੇਸ਼ਨ ਵਿਭਾਗ ਵੱਲੋਂ ਸਟੱਡੀ ਵੀਜ਼ਿਆਂ ਦੀ ਗਿਣਤੀ ਪਹਿਲਾਂ ਹੀ ਘਟਾਈ ਜਾ ਚੁੱਕੀ ਹੈ ਅਤੇ ਆਉਂਦੀ ਪਹਿਲੀ ਨਵੰਬਰ ਤੋਂ ਵਰਕ ਪਰਮਿਟ ਨਾਲ ਸਬੰਧਤ ਨਵੇਂ ਨਿਯਮ ਲਾਗੂ ਕੀਤੇ ਜਾ ਰਹੇ ਹਨ। ਦੂਜੇ ਪਾਸੇ ਆਰਜ਼ੀ ਵਿਦੇਸ਼ੀ ਕਾਮਿਆਂ ਨਾਲ ਸਬੰਧਤ ਨਵੇਂ ਨਿਯਮ 26 ਸਤੰਬਰ ਤੋਂ ਲਾਗੂ ਹੋ ਚੁੱਕੇ ਹਨ, ਜਿਨ੍ਹਾਂ ਤਹਿਤ ਕੋਈ ਵੀ ਕਾਰੋਬਾਰੀ ਆਪਣੇ ਕਿਰਤੀਆਂ ਦਾ ਸਿਰਫ 10 ਫ਼ੀਸਦੀ ਹਿੱਸਾ ਹੀ ਆਰਜ਼ੀ ਵਿਦੇਸ਼ੀ ਕਾਮਿਆਂ ਵਜੋਂ ਰੱਖ ਸਕਦਾ ਹੈ।



# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਨੇ ਸੰਨੀ ਓਬਰਾਏ ਸਵੈਂ ਰੋਜ਼ਗਾਰ ਸਕੀਮ ਤਹਿਤ ਕੋਰਸ ਪੂਰਾ ਹੋਣ ਉਪਰੰਤ ਦਿੱਤੇ ਸਰਟੀਫਿਕੇਟ



**ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)-** ਡਾਕਟਰ ਐੱਸ.ਪੀ. ਸਿੰਘ ਓਬਰਾਏ ਵੱਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕੰਮਾਂ ਦੀ ਲੜੀ ਤਹਿਤ ਸੰਨੀ ਓਬਰਾਏ ਸਵੈ ਰੋਜ਼ਗਾਰ ਸਕੀਮ ਤਹਿਤ ਪਿੰਡਾਂ ਅਤੇ ਸ਼ਹਿਰਾਂ ਵਿਚ ਨੌਜਵਾਨ ਲੜਕੇ ਲੜਕੀਆਂ ਨੂੰ ਆਤਮ ਨਿਰਭਰ ਬਣਾਉਣ ਲਈ ਮੁਫ਼ਤ ਸਿਖਲਾਈ ਸੈਂਟਰ (ਸਿਲਾਈ, ਕੰਪਿਊਟਰ, ਬਿਊਟੀ ਪਾਰਲਰ) ਖੋਲ੍ਹੇ ਜਾ ਰਹੇ ਹਨ, ਤਾਂ ਜੋ ਇਹ ਨੌਜਵਾਨ ਆਪਣੇ ਪੈਰਾਂ 'ਤੇ ਖੜ੍ਹੇ ਹੋ ਸਕਣ। ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਪਿੰਡ ਲੱਖੇਵਾਲੀ ਮੰਡੀ ਦੇ ਗੁਰਦੁਆਰਾ ਸਾਹਿਬ ਵਿਖੇ ਮੁਫ਼ਤ ਸਿਲਾਈ ਸਿਖਲਾਈ ਸੈਂਟਰ ਦੇ 6 ਮਹੀਨੇ ਦੇ ਕੋਰਸ ਪੂਰਾ ਹੋਣ ਉਪਰੰਤ ਸ. ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੇ ਦਿਸ਼ਾ ਨਿਰਦੇਸ਼ਾਂ 'ਤੇ ਮੈਡਮ ਇੰਦਰਜੀਤ ਕੌਰ ਡਾਇਰੈਕਟਰ ਐਜੂਕੇਸ਼ਨ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੀ ਰਹਿਨੁਮਾਈ ਹੇਠ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਸ਼੍ਰੀਮਤੀ ਇੰਦਰਜੀਤ ਕੌਰ ਡਾਇਰੈਕਟਰ ਐਜੂਕੇਸ਼ਨ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਕਰ ਕਮਲਾਂ ਨਾਲ ਸਰਟੀਫਿਕੇਟ ਤਕਸੀਮ ਕੀਤੇ ਗਏ ਅਤੇ ਸ਼੍ਰੀਮਤੀ ਇੰਦਰਜੀਤ ਕੌਰ ਡਾਇਰੈਕਟਰ ਐਜੂਕੇਸ਼ਨ ਵੱਲੋਂ ਵੱਧ ਤੋਂ ਵੱਧ ਨੌਜਵਾਨਾਂ ਨੂੰ ਇਸ ਦਾ ਲਾਭ ਲੈਣ ਲਈ ਪ੍ਰੇਰਿਤ ਕੀਤਾ ਗਿਆ। ਜ਼ਿਲ੍ਹਾ ਪ੍ਰਧਾਨ ਨੇ ਦੱਸਿਆ ਕਿ ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹੇ ਵਿਚ ਅਜਿਹੇ 8 ਮੁਫ਼ਤ ਸਿਖਲਾਈ ਸੈਂਟਰ ਚੱਲ ਰਹੇ ਹਨ। ਇਸ ਤੋਂ ਪਹਿਲਾਂ ਸੈਂਕੜਿਆਂ ਦੀ ਗਿਣਤੀ 'ਚ ਨੌਜਵਾਨ ਟ੍ਰੇਨਿੰਗ ਕਰਕੇ ਆਪਣੇ ਪਰਿਵਾਰਾਂ ਦਾ ਵਧੀਆ ਪਾਲਣ ਪੋਸ਼ਣ ਕਰ ਰਹੇ ਹਨ। ਇਸ ਮੌਕੇ ਅਰਵਿੰਦਰ ਪਾਲ ਸਿੰਘ ਚਾਹਲ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ, ਸੁਖਬੀਰ ਸਿੰਘ ਜ਼ੈਲਦਾਰ, ਚਰਨਜੀਤ ਸਿੰਘ, ਜਸਬੀਰ ਸਿੰਘ ਰਿਟਾਇਰਡ ਏ.ਐੱਸ.ਆਈ., ਪਿੰਡ ਦੇ ਪਤਵੰਤੇ, ਗੁਰਦੁਆਰਾ ਸਾਹਿਬ ਕਮੇਟੀ ਮੈਂਬਰ ਅਤੇ ਗ੍ਰੰਥੀ ਸਿੰਘ ਹਾਜ਼ਰ ਸਨ।



ਡਾ. ਐੱਸ.ਪੀ. ਸਿੰਘ ਓਬਰਾਏ।

# ਸੰਤ ਬਲਬੀਰ ਸਿੰਘ ਸੀਚੇਵਾਲ ਨੂੰ ਪਾਰਲੀਮੈਂਟ 'ਚ ਮਿਲੀ ਅਹਿਮ ਜ਼ਿੰਮੇਵਾਰੀ



**ਸੁਲਤਾਨਪੁਰ ਲੋਧੀ, (ਪੰਜਾਬ ਮੇਲ)-** ਪਾਰਲੀਮੈਂਟ 'ਚ ਬਣਾਈਆਂ ਜਾਂਦੀਆਂ ਸਥਾਈ ਕਮੇਟੀਆਂ ਦੇ ਗਠਨ ਦੌਰਾਨ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੂੰ ਪੇਂਡੂ ਵਿਕਾਸ ਅਤੇ ਪੰਚਾਇਤੀ ਰਾਜ ਕਮੇਟੀ ਦੇ ਮੈਂਬਰ ਬਣਾਇਆ ਗਿਆ ਹੈ। ਇਸ ਕਮੇਟੀ 'ਚ ਕੁੱਲ 31 ਮੈਂਬਰ ਹਨ, ਜਿਨ੍ਹਾਂ 'ਚੋਂ 10 ਮੈਂਬਰ ਰਾਜ ਸਭਾ ਦੇ ਹਨ ਅਤੇ 21 ਮੈਂਬਰ ਲੋਕ ਸਭਾ ਤੋਂ ਹਨ। ਇਸ ਕਮੇਟੀ ਦੇ ਚੇਅਰਮੈਨ ਉਲਕਾ, ਸ਼੍ਰੀ ਸਪਤਗਿਰੀ ਸ਼ੰਕਰ ਹਨ।

ਜ਼ਿਕਰਯੋਗ ਹੈ ਕਿ ਪਾਰਲੀਮੈਂਟ ਵਿਚ ਬਣਾਈਆਂ ਜਾਂਦੀਆਂ ਇਨ੍ਹਾਂ ਕਮੇਟੀਆਂ 'ਚ ਟੂਰ ਪ੍ਰੋਗਰਾਮਾਂ ਰਾਹੀਂ ਗਰਾਊਂਡ ਲੈਵਲ ਉਪਰ ਹੋ ਰਹੇ ਕੰਮਾਂ ਬਾਰੇ ਸਮੀਖਿਆ ਕੀਤੀ ਜਾਂਦੀ ਹੈ, ਜਿਸਦੀ ਰਿਪੋਰਟਾਂ ਤਿਆਰ ਕਰ ਕੇ ਪਾਰਲੀਮੈਂਟ ਦੇ ਦੋਵਾਂ ਸਦਨਾਂ ਵਿਚ ਪੇਸ਼ ਕੀਤੀਆਂ ਜਾਣਗੀਆਂ। ਇਸ ਦੇ ਆਧਾਰ 'ਤੇ ਸਰਕਾਰ ਵੱਲੋਂ ਨਵੇਂ ਕਾਨੂੰਨ ਬਣਾਏ ਜਾਂਦੇ ਹਨ ਤੇ ਫੰਡ ਜਾਰੀ ਕੀਤੇ ਜਾਂਦੇ ਹਨ। ਇਸ ਕਮੇਟੀ ਦੀ ਪਹਿਲੀ ਮੀਟਿੰਗ 16 ਅਕਤੂਬਰ 2024 ਨੂੰ ਹੋਵੇਗੀ।

# ਰਿਟਰਨਿੰਗ ਅਫ਼ਸਰਾਂ ਵੱਲੋਂ ਪੜਤਾਲ ਦੌਰਾਨ ਸਰਪੰਚਾਂ ਲਈ 3683 ਅਤੇ ਪੰਚਾਂ ਲਈ 11734 ਨਾਮਜ਼ਦਗੀਆਂ ਰੱਦ

**ਚੰਡੀਗੜ੍ਹ, (ਪੰਜਾਬ ਮੇਲ)-** ਇਸ ਸਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਰਾਜ ਚੋਣ ਕਮਿਸ਼ਨ ਦੇ ਇਕ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਗ੍ਰਾਮ ਪੰਚਾਇਤ ਚੋਣਾਂ 2024 ਦੌਰਾਨ ਰਿਟਰਨਿੰਗ ਅਫ਼ਸਰਾਂ ਵੱਲੋਂ ਸਰਪੰਚਾਂ ਲਈ ਕੁੱਲ 3683 ਅਤੇ ਪੰਚਾਂ ਲਈ 11734 ਨਾਮਜ਼ਦਗੀਆਂ ਰੱਦ ਕੀਤੀਆਂ ਗਈਆਂ ਹਨ।

ਜਿਨ੍ਹਾਂ ਉਮੀਦਵਾਰਾਂ ਦੇ ਕਾਗ਼ਜ਼ ਰੱਦ ਹੋਏ ਹਨ, ਉਨ੍ਹਾਂ ਵਿਚੋਂ ਬਹੁਤਿਆਂ ਨੇ ਇਲਜ਼ਾਮ ਲਾਏ ਹਨ ਕਿ ਬਿਨਾਂ ਠੋਸ ਆਧਾਰ ਤੋਂ ਹੀ ਉਨ੍ਹਾਂ ਦੇ ਕਾਗ਼ਜ਼ ਰੱਦ ਕੀਤੇ ਗਏ ਹਨ ਅਤੇ ਕਈ ਉਮੀਦਵਾਰਾਂ ਨੇ ਕਾਗ਼ਜ਼ ਰੱਦ ਹੋਣ ਮਗਰੋਂ ਹਾਈਕੋਰਟ ਦਾ ਰੁਖ਼ ਕਰ ਲਿਆ ਹੈ। ਬਹੁਤੇ ਕਾਗ਼ਜ਼ ਰੱਦ ਕਰਨ ਪਿੱਛੇ ਸਰਕਾਰੀ ਜ਼ਮੀਨ 'ਤੇ ਨਾਜਾਇਜ਼ ਕਬਜ਼ਾ ਕੀਤਾ ਹੋਣ ਨੂੰ ਆਧਾਰ ਬਣਾਇਆ ਗਿਆ ਹੈ। ਪੰਜਾਬ ਰਾਜ ਚੋਣ ਕਮਿਸ਼ਨ ਦੇ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਰਿਟਰਨਿੰਗ ਅਫ਼ਸਰਾਂ ਵੱਲੋਂ ਪੜਤਾਲ ਦੌਰਾਨ ਨਾਮਜ਼ਦਗੀਆਂ ਰੱਦ ਕੀਤੀਆਂ ਗਈਆਂ ਹਨ, ਜਿਨ੍ਹਾਂ ਵਿਚ ਅੰਮ੍ਰਿਤਸਰ ਵਿਚ ਸਰਪੰਚਾਂ ਲਈ 247 ਅਤੇ ਪੰਚਾਂ ਲਈ 1387 ਨਾਮਜ਼ਦਗੀਆਂ ਰੱਦ ਹੋਈਆਂ ਹਨ। ਇਸ ਤਰ੍ਹਾਂ ਬਠਿੰਡਾ ਵਿਚ ਸਰਪੰਚਾਂ ਲਈ 68 ਅਤੇ ਪੰਚਾਂ ਲਈ 248 ਨਾਮਜ਼ਦਗੀਆਂ ਰੱਦ ਹੋਈਆਂ ਹਨ, ਜਦੋਂ ਕਿ ਬਰਨਾਲਾ ਵਿਚ ਸਰਪੰਚਾਂ ਲਈ 20 ਅਤੇ ਪੰਚਾਂ ਲਈ 30 ਨਾਮਜ਼ਦਗੀਆਂ ਰੱਦ ਹੋਈਆਂ ਹਨ। ਫ਼ਤਿਹਗੜ੍ਹ ਸਾਹਿਬ ਵਿਚ ਸਰਪੰਚਾਂ ਲਈ 106 ਅਤੇ ਪੰਚਾਂ ਲਈ 242 ਨਾਮਜ਼ਦਗੀਆਂ, ਫਰੀਦਕੋਟ ਵਿਚ ਸਰਪੰਚਾਂ ਲਈ 70 ਅਤੇ ਪੰਚਾਂ ਲਈ 209 ਨਾਮਜ਼ਦਗੀਆਂ, ਫ਼ਾਜ਼ਿਲਕਾ ਵਿਚ ਸਰਪੰਚਾਂ ਲਈ 52 ਅਤੇ ਪੰਚਾਂ ਲਈ 138 ਨਾਮਜ਼ਦਗੀਆਂ, ਗੁਰਦਾਸਪੁਰ ਵਿਚ ਸਰਪੰਚਾਂ ਲਈ 1208 ਅਤੇ ਪੰਚਾਂ ਲਈ 3533 ਨਾਮਜ਼ਦਗੀਆਂ ਰੱਦ ਹੋਈਆਂ ਹਨ। ਇਸ ਤੋਂ ਇਲਾਵਾ ਹੁਸ਼ਿਆਰਪੁਰ ਵਿਚ ਸਰਪੰਚਾਂ ਲਈ 18 ਅਤੇ ਪੰਚਾਂ ਲਈ 87 ਨਾਮਜ਼ਦਗੀਆਂ, ਜਲੰਧਰ ਵਿਚ ਸਰਪੰਚਾਂ ਲਈ 68 ਅਤੇ ਪੰਚਾਂ ਲਈ 214 ਨਾਮਜ਼ਦਗੀਆਂ, ਕਪੂਰਥਲਾ ਵਿਚ ਸਰਪੰਚਾਂ ਲਈ 45 ਅਤੇ ਪੰਚਾਂ ਲਈ 190 ਨਾਮਜ਼ਦਗੀਆਂ, ਲੁਧਿਆਣਾ ਵਿਚ ਸਰਪੰਚਾਂ ਲਈ 134 ਅਤੇ ਪੰਚਾਂ ਲਈ 537 ਨਾਮਜ਼ਦਗੀਆਂ, ਮਾਨਸਾ ਵਿਚ ਸਰਪੰਚਾਂ ਲਈ 15 ਅਤੇ ਪੰਚਾਂ ਲਈ 45 ਨਾਮਜ਼ਦਗੀਆਂ, ਮਾਲੇਰਕੋਟਲਾ ਵਿਚ ਸਰਪੰਚਾਂ ਲਈ 4 ਅਤੇ ਪੰਚਾਂ ਲਈ 23 ਨਾਮਜ਼ਦਗੀਆਂ, ਮੋਗਾ ਵਿਚ ਸਰਪੰਚਾਂ ਲਈ 115 ਅਤੇ ਪੰਚਾਂ ਲਈ 376 ਨਾਮਜ਼ਦਗੀਆਂ, ਐੱਸ.ਏ.ਐੱਸ. ਨਗਰ ਵਿਚ ਸਰਪੰਚਾਂ ਲਈ 122 ਅਤੇ ਪੰਚਾਂ ਲਈ 389 ਨਾਮਜ਼ਦਗੀਆਂ, ਸ੍ਰੀ ਮੁਕਤਸਰ ਸਾਹਿਬ 'ਚ ਸਰਪੰਚਾਂ ਲਈ 98 ਅਤੇ ਪੰਚਾਂ ਲਈ 303 ਨਾਮਜ਼ਦਗੀਆਂ, ਐੱਸ.ਬੀ.ਐੱਸ. ਨਗਰ ਵਿਚ ਸਰਪੰਚਾਂ ਲਈ 22 ਅਤੇ ਪੰਚਾਂ ਲਈ 59 ਨਾਮਜ਼ਦਗੀਆਂ, ਪਟਿਆਲਾ ਵਿਚ ਸਰਪੰਚਾਂ ਲਈ 384 ਅਤੇ ਪੰਚਾਂ ਲਈ 713 ਨਾਮਜ਼ਦਗੀਆਂ, ਪਠਾਨਕੋਟ ਵਿਚ ਸਰਪੰਚਾਂ ਲਈ 19 ਅਤੇ ਪੰਚਾਂ ਲਈ 65 ਨਾਮਜ਼ਦਗੀਆਂ, ਰੋਪੜ ਵਿਚ ਸਰਪੰਚਾਂ ਲਈ 27 ਅਤੇ ਪੰਚਾਂ ਲਈ 106 ਨਾਮਜ਼ਦਗੀਆਂ, ਸੰਗਰੂਰ ਵਿਚ ਸਰਪੰਚਾਂ ਲਈ 48 ਅਤੇ ਪੰਚਾਂ ਲਈ 109 ਨਾਮਜ਼ਦਗੀਆਂ ਅਤੇ ਤਰਨਤਾਰਨ ਵਿਚ ਸਰਪੰਚਾਂ ਲਈ 362 ਅਤੇ ਪੰਚਾਂ ਲਈ 1485 ਨਾਮਜ਼ਦਗੀਆਂ ਰੱਦ ਹੋਈਆਂ ਹਨ।







# ਨਿਊਯਾਰਕ 'ਚ ਪੰਜਾਬੀ ਔਰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਮੋੜਨ ਤੋਂ ਇਨਕਾਰ ਦੇ ਦੋਸ਼ ਹੇਠ ਗ੍ਰਿਫ਼ਤਾਰ



**ਨਿਊਯਾਰਕ, (ਰਾਜ ਗੋਗਨਾ/ਪੰਜਾਬ ਮੇਲ)-** ਗਾਰਡਨ ਸਿਟੀ ਪਾਰਕ ਨਿਊਯਾਰਕ ਵਿੱਚ ਗੁਰੂ ਘਰ ਗਿਆਨਸਰ ਸਾਹਿਬ ਰਾਮਗੜ੍ਹੀਆ ਸਿੱਖ ਸੁਸਾਇਟੀ ਫਾਰ ਨਿਊਯਾਰਕ ਦੇ ਇਕ ਗੁਰਦੁਆਰਾ ਸਾਹਿਬ ਤੋਂ ਆਪਣੇ ਘਰ ਸਹਿਜ ਪਾਠ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਲੈ ਕੇ ਗਈ, ਇੱਕ ਪੰਜਾਬੀ ਔਰਤ ਪ੍ਰਭਲੀਨ ਕੌਰ (37 ਸਾਲ) ਨੂੰ ਪਵਿੱਤਰ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੈਰ-ਕਾਨੂੰਨੀ ਤੌਰ 'ਤੇ ਆਪਣੇ ਕਬਜ਼ੇ ਵਿਚ ਲੈਣ ਦੇ ਦੋਸ਼ ਹੇਠ ਪੁਲਿਸ ਨੇ ਗ੍ਰਿਫ਼ਤਾਰ ਕੀਤਾ ਹੈ। ਜਦੋਂ ਪੁਲਿਸ ਅਧਿਕਾਰੀ ਪ੍ਰਭਲੀਨ ਕੌਰ ਨੂੰ ਗ੍ਰਿਫ਼ਤਾਰ ਕਰਨ ਲਈ ਉਸ ਦੀ ਰਿਹਾਇਸ਼ 'ਤੇ ਪਹੁੰਚੀ, ਤਾਂ ਉਸ ਨੇ ਦਰਵਾਜ਼ਾ ਖੋਲ੍ਹਣ ਤੋਂ ਇਨਕਾਰ ਕਰ ਦਿੱਤਾ, ਤਾਂ ਬਾਅਦ ਵਿਚ ਐਮਰਜੈਂਸੀ ਸਰਵਿਸ ਯੂਨਿਟ ਨਿਊਯਾਰਕ ਦੇ ਅਫਸਰ ਉਸ ਦੇ ਘਰ ਵਿਚ ਦਾਖ਼ਲ ਹੋਏ ਅਤੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ।

ਮੀਡੀਆ ਰਿਪੋਰਟਾਂ ਮੁਤਾਬਕ ਔਰਤ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਵਾਪਸ ਦੇਣ ਤੋਂ ਸਿੱਧਾ ਇਨਕਾਰ ਕਰ ਦਿੱਤਾ ਗਿਆ, ਜਿਸ ਦੇ ਵਜੋਂ ਸੈਂਕੜਿਆਂ ਦੀ ਗਿਣਤੀ ਵਿਚ ਨਿਊਯਾਰਕ ਦੀਆਂ ਸਿੱਖ ਸੰਗਤਾਂ ਨੇ ਉਸ ਦੇ ਘਰ ਦੇ ਬਾਹਰ ਦਿਨ-ਰਾਤ ਪਹਿਰਾ ਦੇਣਾ ਸ਼ੁਰੂ ਕਰ ਦਿੱਤਾ, ਤਾਂ ਜੋ ਕੋਈ ਮਾੜੀ ਘਟਨਾ ਨਾ ਵਾਪਰੇ। ਜਾਣਕਾਰੀ ਦੇ ਅਨੁਸਾਰ ਪ੍ਰਭਲੀਨ ਕੌਰ 4-5 ਹਫ਼ਤਿਆਂ ਤੋਂ ਗੁਰਦੁਆਰਾ ਗਿਆਨਸਰ ਸਾਹਿਬ ਰਾਮਗੜ੍ਹੀਆ ਸਿੱਖ ਸੁਸਾਇਟੀ ਫਾਰ ਨਿਊਯਾਰਕ ਵਿਖੇ ਰੋਜ਼ਾਨਾ ਸੇਵਾ ਕਰਨ ਜਾਂਦੀ ਰਹੀ ਸੀ ਅਤੇ ਇਕ ਦਿਨ ਉਸ ਨੇ ਗੁਰਦੁਆਰਾ ਸਾਹਿਬ ਦੇ ਸੇਵਾਦਾਰ ਭਾਈ ਗੁਲਜ਼ਾਰ ਸਿੰਘ ਨੂੰ ਆਪਣੇ ਘਰ ਵਿਚ ਸਹਿਜ ਪਾਠ ਰਖਵਾਉਣ ਦੀ ਗੱਲ ਕੀਤੀ, ਜਿਸ ਤੋਂ ਬਾਅਦ ਗੁਰੂ ਘਰ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਉਸ ਦੇ ਘਰ ਪਹੁੰਚਾਏ ਗਏ। ਪਰ ਜਦੋਂ ਬਾਅਦ ਵਿਚ ਸੇਵਾਦਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਾਪਸ ਗੁਰੂ ਘਰ ਲੈ ਕੇ ਜਾਣ ਲਈ ਪਹੁੰਚੇ, ਤਾਂ ਪ੍ਰਭਲੀਨ ਕੌਰ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇਣ ਤੋਂ ਮਨਾ ਕਰ ਦਿੱਤਾ ਸੀ।

ਇਸ ਮਾਮਲੇ ਵਿਚ ਨਸਾਊ ਕਾਊਂਟੀ ਦੀ ਪੁਲਿਸ ਵਿਚ ਕਮੇਟੀ ਅਤੇ ਨਿਊਯਾਰਕ ਦੀਆਂ ਸੰਗਤਾਂ ਵੱਲੋਂ ਉਸ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਗਈ, ਜਿਸ ਤੋਂ ਬਾਅਦ ਮਾਨਯੋਗ ਜੱਜ ਨੇ ਪੁਲਿਸ ਨੂੰ ਸਰਚ ਵਾਰੰਟ ਦੇ ਕੇ ਘਰ ਵਿਚ ਤਲਾਸ਼ੀ ਲੈਣ ਦੀ ਇਜਾਜ਼ਤ ਦਿੱਤੀ। ਪੁਲਿਸ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੁਲਿਸ ਅਤੇ ਹੋਰ ਅਧਿਕਾਰੀ ਗਾਰਡਨ ਸਿਟੀ ਦੀ ਵਸਨੀਕ ਪ੍ਰਭਲੀਨ ਕੌਰ ਦੇ ਘਰ ਗਏ ਪਰ ਉਸਨੇ ਦਰਵਾਜ਼ਾ ਖੋਲ੍ਹਣ ਤੋਂ ਇਨਕਾਰ ਕਰ ਦਿੱਤਾ। ਪੁਲਿਸ ਦੀ ਐਮਰਜੈਂਸੀ ਸਰਵਿਸ ਯੂਨਿਟ ਦੇ ਅਧਿਕਾਰੀ ਪ੍ਰਭਲੀਨ ਕੌਰ ਦੇ ਘਰ ਦਾਖ਼ਲ ਹੋਏ ਅਤੇ ਬਿਨਾਂ ਕਿਸੇ ਘਟਨਾ ਦੇ ਉਸ ਨੂੰ ਗ੍ਰਿਫਤਾਰ ਕਰ ਲਿਆ। ਪੁਲਿਸ ਨੇ ਉਸ ਦੇ ਘਰ ਵਿਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬਰਾਮਦ ਕਰ ਲਏ ਅਤੇ ਸਤਿਕਾਰ ਕਮੇਟੀ ਵੱਲੋਂ ਪੰਜ ਸਿੰਘ ਸਾਹਿਬਾਨਾਂ ਦੀ ਅਗਵਾਈ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਤਿਕਾਰ ਨਾਲ ਗੁਰੂ ਘਰ ਵਿਚ ਬਿਰਾਜਮਾਨ ਕੀਤਾ ਗਿਆ। ਪੁਲਿਸ ਨੇ ਦੱਸਿਆ ਕਿ ਪ੍ਰਭਲੀਨ ਕੌਰ ਨੂੰ ਦਿਮਾਗੀ ਜਾਂਚ ਲਈ ਨੇੜਲੇ ਹਸਪਤਾਲ ਵੀ ਲਿਜਾਇਆ ਗਿਆ ਸੀ। ਉਸ 'ਤੇ ਚੌਥੇ ਦਰਜੇ ਦੀ ਵੱਡੀ ਚੋਰੀ ਦਾ ਦੋਸ਼ ਲਗਾਇਆ ਗਿਆ ਹੈ ਅਤੇ ਉਸ ਨੂੰ ਜ਼ਿਲ੍ਹਾ ਅਦਾਲਤ, 99 ਮੈਨ ਸੈੱਟ, ਹੈਂਪਸਟੇਡ ਨਿਊਯਾਰਕ ਵਿਖੇ ਪੇਸ਼ ਕੀਤਾ ਜਾਵੇਗਾ।

## 2 ਸਾਲ ਪਹਿਲਾਂ ਅਮਰੀਕਾ ਗਏ ਨੌਜਵਾਨ ਦੀ ਸੜਕ ਹਾਦਸੇ 'ਚ ਮੌਤ

**ਜਲੰਧਰ, (ਪੰਜਾਬ ਮੇਲ)-** ਅਮਰੀਕਾ 'ਚ ਪੰਜਾਬੀ ਨੌਜਵਾਨ ਦੀ ਸੜਕ ਹਾਦਸੇ ਵਿਚ ਮੌਤ ਹੋ ਜਾਣ ਦਾ ਦੁੱਖਦ ਸਮਾਚਾਰ ਪ੍ਰਾਪਤ ਹੈ। ਮ੍ਰਿਤਕ ਦੀ ਪਛਾਣ ਉਤਕਰਸ਼ ਮੁੰਜਾਲ ਵਾਸੀ ਬਸਤੀ ਪੀਰਦਾਦ ਜਲੰਧਰ ਵਜੋਂ ਹੋਈ ਹੈ। ਉਤਕਰਸ਼ ਦੋ ਸਾਲ ਪਹਿਲਾਂ ਸਟੱਡੀ ਵੀਜ਼ਾ 'ਤੇ ਅਮਰੀਕਾ ਗਿਆ ਸੀ।

ਜਾਣਕਾਰੀ ਅਨੁਸਾਰ ਅਮਰੀਕਾ ਵਿਚ ਫਲਾਈਓਵਰ 'ਤੇ ਇਕ ਕਾਰ ਪਲਟ ਜਾਣ ਕਾਰਨ ਸੜਕ ਹਾਦਸਾ ਵਾਪਰ ਗਿਆ। ਘਰ ਵਿਚ ਮ੍ਰਿਤਕ ਦਾ ਵੱਡਾ ਭਰਾ ਉਤਸਵ ਅਤੇ ਮਾਤਾ-ਪਿਤਾ ਹਨ। ਭਰਾ ਪਿਛਲੇ ਪੰਜ ਸਾਲਾਂ ਤੋਂ ਕੈਨੇਡਾ ਵਿਚ ਰਹਿ ਰਿਹਾ ਹੈ। ਵੱਡੇ ਭਰਾ ਉਤਸਵ ਦੇ ਕੈਨੇਡਾ ਤੋਂ ਅਮਰੀਕਾ ਪਹੁੰਚਣ ਤੋਂ ਬਾਅਦ ਵੀਰਵਾਰ ਨੂੰ ਉਤਕਰਸ਼ ਦਾ ਅੰਤਿਮ ਸੰਸਕਾਰ ਕਰ ਦਿੱਤਾ ਗਿਆ। ਮਾਤਾ-ਪਿਤਾ ਭਾਰਤ ਤੋਂ ਅਮਰੀਕਾ ਨਹੀਂ ਜਾ ਸਕਦੇ ਸਨ, ਇਸ ਲਈ ਉਨ੍ਹਾਂ ਨੇ ਵੀਡੀਓ ਕਾਲ ਰਾਹੀਂ ਹੰਝੂ ਭਰੀਆਂ ਅੱਖਾਂ ਨਾਲ ਆਪਣੇ ਪੁੱਤਰ ਨੂੰ ਅੰਤਿਮ ਵਿਦਾਈ ਦਿੱਤੀ। ਜਦੋਂ ਪੁੱਤਰ ਨੂੰ ਮੁੱਖ ਅਗਨੀ ਦਿੱਤੀ ਗਈ, ਤਾਂ ਮਾਤਾ-ਪਿਤਾ ਦਾ ਰੋ-ਰੋ ਕੇ ਬੁਰਾ ਹਾਲ ਸੀ।

## ਮਸਕ ਵੱਲੋਂ ਐਕਸ 'ਤੇ ਪਾਬੰਦੀ ਹਟਾਉਣ ਲਈ ਜੁਰਮਾਨਾ ਅਦਾ ਕਰਦੇ ਹੋਏ ਗਲਤ ਖਾਤੇ ਵਿਚ ਭੁਗਤਾਨ



**ਵਾਸ਼ਿੰਗਟਨ, (ਪੰਜਾਬ ਮੇਲ)-** ਬ੍ਰਾਜ਼ੀਲ ਦੀ ਸੁਪਰੀਮ ਕੋਰਟ ਦੇ ਜਸਟਿਸ ਅਲੈਗਜ਼ੈਂਡਰ ਡੀ ਮੋਰੇਸ ਨੇ ਦੇਸ਼ ਵਿਚ ਗਲਤ ਜਾਣਕਾਰੀ ਨੂੰ ਰੋਕਣ ਲਈ 31 ਅਗਸਤ ਤੋਂ ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਪਾਬੰਦੀ ਲਗਾ ਦਿੱਤੀ ਸੀ। ਹਾਲ ਹੀ ਵਿਚ, ਜੱਜ ਨੇ ਐਕਸ ਦੇ ਬੈਂਕ ਖਾਤਿਆਂ ਨੂੰ ਅਨਬਲੌਕ ਕਰਨ ਦਾ ਆਦੇਸ਼ ਦਿੱਤਾ ਅਤੇ ਕੇਸ ਦਾ ਨਿਪਟਾਰਾ ਕਰਨ ਲਈ ਟੇਸਲਾ ਅਤੇ ਸਪੇਸਐਕਸ ਦੇ ਮਾਲਕ ਐਲੋਨ ਮਸਕ 'ਤੇ ਪੰਜ ਮਿਲੀਅਨ ਡਾਲਰ (41 ਕਰੋੜ ਰੁਪਏ ਤੋਂ ਵੱਧ) ਦਾ ਜੁਰਮਾਨਾ ਲਗਾਇਆ। ਹਾਲਾਂਕਿ, ਜੁਰਮਾਨੇ ਨੂੰ ਲੈ ਕੇ ਇੱਕ ਵੱਡੀ ਮਤਭੇਦ ਸਾਹਮਣੇ ਆਇਆ ਹੈ। ਦਰਅਸਲ, ਐਲੋਨ ਮਸਕ ਨੇ ਝਗੜੇ ਨੂੰ ਸੁਲਝਾਉਣ ਲਈ ਜੁਰਮਾਨਾ ਅਦਾ ਕੀਤਾ, ਪਰ ਉਸਨੇ ਗਲਤ ਖਾਤੇ ਵਿਚ ਪੈਸੇ ਟਰਾਂਸਫਰ ਕਰ ਦਿੱਤੇ। ਸੁਪਰੀਮ ਕੋਰਟ ਦੇ ਜੱਜ ਅਲੈਗਜ਼ੈਂਡਰ ਡੀ ਮੋਰੇਸ ਨੇ ਇਸ ਦੀ ਪੁਸ਼ਟੀ ਕੀਤੀ ਹੈ।

ਅਲੈਗਜ਼ੈਂਡਰ ਡੀ ਮੋਰੇਸ ਨੇ ਕਿਹਾ ਕਿ ਸੋਸ਼ਲ ਨੈਟਵਰਕ ਨੇ ਪੂਰੀ ਰਕਮ ਦਾ ਭੁਗਤਾਨ ਕਰ ਦਿੱਤਾ ਸੀ, ਪਰ ਉਹਨਾਂ ਨੇ ਇਸਨੂੰ ਇੱਕ ਗਲਤ ਖਾਤੇ ਵਿਚ ਟਰਾਂਸਫਰ ਕੀਤਾ। ਅਦਾਲਤ ਨੇ ਰਾਸ਼ੀ ਤੁਰੰਤ ਰੀਡਾਇਰੈਕਟ ਕਰਨ ਦੇ ਹੁਕਮ ਦਿੱਤੇ ਹਨ। ਤੁਹਾਨੂੰ ਦੱਸ ਦੇਈਏ ਕਿ ਮੋਰੇਸ ਨੇ ਐਲੋਨ ਮਸਕ ਵੱਲੋਂ ਸੱਜੇ ਪੱਖੀ ਖਾਤਿਆਂ ਨੂੰ ਹਟਾਉਣ ਤੋਂ ਇਨਕਾਰ ਕਰਨ ਅਤੇ ਦੇਸ਼ ਵਿਚ ਨਵੇਂ ਕਾਨੂੰਨੀ ਪ੍ਰਤੀਨਿਧੀ ਦਾ ਨਾਮ ਦੇਣ ਵਿਚ ਅਸਫਲ ਰਹਿਣ ਤੋਂ ਬਾਅਦ ਐਕਸ ਨੂੰ ਬੰਦ ਕਰਨ ਦਾ ਹੁਕਮ ਦਿੱਤਾ ਸੀ। ਪਾਬੰਦੀ ਤੋਂ ਪਹਿਲਾਂ ਬ੍ਰਾਜ਼ੀਲ ਵਿਚ ਐਕਸ ਦੇ 22 ਮਿਲੀਅਨ ਫਾਲੋਅਰਜ਼ ਸਨ ਅਤੇ ਉਮੀਦ ਹੈ ਕਿ ਇਸ ਜੁਰਮਾਨੇ ਦੇ ਭੁਗਤਾਨ ਨਾਲ ਵਿਵਾਦ ਸੁਲਝ ਜਾਵੇਗਾ। ਐਕਸ ਨੇ ਬ੍ਰਾਜ਼ੀਲ ਵਿਚ ਦੁਬਾਰਾ ਸਰਗਰਮ ਹੋਣ ਲਈ ਅਦਾਲਤੀ ਸ਼ਰਤਾਂ ਦੀ ਪਾਲਣਾ ਕਰਨੀ ਸ਼ੁਰੂ ਕਰ ਦਿੱਤੀ।

ਮਸਕ ਨੇ ਐਕਸ 'ਤੇ ਪਾਬੰਦੀ ਨੂੰ ਲੈ ਕੇ ਜੱਜ ਮੋਰੇਸ ਨੂੰ ਘੇਰਿਆ ਹੈ। ਉਸਨੇ ਮੋਰੇਸ ਨੂੰ ਇੱਕ ਦੁਸ਼ਟ ਤਾਨਾਸ਼ਾਹ ਦੱਸਿਆ ਅਤੇ ਹੈਰੀ ਪੋਟਰ ਲੜੀ ਦੇ ਖਲਨਾਇਕ ਵੋਲਡੇਮੋਰਟ ਦਾ ਨਾਮ ਦਿੱਤਾ। ਮਸਕ ਨੇ ਕੁਝ ਦਿਨਾਂ ਤੋਂ ਇਸ ਮੁੱਦੇ 'ਤੇ ਚੁੱਪੀ ਬਣਾਈ ਰੱਖੀ ਹੈ ਅਤੇ ਐਕਸ 'ਤੇ ਪਾਬੰਦੀ ਹਟਾਉਣ ਲਈ ਜੋ ਵੀ ਜ਼ਰੂਰੀ ਹੈ, ਉਹ ਕਰਨ ਲਈ ਤਿਆਰ ਹੈ। ਪਲੇਟਫਾਰਮ ਨੇ ਇੱਕ ਤਕਨੀਕੀ ਫਿਕਸ ਨੂੰ ਹੱਲ ਕਰਨ ਲਈ ਸਤੰਬਰ ਵਿਚ ਬ੍ਰਾਜ਼ੀਲ ਵਿਚ ਸੇਵਾਵਾਂ ਨੂੰ ਮੁੜ ਚਾਲੂ ਕੀਤਾ, ਜਿਸ ਵਿਚ ਕਿਹਾ ਗਿਆ ਸੀ ਕਿ ਇਹ ਅਣਜਾਣੇ ਵਿਚ ਸੀ, ਪਰ ਮੋਰੇਸ ਨੇ ਹੋਰ ਜੁਰਮਾਨੇ ਦੀ ਧਮਕੀ ਦੇਣ ਤੋਂ ਬਾਅਦ ਦੁਬਾਰਾ ਔਫਲਾਈਨ ਹੋ ਗਿਆ। ਜੱਜ ਮੋਰੇਸ ਅਤੇ ਐਲੋਨ ਮਸਕ ਵਿਚਕਾਰ ਵਿਵਾਦ ਬ੍ਰਾਜ਼ੀਲ ਵਿਚ 2022 ਦੀਆਂ ਰਾਸ਼ਟਰਪਤੀ ਚੋਣਾਂ ਦੇ ਸਮੇਂ ਸ਼ੁਰੂ ਹੋਇਆ ਸੀ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**



# ਸੁੱਚਾ ਸਿੰਘ ਲੰਗਾਹ ਦੀ ਮੁੜ ਅਕਾਲੀ ਦਲ 'ਚ ਹੋਈ ਵਾਪਸੀ!

■ ਇੱਕ ਵੀਡੀਓ ਵਾਇਰਲ ਹੋਣ ਤੋਂ ਬਾਅਦ ਲੰਗਾਹ ਨੂੰ ਅਕਾਲੀ ਦਲ ਤੋਂ ਕੱਢ ਦਿੱਤਾ ਗਿਆ ਸੀ



**ਚੰਡੀਗੜ੍ਹ, (ਪੰਜਾਬ ਮੇਲ)-** ਸਾਬਕਾ ਮੰਤਰੀ ਸੁੱਚਾ ਸਿੰਘ ਲੰਗਾਹ ਨੂੰ ਇੱਕ ਵੀਡੀਓ ਵਾਇਰਲ ਹੋਣ ਤੋਂ ਬਾਅਦ ਅਕਾਲੀ ਦਲ ਤੋਂ ਕੱਢ ਦਿੱਤਾ ਗਿਆ ਸੀ, ਹੁਣ ਉਹ ਪਾਰਟੀ ਵਿਚ ਵਾਪਸ ਆ ਗਏ ਹਨ। ਇਹ ਐਲਾਨ ਪਾਰਟੀ ਦੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਭੂੰਦੜ ਨੇ ਕੀਤਾ ਹੈ। ਲੰਗਾਹ ਦੀ ਵਾਪਸੀ ਨੂੰ ਹੁਣ ਲੋਕ ਸਭਾ ਚੋਣਾਂ ਤੋਂ ਬਾਅਦ ਖਾਲੀ ਹੋਈ ਵਿਧਾਨ ਸਭਾ ਸੀਟ ਡੇਰਾ ਬਾਬਾ ਨਾਨਕ ਨਾਲ ਜੋੜਿਆ ਜਾ ਰਿਹਾ ਹੈ।

ਮੰਨਿਆ ਜਾ ਰਿਹਾ ਹੈ ਕਿ ਲੰਗਾਹ ਵਿਧਾਨ ਸਭਾ ਉਪ ਚੋਣ 'ਚ ਇੱਥੋਂ ਉਮੀਦਵਾਰ ਹੋ ਸਕਦੇ ਹਨ। ਕਿਉਂਕਿ ਲੰਗਾਹ ਦੀ ਇਸ ਖੇਤਰ ਵਿਚ ਮਜ਼ਬੂਤ ਮੌਜੂਦਗੀ ਹੈ ਪਰ ਪਾਰਟੀ ਉਨ੍ਹਾਂ ਦੀ ਵਾਪਸੀ ਦੀ ਗੱਲ ਸਿਰਫ਼ ਇੱਕ ਵਰਕਰ ਵਜੋਂ ਹੀ ਕਰ ਰਹੀ ਹੈ।

2017 ਵਿਚ ਇੱਕ ਵੀਡੀਓ ਵਾਇਰਲ ਹੋਣ ਤੋਂ ਬਾਅਦ ਸੁੱਚਾ ਸਿੰਘ ਲੰਗਾਹ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਸੀ। ਇਸ ਤੋਂ ਬਾਅਦ ਲੰਗਾਹ ਨੂੰ ਅਕਾਲੀ ਦਲ ਅਤੇ ਪੰਥ ਦੋਵਾਂ ਵਿਚੋਂ ਬਾਹਰ ਦਾ ਰਸਤਾ ਦਿਖਾ ਦਿੱਤਾ ਗਿਆ ਸੀ।

ਇਸ ਤੋਂ ਬਾਅਦ ਅਦਾਲਤ ਵੱਲੋਂ ਲੰਗਾਹ ਨੂੰ ਉਕਤ ਮਾਮਲੇ 'ਚੋਂ ਬਰੀ ਕਰ ਦਿੱਤਾ ਗਿਆ ਸੀ, ਜਿਸ ਤੋਂ ਬਾਅਦ ਲੰਗਾਹ ਲੰਮਾ ਸਮਾਂ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋ ਕੇ ਮੁਆਫ਼ੀ ਦੀ ਅਪੀਲ ਕਰਦਾ ਰਿਹਾ। ਲੰਬੀ ਜੱਦੋ-ਜਹਿਦ ਤੋਂ ਬਾਅਦ ਲੰਗਾਹ ਨੂੰ ਮੁਆਫੀ ਮਿਲ ਗਈ ਅਤੇ ਪੰਥ ਵਿਚ ਵਾਪਸੀ ਹੋ ਗਈ ਹੈ।

ਇਸ ਤੋਂ ਬਾਅਦ ਲੰਗਾਹ ਕਾਫੀ ਸਮੇਂ ਤੋਂ ਪਾਰਟੀ ਨੂੰ ਚਿੱਠੀਆਂ ਲਿਖ ਕੇ ਉਨ੍ਹਾਂ ਨੂੰ ਪਾਰਟੀ 'ਚ ਸ਼ਾਮਲ ਕਰਨ ਦੀ ਅਪੀਲ ਕਰ ਰਹੇ ਸਨ। ਭਾਵੇਂ ਪਾਰਟੀ ਉਨ੍ਹਾਂ ਦੀ ਮੰਗ ਨੂੰ ਨਜ਼ਰਅੰਦਾਜ਼ ਕਰ ਰਹੀ ਸੀ, ਪਰ ਲੰਗਾਹ ਸਮੇਂ-ਸਮੇਂ 'ਤੇ ਇਹ ਦਾਅਵਾ ਕਰਦੇ ਆ ਰਹੇ ਹਨ ਕਿ ਉਹ ਸ਼ੁਰੂ ਤੋਂ ਅਕਾਲੀ ਸਨ ਅਤੇ ਹਮੇਸ਼ਾ ਅਕਾਲੀ ਹੀ ਰਹਿਣਗੇ। ਆਖ਼ਰਕਾਰ ਪਾਰਟੀ ਨੇ ਲੰਗਾਹ ਦੇ ਹੱਕ ਵਿਚ ਫੈਸਲਾ ਕੀਤਾ ਅਤੇ ਲੰਗਾਹ ਪਾਰਟੀ ਵਿਚ ਵਾਪਸ ਆ ਗਏ।

ਇਹ ਹਲਕਾ ਡੇਰਾ ਬਾਬਾ ਨਾਨਕ ਤੋਂ ਵਿਧਾਇਕ ਸੁਖਜਿੰਦਰ ਰੰਧਾਵਾ ਦੇ ਸੰਸਦ ਮੈਂਬਰ ਬਣਨ ਤੋਂ ਬਾਅਦ ਖਾਲੀ ਹੋ ਗਿਆ ਹੈ। ਇਸ ਕਾਰਨ ਇਸ ਹਲਕੇ ਵਿਚ ਜਲਦੀ ਹੀ ਉਪ ਚੋਣ ਹੋਣ ਜਾ ਰਹੀ ਹੈ। ਅਜਿਹੇ ਵਿਚ ਸ਼੍ਰੋਮਣੀ ਅਕਾਲੀ ਦਲ ਨੇ ਲੰਗਾਹ ਦੀ ਵਾਪਸੀ ਕਰਵਾ ਕੇ ਇਸ ਚੋਣ ਨੂੰ ਹੋਰ ਵੀ ਦਿਲਚਸਪ ਬਣਾ ਦਿੱਤਾ ਹੈ ਕਿਉਂਕਿ ਲੰਗਾਹ ਇਸ ਹਲਕੇ ਵਿਚ ਵਿਧਾਇਕ ਰਹਿ ਚੁੱਕੇ ਹਨ ਅਤੇ ਉਨ੍ਹਾਂ ਦੀ ਮਜ਼ਬੂਤ ਪਕੜ ਹੈ।

# ਸੁਨੀਲ ਜਾਖੜ ਦੀ ਮੁੜ ਕਾਂਗਰਸ 'ਚ ਹੋ ਸਕਦੀ ਹੈ ਵਾਪਸੀ!



**ਚੰਡੀਗੜ੍ਹ, (ਪੰਜਾਬ ਮੇਲ)-** ਸਿਆਸਤ 'ਚ ਕੁਝ ਵੀ ਸੰਭਵ ਹੈ। ਇੱਥੇ ਕਦੋਂ ਕੀ ਹੋ ਜਾਵੇ, ਕੁਝ ਨਹੀਂ ਕਿਹਾ ਜਾ ਸਕਦਾ। ਗੁਆਂਢੀ ਸੂਬੇ ਹਰਿਆਣਾ 'ਚ ਜਿਸ ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਦੀ ਖ਼ਿਲਾਫ਼ਤ ਕਰਕੇ ਅਸ਼ੋਕ ਤੰਵਰ ਨੇ ਕਾਂਗਰਸ ਛੱਡੀ ਸੀ, ਉਸੇ ਹੁੱਡਾ ਨੇ ਉਨ੍ਹਾਂ ਨੂੰ ਪਾਰਟੀ ਦਾ ਪਟਕਾ ਪਹਿਨਾ ਕੇ ਮੁੜ ਕਾਂਗਰਸ 'ਚ ਸ਼ਾਮਲ ਕੀਤਾ। ਇਸੇ ਤਰ੍ਹਾਂ ਦਾ ਵਾਕਿਆ ਹੁਣ ਪੰਜਾਬ 'ਚ ਵੀ ਵਾਪਰ ਸਕਦਾ ਹੈ। ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਬਣਨ ਤੋਂ ਨਾਰਾਜ਼ ਹੋ ਕੇ ਕਾਂਗਰਸ ਨੂੰ ਅਲਵਿਦਾ ਕਹਿਣ ਵਾਲੇ ਸੁਨੀਲ ਜਾਖੜ ਹੁਣ ਉਸੇ ਚੰਨੀ ਨਾਲ ਮੁਲਾਕਾਤ ਕਰ ਕੇ ਪਾਰਟੀ 'ਚ ਵਾਪਸੀ ਦੀ ਤਿਆਰੀ ਕਰ ਰਹੇ ਹਨ। ਹੁਣ ਉਹ ਰਵਨੀਤ ਸਿੰਘ ਬਿੱਟੂ ਦੇ ਭਾਜਪਾ 'ਚ ਵਧਦੇ ਕੱਦ ਤੋਂ ਨਾਰਾਜ਼ ਹੋ ਕੇ ਪਾਰਟੀ ਛੱਡਣ ਲਈ ਤਿਆਰ ਦੱਸੇ ਜਾ ਰਹੇ ਹਨ।

ਸੂਬਾ ਪ੍ਰਧਾਨ ਸੁਨੀਲ ਜਾਖੜ ਦੀ 'ਗ਼ੈਰ ਹਾਜ਼ਰੀ' 'ਚ ਪੰਜਾਬ ਭਾਜਪਾ ਚਾਰ ਵਿਧਾਨ ਸਭਾ ਹਲਕਿਆਂ ਦੀਆਂ ਜ਼ਿਮਨੀ ਚੋਣਾਂ ਤੇ ਪੰਚਾਇਤੀ ਚੋਣਾਂ ਦੀ ਤਿਆਰੀ ਕਰ ਰਹੀ ਹੈ। ਪਿਛਲੇ ਕਈ ਮਹੀਨਿਆਂ ਤੋਂ ਉਨ੍ਹਾਂ ਨੇ ਪਾਰਟੀ ਗਤੀਵਿਧੀਆਂ ਤੋਂ ਦੂਰੀ ਬਣਾ ਕੇ ਰੱਖੀ ਹੋਈ ਹੈ ਤੇ ਉਹ ਸੀਨੀਅਰ ਲੀਡਰਸ਼ਿਪ ਤੋਂ ਨਾਰਾਜ਼ ਚੱਲ ਰਹੇ ਹਨ। ਕੁਝ ਦਿਨਾਂ ਤੋਂ ਉਨ੍ਹਾਂ ਦੇ ਅਸਤੀਫ਼ੇ ਦੀ ਚਰਚਾ ਵੀ ਗਾਹੇ-ਬਗਾਹੇ ਸੁਣਨ ਨੂੰ ਮਿਲ ਰਹੀ ਹੈ ਪਰ ਹਾਲੇ ਤੱਕ ਖ਼ੁਦ ਉਨ੍ਹਾਂ ਨੇ ਇਸ ਸਬੰਧੀ ਕੋਈ ਟਿੱਪਣੀ ਨਹੀਂ ਕੀਤੀ। ਇਸ ਚੁੱਪੀ ਦੇ ਕਈ ਅਰਥ ਕੱਢੇ ਜਾ ਰਹੇ ਹਨ। ਸੂਤਰਾਂ ਦੀ ਮੰਨੀਏ ਤਾਂ ਜਾਖੜ ਆਪਣੀ ਪੁਰਾਣੀ ਪਾਰਟੀ ਕਾਂਗਰਸ 'ਚ ਵਾਪਸ ਜਾਣ ਦੇ ਚਾਹਵਾਨ ਹਨ। ਪਤਾ ਲੱਗਾ ਹੈ ਕਿ ਉਹ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਸੰਪਰਕ 'ਚ ਹਨ। ਚੰਨੀ ਨੇ ਕੁਝ ਦਿਨ ਪਹਿਲਾਂ ਉਨ੍ਹਾਂ ਨਾਲ ਮੁਲਾਕਾਤ ਕੀਤੀ ਸੀ। ਉਨ੍ਹਾਂ ਦੀ ਕਾਂਗਰਸ 'ਚ ਵਾਪਸੀ ਪਿੱਛੇ ਇਹ ਤਰਕ ਦਿੱਤਾ ਜਾ ਰਿਹਾ ਹੈ ਕਿ ਕੇਂਦਰੀ ਲੀਡਰਸ਼ਿਪ ਦੀ ਪੰਜਾਬ 'ਚ ਦਿਲਚਸਪੀ ਘੱਟ ਹੈ। ਦੂਜਾ ਇਹ ਕਿ ਕਾਂਗਰਸ ਤੋਂ ਭਾਜਪਾ 'ਚ ਆਏ ਸਾਰੇ ਨੇਤਾ ਵਾਪਸ ਆ ਗਏ ਹਨ। ਹਰਿਆਣਾ 'ਚ ਅਸ਼ੋਕ ਤੰਵਰ ਦੀ ਪਾਰਟੀ 'ਚ ਵਾਪਸੀ ਨਾਲ ਕਾਂਗਰਸ ਕਾਫ਼ੀ ਉਤਸ਼ਾਹਿਤ ਹੈ। ਤੰਵਰ ਦੀ ਵਾਪਸੀ ਤੋਂ ਬਾਅਦ ਹੁਣ ਇਹ ਚਰਚਾ ਹੋ ਰਹੀ ਹੈ ਕਿ ਭਾਜਪਾ ਨੂੰ ਪੰਜਾਬ 'ਚ ਵੀ ਝਟਕਾ ਲੱਗ ਸਕਦਾ ਹੈ। ਦੂਜੇ ਪਾਸੇ ਭਾਜਪਾ ਦੇ ਨਵੇਂ ਪ੍ਰਧਾਨ ਬਣਨ ਦੀਆਂ ਚਰਚਾਵਾਂ ਸ਼ੁਰੂ ਹੋ ਗਈਆਂ ਹਨ, ਜਿਨ੍ਹਾਂ 'ਚੋਂ ਸਭ ਦੇ ਅੱਗੇ ਸੀਨੀਅਰ ਨੇਤਾ ਤਰੁਣ ਚੁੱਘ ਦਾ ਨਾਂ ਚੱਲ ਰਿਹਾ ਹੈ। ਇਸ ਤੋਂ ਇਲਾਵਾ ਭਾਜਪਾ ਦੇ ਮੀਤ ਪ੍ਰਧਾਨ ਸੁਭਾਸ਼ ਸ਼ਰਮਾ ਦਾ ਵੀ ਨਾਂ ਸਾਹਮਣੇ ਆ ਰਿਹਾ ਹੈ। ਇਸ ਤੋਂ ਇਲਾਵਾ ਭਾਜਪਾ 'ਚ ਆਏ ਸਾਬਕਾ ਕਾਂਗਰਸੀਆਂ ਨੇ ਵੀ ਲਾਬਿੰਗ ਕਰਨੀ ਸ਼ੁਰੂ ਕਰ ਦਿਤੀ ਹੈ। ਇਨ੍ਹਾਂ 'ਚੋਂ ਬਰਨਾਲਾ ਤੋਂ ਸਾਬਕਾ ਵਿਧਾਇਕ ਕੇਵਲ ਸਿੰਘ ਢਿੱਲੋਂ, ਗੁਰੂਹਰਸਹਾਏ ਤੋਂ ਸਾਬਕਾ ਵਿਧਾਇਕ ਰਾਣਾ ਗੁਰਮੀਤ ਸਿੰਘ ਸੋਢੀ ਤੇ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਸਰਗਰਮ ਹੋ ਗਏ ਹਨ ਪਰ ਪਾਰਟੀ ਦੀ ਅੰਦਰੂਨੀ ਧੜੇਬੰਦੀ ਹੋਣ ਕਰਕੇ ਪਾਰਟੀ ਲਈ ਵੱਡੀ ਸਮੱਸਿਆ ਹੋ ਸਕਦੀ ਹੈ। ਬੇਸ਼ੱਕ ਪੰਜਾਬ ਭਾਜਪਾ ਨੇ ਗਿੱਦੜਬਾਹਾ, ਬਰਨਾਲਾ, ਚੱਬੇਵਾਲ ਤੇ ਡੇਰਾ ਬਾਬਾ ਨਾਨਕ ਦੀਆਂ ਜ਼ਿਮਨੀ ਵਿਧਾਨ ਸਭਾ ਚੋਣਾਂ ਲਈ ਆਪਣੀ ਤਿਆਰੀ ਦਾ ਦਾਅਵਾ ਠੋਕਿਆ ਹੈ ਪਰ ਕੀ ਅੰਦਰੂਨੀ ਕਾਟੋ ਕਲੇਸ਼ ਕਾਰਨ ਭਾਜਪਾ ਇੱਥੇ ਜਿੱਤ ਹਾਸਲ ਕਰ ਸਕੇਗੀ, ਇਹ ਵੱਡਾ ਸਵਾਲ ਬਣਾਇਆ ਹੋਇਆ ਹੈ।


## ਮੈਟਰੀਮੋਨੀਅਲ

ਅਮਰੀਕਾ 'ਚ ਵੈਲ ਸੈਟਲਡ, ਗੁਰਸਿੱਖ ਪਰਿਵਾਰ ਨੂੰ ਆਪਣੇ ਪ੍ਰੋਫੈਸ਼ਨਲੀ ਕੁਆਲੀਫਾਈਡ ਅੰਮ੍ਰਿਤਧਾਰੀ, 1987 ਬੌਰਨ, ਕੱਦ 5'-11", ਅਮਰੀਕਾ ਤੋਂ ਮਾਸਟਰਜ਼ ਡਿਗਰੀ ਹੋਲਡਰ, ਸਾਫਟਵੇਅਰ ਇੰਜੀਨੀਅਰਿੰਗ ਪ੍ਰੋਡਕਟ ਮੈਨੇਜਰ ਦੀ ਵਧੀਆ ਜੌਬ ਕਰਦੇ, ਸਾਨ-ਫਰਾਂਸਿਸਕੋ, ਬੇ ਏਰੀਆ, ਕੈਲੀਫੋਰਨੀਆ (ਅਮਰੀਕਾ) 'ਚ ਆਪਣੇ ਘਰ ਦੇ ਮਾਲਕ, ਵਿਆਹ ਤੋਂ ਸਿਰਫ 4 ਮਹੀਨੇ ਵਿਚ ਇਨੋਸੈਂਟਲੀ ਡਾਇਵੋਰਸਡ (ਕੋਈ ਬੱਚਾ ਨਹੀਂ), ਲੜਕੇ ਲਈ ਗੁਰਸਿੱਖ, ਅੰਮ੍ਰਿਤਧਾਰੀ, ਪੜ੍ਹੀ-ਲਿਖੀ, ਸੋਹਣੀ, ਵੈਸ਼ਨੂੰ, ਪਰਿਵਾਰਕ ਲੜਕੀ ਦੀ ਲੋੜ ਹੈ। ਅਮਰੀਕਾ/ਕੈਨੇਡਾ ਦੀ ਲੜਕੀ ਨੂੰ ਪਹਿਲ ਦਿੱਤੀ ਜਾਵੇਗੀ। ਹੋਰ ਵਧੇਰੇ ਜਾਣਕਾਰੀ ਲਈ 1-510-281-7065 ਜਾਂ ਫਿਰ ਵਟਸਅਪ : +91-98993-79442 'ਤੇ ਫੋਨ ਕਰ ਸਕਦੇ ਹੋ ਜਾਂ ਫਿਰ ਆਪਣੇ ਵੇਰਵੇ ਈਮੇਲ: CJSINGH55@gmail.com 'ਤੇ ਭੇਜ ਸਕਦੇ ਹੋ।

## ਮੈਟਰੀਮੋਨੀਅਲ

ਅਮਰੀਕਾ ਦੇ ਵਰਕ ਪਰਮਿਟ ਹੋਲਡਰ, ਸੁਨਿਆਰ ਲੜਕੀ, ਉਮਰ 29 ਸਾਲ, ਕੱਦ 5'-1", ਬੈਚਲਰਸ ਆਫ ਡੈਂਟਲ ਸਰਜਰੀ (ਬੀ.ਡੀ.ਐੱਸ.) ਡੈਂਟਿਸਟ ਲਈ ਲੜਕੇ ਦੀ ਲੋੜ ਹੈ। ਸਿਰਫ ਅਮਰੀਕਨ ਫੈਮਿਲੀ ਹੀ ਸੰਪਰਕ ਕਰਨ।
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ : 98761-42597

## ਮੈਟਰੀਮੋਨੀਅਲ

ਅਮਰੀਕਾ ਦੇ ਵਰਕ ਪਰਮਿਟ ਹੋਲਡਰ, ਸੁਨਿਆਰ ਲੜਕਾ, ਉਮਰ 28 ਸਾਲ, ਗ੍ਰੈਜੂਏਟ ਲੜਕੇ ਲਈ ਅਮਰੀਕੀ ਨਾਗਰਿਕਤਾ ਪ੍ਰਾਪਤ ਲੜਕੀ ਦੀ ਲੋੜ ਹੈ। ਸਿਰਫ ਅਮਰੀਕਨ ਫੈਮਿਲੀ ਹੀ ਸੰਪਰਕ ਕਰਨ।
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ : 98761-42597

## ਪੰਜਾਬ ਮੇਲ 'ਚ ਮੁਫਤ ਮੈਟਰੀਮੋਨੀਅਲ ਇਸ਼ਤਿਹਾਰ ਲਗਾਉਣ ਲਈ 916-320-9444 'ਤੇ ਸੰਪਰਕ ਕਰੋ।

## ਮੈਟਰੀਮੋਨੀਅਲ

ਜੱਟ ਸਿੱਖ, 42 ਸਾਲ, 5'-4", ਵਧੀਆ ਨੌਕਰੀ, ਅਮਰੀਕਨ ਸਿਟੀਜ਼ਨ, ਤਲਾਕਸ਼ੁਦਾ ਲੜਕੀ ਲਈ ਅਮਰੀਕਾ ਵਿਚ ਰਹਿੰਦੇ ਵਧੀਆ ਸਥਾਪਿਤ ਜੱਟ ਸਿੱਖ ਪਰਿਵਾਰ ਦੇ ਬਿਨਾਂ ਬੱਚੇ ਤੋਂ ਜੀਵਨ ਸਾਥੀ ਦੀ ਲੋੜ ਹੈ। ਚਾਹਵਾਨ ਵਟਸਐਪ 540-479-0603 'ਤੇ ਸੰਪਰਕ ਕਰ ਸਕਦੇ ਹਨ।

## MATRIMONIAL

ਖੱਤਰੀ ਰਾਮਗੜ੍ਹੀਆ ਸਿੱਖ ਲੜਕਾ 26, ਬੀ.ਏ., 6'-2" ਬਰੈਂਪਟਨ ਵਿੱਚ ਕੱਚਾ, ਲਈ ਕੈਨੇਡਾ ਪੀ.ਆਰ. ਢੁਕਵੀਂ ਕੰਨਿਆਂ ਲੋੜੀਂਦੀ ਹੈ। ਸੰਪਰਕ : ਸਤਵੀਰ ਸਿੰਘ ਚਾਨੀਆਂ, 92569-73526 (ਇੰਡੀਆ)

## MATRIMONIAL

Seeking Amritdhari Educated Vegetarian Singhnee From USA/CANADA For Well Settled Amritdhari Singh, 36 Years Old, 5'-11" Height, Working as Software Product Leader, Owns A House in San Francisco Bay Area. Innocent Issueless Divorcee (4 Months Marriage)
Call: +1-510-281-7065, WhatsApp: +91 98993 79442
Email: cjsingh55@gmail.com

## MATRIMONIAL

Jatt Sikh boy, 6'-00", 32, Registered Nurse, Pure Vegetarian, Work Permit holder, Bay Area resident, looking for a family oriented match. Parents Green Card holders.
Contact: +1-510-453-0085.

## ਕੰਨਿਆ ਦੀ ਲੋੜ

ਅਮਰੀਕਾ ਦੇ ਗਰੀਨ ਕਾਰਡ ਹੋਲਡਰ, ਟਾਂਕ ਕਸ਼ੱਤਰੀ ਲੜਕਾ, ਉਮਰ 32 ਸਾਲ, ਕੱਦ 6 ਫੁੱਟ, ਸਾਊ, ਨਸ਼ਿਆਂ ਤੋਂ ਰਹਿਤ, ਮਿਹਨਤੀ, ਵਿੱਦਿਆ ਗਰੇਡ 12, ਮਾਲਵੇ ਨਾਲ ਸਬੰਧਿਤ ਲਈ ਕੈਨੇਡਾ ਜਾਂ ਅਮਰੀਕਾ ਵਿਚ ਨਾਗਰਿਕਤਾ ਪ੍ਰਾਪਤ ਯੋਗ ਕੰਨਿਆ ਦੀ ਲੋੜ ਹੈ। ਸਾਰਾ ਪਰਿਵਾਰ ਅਮਰੀਕਾ ਵਿਚ ਸੈਟਲਡ ਹੈ। ਸੰਪਰਕ ਕਰੋ : +1 (206) 353-6341, ਕੈਨੇਡਾ : 416-509-6200

# ਅਮਰੀਕਾ ਜਾਣ ਦਾ ਸੁਪਨਾ ਦੇਖ ਰਹੇ ਭਾਰਤੀਆਂ ਲਈ ਖੁਸ਼ਖਬਰੀ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਜਾਣ ਦਾ ਸੁਪਨਾ ਦੇਖ ਰਹੇ ਭਾਰਤੀਆਂ ਲਈ ਖੁਸ਼ਖਬਰੀ ਹੈ। ਹਾਲ ਹੀ ਵਿਚ ਅਮਰੀਕਾ ਨੇ ਭਾਰਤੀ ਯਾਤਰੀਆਂ ਲਈ 2.5 ਲੱਖ ਵਾਧੂ ਵੀਜ਼ਾ ਸਲਾਟ ਜਾਰੀ ਕਰਨ ਦਾ ਐਲਾਨ ਕੀਤਾ ਹੈ। ਇਸ ਅਹਿਮ ਫੈਸਲੇ ਨਾਲ ਭਾਰਤੀ ਨਾਗਰਿਕਾਂ ਲਈ ਅਮਰੀਕਾ ਵਿਚ ਘੁੰਮਣਾ, ਕੰਮ ਕਰਨਾ ਅਤੇ ਪੜ੍ਹਾਈ ਕਰਨਾ ਆਸਾਨ ਹੋ ਜਾਵੇਗਾ। ਅਮਰੀਕੀ ਮਿਸ਼ਨ ਨੇ ਕਿਹਾ ਹੈ ਕਿ ਇਹ ਨਵੇਂ ਸਲਾਟ ਭਾਰਤੀ ਉਮੀਦਵਾਰਾਂ ਨੂੰ ਸਮੇਂ 'ਤੇ ਇੰਟਰਵਿਊ ਲਈ ਹਾਜ਼ਰ ਹੋਣ ਵਿਚ ਮਦਦ ਕਰਨਗੇ। ਆਓ ਸਮਝੀਏ ਕਿ ਭਾਰਤੀ ਅਮਰੀਕਾ ਕਿਉਂ ਜਾਣਾ ਚਾਹੁੰਦੇ ਹਨ ਅਤੇ ਉੱਥੇ ਵੀਜ਼ਾ ਲੈਣ ਵਾਲਿਆਂ ਦੀ ਗਿਣਤੀ ਕਿੰਨੀ ਹੈ। ਅਸੀਂ ਇਹ ਵੀ ਜਾਣਾਂਗੇ ਕਿ ਕੀ ਅਮਰੀਕੀ ਰਾਸ਼ਟਰਪਤੀ ਚੋਣਾਂ ਵਿਚ ਇਹ ਮੁੱਦਾ ਬਣ ਰਿਹਾ ਹੈ?

ਇਸ ਸਾਲ ਹੁਣ ਤੱਕ 12 ਲੱਖ ਤੋਂ ਵੱਧ ਭਾਰਤੀ ਅਮਰੀਕਾ ਜਾ ਚੁੱਕੇ ਹਨ। ਇਹ ਸੰਖਿਆ 2023 ਦੀ ਇਸੇ ਮਿਆਦ ਦੇ ਮੁਕਾਬਲੇ 35 ਫੀਸਦੀ ਜ਼ਿਆਦਾ ਹੈ। ਅਮਰੀਕੀ ਮਿਸ਼ਨਾਂ ਨੇ ਲਗਾਤਾਰ ਦੂਜੇ ਸਾਲ 10 ਲੱਖ ਗੈਰ-ਪ੍ਰਵਾਸੀ ਵੀਜ਼ਾ ਅਰਜ਼ੀਆਂ ਨੂੰ ਪਾਰ ਕਰ ਲਿਆ ਹੈ। ਅਮਰੀਕੀ ਦੂਤਾਵਾਸ ਦੇ ਅਨੁਸਾਰ, ਅਸੀਂ ਇਸ ਗਰਮੀਆਂ ਵਿਚ ਵਿਦਿਆਰਥੀ ਵੀਜ਼ਾ ਸੀਜ਼ਨ ਦੌਰਾਨ ਰਿਕਾਰਡ ਗਿਣਤੀ ਵਿਚ ਵੀਜ਼ਿਆਂ ਦੀ ਪ੍ਰਕਿਰਿਆ ਕੀਤੀ। ਇਹ ਸਹੂਲਤ ਇਸ ਲਈ ਦਿੱਤੀ ਗਈ ਹੈ, ਤਾਂ ਜੋ ਪਹਿਲੀ ਵਾਰ ਅਮਰੀਕਾ ਜਾਣ ਦੇ ਚਾਹਵਾਨ ਉਮੀਦਵਾਰ ਸਾਡੇ ਪੰਜ ਕਾਊਂਸਲਰ ਸੈਕਸ਼ਨਾਂ ਵਿਚ ਸਮੇਂ ਸਿਰ ਨਿਯੁਕਤੀ ਪ੍ਰਾਪਤ ਕਰ ਸਕਣ।

ਅਮਰੀਕੀ ਮਿਸ਼ਨ ਮੁਤਾਬਕ ਅਮਰੀਕਾ ਹੁਣ ਇੱਥੇ ਰਹਿ ਰਹੇ ਗੈਰ-ਨਿਵਾਸੀ ਭਾਰਤੀ ਪਰਿਵਾਰਾਂ, ਕਾਰੋਬਾਰੀਆਂ ਅਤੇ ਸੈਲਾਨੀਆਂ ਦੀ ਆਵਾਜਾਈ ਨੂੰ ਆਸਾਨ ਬਣਾਉਣ




ਲਈ ਕੰਮ ਕਰ ਰਿਹਾ ਹੈ। ਘੱਟੋ-ਘੱਟ 60 ਲੱਖ ਭਾਰਤੀਆਂ ਕੋਲ ਪਹਿਲਾਂ ਹੀ ਅਮਰੀਕਾ ਵਿਚ ਗੈਰ-ਪ੍ਰਵਾਸੀ ਵੀਜ਼ੇ ਹਨ ਅਤੇ ਮਿਸ਼ਨ ਹਰ ਰੋਜ਼ ਹਜ਼ਾਰਾਂ ਹੋਰ ਵੀਜ਼ੇ ਜਾਰੀ ਕਰ ਰਿਹਾ ਹੈ। 2023 ਵਿਚ, ਯੂ.ਐੱਸ. ਮਿਸ਼ਨ ਨੇ ਭਾਰਤੀ ਵਿਦਿਆਰਥੀਆਂ ਨੂੰ 1.4 ਲੱਖ ਤੋਂ ਵੱਧ ਵੀਜ਼ੇ ਜਾਰੀ ਕੀਤੇ, ਜੋ ਕਿਸੇ ਹੋਰ ਦੇਸ਼ ਲਈ ਸਭ ਤੋਂ ਵੱਧ ਗਿਣਤੀ ਹੈ।

ਅਮਰੀਕਾ ਲਗਭਗ 185 ਤਰ੍ਹਾਂ ਦੇ ਵੀਜ਼ੇ ਜਾਰੀ ਕਰਦਾ ਹੈ। ਇਨ੍ਹਾਂ ਵਿਚੋਂ ਵਿਜ਼ਟਰ ਵੀਜ਼ਾ ਅਤੇ ਵਿਦਿਆਰਥੀ ਵੀਜ਼ਾ ਮਹੱਤਵਪੂਰਨ ਹਨ। ਐੱਫ-1 ਵੀਜ਼ਾ ਫੁੱਲ-ਟਾਈਮ ਵਿਦਿਆਰਥੀਆਂ ਲਈ ਹੈ, ਜਦੋਂ ਕਿ ਐੱਮ-1 ਵੀਜ਼ਾ ਵਪਾਰਕ ਵਿਦਿਆਰਥੀਆਂ ਲਈ ਹੈ। ਵਰਕਿੰਗ ਵੀਜ਼ਾ ਜਿਵੇਂ ਕਿ ਐੱਚ-1ਬੀ, ਐੱਚ-2ਏ, ਐੱਚ-2ਬੀ ਅਤੇ ਐੱਲ-1 ਵੀਜ਼ਾ। ਇਹ ਵੀਜ਼ੇ ਉਨ੍ਹਾਂ ਲਈ ਹਨ, ਜੋ ਅਮਰੀਕਾ ਵਿਚ ਸੀਮਤ ਸਮੇਂ ਲਈ ਕੰਮ ਕਰਨਾ ਚਾਹੁੰਦੇ ਹਨ। ਐਕਸਚੇਂਜ ਵਿਜ਼ਿਟਰ ਵੀਜ਼ਾ ਵਿਦਿਆਰਥੀਆਂ, ਪ੍ਰੋਫੈਸਰਾਂ, ਖੋਜ ਵਿਦਵਾਨਾਂ ਅਤੇ ਮਾਹਰਾਂ ਸਮੇਤ ਐਕਸਚੇਂਜ ਪ੍ਰੋਗਰਾਮਾਂ ਵਿਚ ਭਾਗ ਲੈਣ ਵਾਲਿਆਂ ਨੂੰ ਜਾਰੀ ਕੀਤਾ ਜਾਂਦਾ ਹੈ। ਈ-1 ਅਤੇ ਈ-2 ਵੀਜ਼ਾ ਅਮਰੀਕਾ ਅਤੇ ਸਬੰਧਤ ਦੇਸ਼ ਵਿਚਕਾਰ ਕਾਰੋਬਾਰ ਜਾਂ ਨਿਵੇਸ਼ ਵਿਚ ਲੱਗੇ ਲੋਕਾਂ ਨੂੰ ਜਾਰੀ ਕੀਤੇ ਜਾਂਦੇ ਹਨ। ਜਦੋਂਕਿ ਡਿਪਲੋਮੈਟਿਕ ਵੀਜ਼ਾ ਡਿਪਲੋਮੈਟਾਂ, ਸਰਕਾਰੀ ਅਧਿਕਾਰੀਆਂ ਅਤੇ ਅੰਤਰਰਾਸ਼ਟਰੀ ਸੰਸਥਾਵਾਂ ਦੇ ਕਰਮਚਾਰੀਆਂ ਲਈ ਹੈ। ਇਸ ਤੋਂ ਇਲਾਵਾ, ਕੁਝ ਹੋਰ ਵਿਸ਼ੇਸ਼ ਵੀਜ਼ੇ ਹਨ ਜਿਵੇਂ ਕਿ ਇਹ ਅਸਾਧਾਰਨ ਯੋਗਤਾ ਜਾਂ ਪ੍ਰਾਪਤੀ ਵਾਲੇ ਲੋਕਾਂ ਨੂੰ ਜਾਰੀ ਕੀਤੇ ਜਾਂਦੇ ਹਨ।

ਗ੍ਰੀਨ ਕਾਰਡ ਲਈ ਅਰਜ਼ੀ ਦੇਣ ਲਈ, ਤੁਹਾਨੂੰ ਆਪਣੀ ਵਿਅਕਤੀਗਤ ਸਥਿਤੀ ਦੇ ਆਧਾਰ 'ਤੇ ਵੱਖ-ਵੱਖ ਕਦਮ ਚੁੱਕਣ ਦੀ ਲੋੜ ਹੋਵੇਗੀ। 11 ਮਈ, 2010 ਤੋਂ, ਨਵੇਂ ਗ੍ਰੀਨ ਕਾਰਡਾਂ ਵਿਚ ਇੱਕ ਆਰ.ਐੱਫ.ਆਈ.ਡੀ. ਚਿਪ ਹੈ, ਜਿਸਨੂੰ ਰਿਮੋਟ ਤੋਂ ਇਲੈਕਟ੍ਰਾਨਿਕ ਤਰੀਕੇ ਨਾਲ ਐਕਸੈਸ ਕੀਤਾ ਜਾ ਸਕਦਾ ਹੈ। ਕਾਰਡ ਨੂੰ ਰਿਮੋਟ ਐਕਸੈਸ ਤੋਂ ਬਚਾਉਣ ਲਈ ਇਸਨੂੰ ਇੱਕ ਸੁਰੱਖਿਆ ਕਵਰ ਨਾਲ ਭੇਜਿਆ ਜਾਂਦਾ ਹੈ। ਅਮਰੀਕੀ ਕਾਨੂੰਨ ਮੁਤਾਬਕ ਰੁਜ਼ਗਾਰ ਆਧਾਰਤ ਗ੍ਰੀਨ ਕਾਰਡ ਜਾਰੀ ਕਰਨ ਦੀ ਸਾਲਾਨਾ ਸੀਮਾ 1,40,000 ਹੈ। ਇਸ ਤੋਂ ਇਲਾਵਾ ਹਰੇਕ ਦੇਸ਼ ਲਈ ਸਿਰਫ਼ 7 ਫ਼ੀਸਦੀ ਕੋਟਾ ਹੈ। ਇਸ ਦਾ ਖਮਿਆਜ਼ਾ ਭਾਰਤ ਅਤੇ ਚੀਨ ਵਰਗੇ ਆਬਾਦੀ ਵਾਲੇ ਦੇਸ਼ਾਂ ਦੇ ਉੱਚ ਹੁਨਰਮੰਦ ਨੌਜਵਾਨਾਂ ਨੂੰ ਭੁਗਤਣਾ ਪੈਂਦਾ ਹੈ ਕਿਉਂਕਿ ਇੱਥੇ ਦੇ ਲੋਕ ਅਮਰੀਕਾ ਜਾ ਕੇ ਆਪਣੇ ਸੁਪਨੇ ਪੂਰੇ ਕਰਨਾ ਚਾਹੁੰਦੇ ਹਨ।

ਇਸ ਸਮੇਂ ਲੱਖਾਂ ਲੋਕ ਅਮਰੀਕਾ ਜਾ ਰਹੇ ਹਨ। ਅਜਿਹਾ ਕਰਨ ਦੇ ਸਭ ਤੋਂ ਪ੍ਰਸਿੱਧ ਤਰੀਕਿਆਂ ਵਿਚੋਂ ਇੱਕ ਹੈ ਐੱਚ-1ਬੀ ਵੀਜ਼ਾ, ਜੋ ਕਿ ਉੱਚ ਹੁਨਰਮੰਦ ਪੇਸ਼ੇਵਰਾਂ ਨੂੰ ਦਿੱਤਾ ਜਾਂਦਾ ਹੈ। ਐੱਚ-1ਬੀ ਵੀਜ਼ਾ ਧਾਰਕਾਂ ਦੇ ਬੱਚਿਆਂ ਨੂੰ ਗ੍ਰੀਨ ਕਾਰਡ ਧਾਰਕਾਂ ਦੇ ਨਿਰਭਰ ਹੋਣ ਦੇ ਨਾਤੇ, 21 ਸਾਲ ਦੇ ਹੋਣ ਤੱਕ ਬਿਨਾਂ ਵੀਜ਼ੇ ਦੇ ਸੰਯੁਕਤ ਰਾਜ ਵਿਚ ਰਹਿਣ ਦਾ ਅਧਿਕਾਰ ਹੈ। ਹੁਣ ਅਮਰੀਕਾ ਵਿਚ ਕਾਨੂੰਨੀ ਪ੍ਰਵਾਸੀਆਂ ਦੇ 2.5 ਲੱਖ ਬੱਚਿਆਂ ਨੂੰ ਸਵੈ-ਡਿਪੋਰਟੇਸ਼ਨ ਦਾ ਵੱਧ ਖ਼ਤਰਾ ਹੈ।

## ਪੰਚਾਇਤੀ ਚੋਣਾਂ: ਹਾਈ ਕੋਰਟ ਵੱਲੋਂ ਕਿਸ਼ਨਪੁਰਾ ਪਿੰਡ ਦੀ ਚੋਣ ਪ੍ਰਕੀਰਿਆ 'ਤੇ ਰੋਕ

**ਚੰਡੀਗੜ੍ਹ, (ਪੰਜਾਬ ਮੇਲ)-** ਸੂਬੇ ਵਿਚ 15 ਅਕਤੂਬਰ ਨੂੰ ਪੰਚਾਇਤੀ ਚੋਣਾਂ ਹੋਣ ਜਾ ਰਹੀਆਂ ਹਨ। ਇਸ ਤੋਂ ਐਨ ਪਹਿਲਾਂ ਪਿੰਡ ਕਿਸ਼ਨਪੁਰਾ ਕਲਾਂ ਦੀ ਚੋਣ ਪ੍ਰਕੀਰਿਆ ਵਿਵਾਦਾਂ 'ਚ ਘਿਰ ਗਈ ਹੈ। ਸਰਪੰਚੀ ਚੋਣ ਲੜਣ ਦੇ ਚਾਹਵਾਨ ਉਮੀਦਵਾਰ ਵੱਲੋਂ ਦਾਖ਼ਲ ਪਟੀਸ਼ਨ 'ਤੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਵੱਲੋਂ ਮੋਗਾ ਦੀ ਤਹਿਸੀਲ ਧਰਮਕੋਟ ਵਿਚ ਪੈਂਦੇ ਪਿੰਡ ਕਿਸ਼ਨਪੁਰਾ ਕਲਾਂ ਵਿਚ ਚੋਣ ਪ੍ਰਕੀਰਿਆ 'ਤੇ ਰੋਕ ਲਗਾ ਦਿੱਤੀ ਹੈ। ਇਸ ਮਾਮਲੇ 'ਚ ਅਗਲੀ ਸੁਣਵਾਈ 11 ਅਕਤੂਬਰ ਨੂੰ ਹੋਵੇਗੀ, ਜਿਸ ਵਿਚ ਇਸ ਚੋਣ ਬਾਰੇ ਕੋਈ ਫ਼ੈਸਲਾ ਲਿਆ ਜਾ ਸਕਦਾ ਹੈ।

ਦਰਅਸਲ, ਇਸ ਪਿੰਡ ਤੋਂ ਸਰਪੰਚੀ ਦੀ ਚੋਣ ਲੜਣ ਦੇ ਚਾਹਵਾਨ ਰਾਕੇਸ਼ ਕੁਮਾਰ ਸ਼ਰਮਾ ਨੇ ਸੂਬਾ ਚੋਣ ਕਮਿਸ਼ਨ ਦੇ ਖ਼ਿਲਾਫ਼ ਪੰਜਾਬ ਤੇ ਹਰਿਆਣਾ ਹਾਈ ਕੋਰਟ 'ਚ ਇਕ ਪਟੀਸ਼ਨ ਦਾਖ਼ਲ ਕੀਤੀ ਹੈ। ਪਟੀਸ਼ਨਰ ਨੇ ਦੱਸਿਆ ਹੈ ਕਿ ਉਸ ਨੇ ਕਿਸ਼ਨਪੁਰਾ ਕਲਾਂ ਤੋਂ ਸਰਪੰਚੀ ਦੇ ਕਾਗਜ਼ ਦਾਖ਼ਲ ਕੀਤੇ ਸਨ। ਇਸ ਦੀ ਰਸੀਦ ਨਾ ਮਿਲਣ 'ਤੇ ਉਸ ਨੇ ਜਦੋਂ ਸਬੰਧਤ ਅਧਿਕਾਰੀਆਂ ਤਕ ਪਹੁੰਚ ਕੀਤੀ ਤਾਂ ਉਨ੍ਹਾਂ ਨੇ ਰਸੀਦ ਦੇਣ ਤੋਂ ਇਨਕਾਰ ਕਰਦਿਆਂ ਕਹਿ ਦਿੱਤਾ ਕਿ ਉਸ ਦੇ ਕਾਗਜ਼ ਗੁਆਚ ਗਏ ਹਨ।

ਪਟੀਸ਼ਨਰ ਨੇ ਕਿਹਾ ਕਿ ਇਸ ਨੂੰ ਸੰਵਿਧਾਨ ਦੀ ਉਲੰਘਣਾ ਦੱਸਦਿਆਂ ਹਾਈ ਕੋਰਟ ਤੋਂ ਪਿੰਡ 'ਚ ਸਰਪੰਚੀ ਚੋਣ 'ਤੇ ਰੋਕ ਲਾਉਣ ਦੀ ਮੰਗ ਕੀਤੀ ਹੈ। ਇਸ 'ਤੇ ਹਾਈ ਕੋਰਟ ਵੱਲੋਂ ਪੰਜਾਬ ਦੇ ਡੀ.ਏ.ਜੀ. ਜੇ.ਐੱਸ. ਰੱਤੂ ਨੂੰ ਨੋਟਿਸ ਸੌਂਪ ਦਿੱਤਾ ਗਿਆ ਹੈ ਤੇ 11 ਅਕਤੂਬਰ ਤੱਕ ਜਵਾਬ ਦਾਖ਼ਲ ਕਰਨ ਦੀ ਹਦਾਇਤ ਕੀਤੀ ਗਈ ਹੈ। ਉਦੋਂ ਤਕ ਇਸ ਪਿੰਡ ਵਿਚ ਚੋਣ ਪ੍ਰਕੀਰਿਆ 'ਤੇ ਰੋਕ ਲਗਾ ਦਿੱਤੀ ਗਈ ਹੈ।

## ਭਾਰਤ, ਬੰਗਲਾਦੇਸ਼, ਬ੍ਰਾਜ਼ੀਲ, ਕੈਨੇਡਾ, ਚੀਨ, ਮੈਕਸੀਕੋ ਅਤੇ ਨਾਈਜੀਰੀਆ ਦੇ ਲੋਕਾਂ ਨੂੰ ਨਹੀਂ ਮਿਲ ਸਕਦਾ ਡਾਇਵਰਸਿਟੀ ਵੀਜ਼ਾ

**ਵਾਸ਼ਿੰਗਟਨ, (ਪੰਜਾਬ ਮੇਲ)-** ਜੇਕਰ ਤੁਸੀਂ ਕਿਸੇ ਅਜਿਹੇ ਦੇਸ਼ ਦੇ ਵਾਸੀ ਹੋ, ਜਿੱਥੋਂ ਪਿਛਲੇ ਪੰਜ ਸਾਲਾਂ ਵਿਚ 50 ਹਜ਼ਾਰ ਤੋਂ ਵੱਧ ਪ੍ਰਵਾਸੀ ਅਮਰੀਕਾ ਆਏ ਹਨ, ਤਾਂ ਤੁਸੀਂ ਡਾਇਵਰਸਿਟੀ ਵੀਜ਼ਾ ਪ੍ਰੋਗਰਾਮ ਤਹਿਤ ਅਪਲਾਈ ਨਹੀਂ ਕਰ ਸਕੋਗੇ। ਭਾਰਤ ਵੀ ਡੀ.ਵੀ. ਪ੍ਰੋਗਰਾਮ ਲਈ ਅਯੋਗ ਦੇਸ਼ਾਂ ਵਿਚ ਸ਼ਾਮਲ ਹੈ। ਇਸ ਵੀਜ਼ੇ ਲਈ ਹੋਰ ਅਯੋਗ ਦੇਸ਼ ਬੰਗਲਾਦੇਸ਼, ਬ੍ਰਾਜ਼ੀਲ, ਕੈਨੇਡਾ, ਚੀਨ, ਮੈਕਸੀਕੋ ਅਤੇ ਨਾਈਜੀਰੀਆ ਆਦਿ ਹਨ।

ਜੇਕਰ ਤੁਸੀਂ ਡਾਇਵਰਸਿਟੀ ਵੀਜ਼ਾ ਪ੍ਰੋਗਰਾਮ ਲਈ ਅਯੋਗ ਦੇਸ਼ ਦੇ ਮੂਲ ਨਿਵਾਸੀ ਹੋ, ਪਰ ਤੁਹਾਡੇ ਜੀਵਨ ਸਾਥੀ ਜਾਂ ਮਾਤਾ ਜਾਂ ਪਿਤਾ ਅਜਿਹੇ ਦੇਸ਼ ਤੋਂ ਹਨ, ਜੋ ਡੀ.ਵੀ. ਪ੍ਰੋਗਰਾਮ ਲਈ ਯੋਗ ਹੈ, ਤਾਂ ਤੁਸੀਂ ਅਰਜ਼ੀ ਦੇ ਸਕਦੇ ਹੋ। ਇਹ ਸਮਝਿਆ ਜਾ ਸਕਦਾ ਹੈ ਕਿ ਜੇਕਰ ਤੁਸੀਂ ਭਾਰਤੀ ਮੂਲ ਦੇ ਹੋ ਅਤੇ ਤੁਹਾਡਾ ਜੀਵਨ ਸਾਥੀ ਨੇਪਾਲ ਤੋਂ ਹੈ, ਤਾਂ ਅਜਿਹੇ ਵਿਚ ਤੁਸੀਂ ਡਾਇਵਰਸਿਟੀ ਵੀਜ਼ਾ ਲਈ ਅਪਲਾਈ ਕਰ ਸਕਦੇ ਹੋ।

ਤੁਹਾਨੂੰ ਦੱਸ ਦੇਈਏ ਕਿ 3 ਮਈ, 2025 ਤੋਂ dvprogram.state.gov 'ਤੇ ਐਂਟਰੈਂਟ ਸਟੇਟਸ ਚੈੱਕ ਰਾਹੀਂ ਆਪਣੀ ਐਂਟਰੀ ਦੀ ਸਥਿਤੀ ਦੀ ਜਾਂਚ ਕਰਨ ਦੇ ਯੋਗ ਹੋਣਗੇ।

ਬਿਨੈਕਾਰਾਂ ਨੂੰ ਡਾਇਵਰਸਿਟੀ ਵੀਜ਼ਾ-2026 ਪ੍ਰੋਗਰਾਮ ਲਈ dvprogram.state.gov ਵੈੱਬਸਾਈਟ 'ਤੇ ਇਲੈਕਟ੍ਰਾਨਿਕ ਤਰੀਕੇ ਨਾਲ ਐਂਟਰੀਆਂ ਜਮ੍ਹਾਂ ਕਰਾਉਣੀਆਂ ਚਾਹੀਦੀਆਂ ਹਨ। ਕਾਨੂੰਨ ਹਰੇਕ ਦਾਖਲੇ ਦੀ ਮਿਆਦ ਦੇ ਦੌਰਾਨ ਪ੍ਰਤੀ ਵਿਅਕਤੀ ਸਿਰਫ ਇੱਕ ਪ੍ਰਵੇਸ਼ ਦੀ ਆਗਿਆ ਦਿੰਦਾ ਹੈ। ਯੂ.ਐੱਸ. ਸਟੇਟ ਡਿਪਾਰਟਮੈਂਟ ਮਲਟੀਪਲ ਐਂਟਰੀਆਂ ਦਾ ਪਤਾ ਲਗਾਉਣ ਲਈ ਤਕਨਾਲੋਜੀ ਦੀ ਵਰਤੋਂ ਕਰਦਾ ਹੈ। ਜੇਕਰ ਕਿਸੇ ਵਿਅਕਤੀ ਲਈ ਇੱਕ ਤੋਂ ਵੱਧ ਇੰਦਰਾਜ਼ ਜਮ੍ਹਾ ਕੀਤੇ ਜਾਂਦੇ ਹਨ, ਤਾਂ ਉਸ ਵਿਅਕਤੀ ਦੀਆਂ ਸਾਰੀਆਂ ਐਂਟਰੀਆਂ ਅਯੋਗ ਕਰ ਦਿੱਤੀਆਂ ਜਾਣਗੀਆਂ।

ਤੁਹਾਨੂੰ ਦੱਸ ਦੇਈਏ ਕਿ ਹਰ ਸਾਲ ਅਮਰੀਕਾ ਇਸ ਲਾਟਰੀ ਲਈ ਘੱਟ ਇਮੀਗ੍ਰੇਸ਼ਨ ਦਰਾਂ ਵਾਲੇ ਦੇਸ਼ਾਂ ਦੇ ਲੋਕਾਂ (ਵਿਭਿੰਨਤਾ ਪ੍ਰਵਾਸੀਆਂ ਵਜੋਂ ਜਾਣੇ ਜਾਂਦੇ) ਨੂੰ ਬੇਤਰਤੀਬ ਢੰਗ ਨਾਲ ਚੁਣਦਾ ਹੈ। ਵਿੱਤੀ ਸਾਲ 2026 ਲਈ 55 ਹਜ਼ਾਰ ਤੱਕ ਡਾਇਵਰਸਿਟੀ ਵੀਜ਼ੇ ਉਪਲਬਧ ਹੋਣਗੇ। ਇਸ ਵੀਜ਼ਾ ਲਈ ਬਿਨੈਕਾਰਾਂ ਨੂੰ ਸਖ਼ਤ ਯੋਗਤਾ ਲੋੜਾਂ ਨੂੰ ਪੂਰਾ ਕਰਨਾ ਚਾਹੀਦਾ ਹੈ।

ਡਾਇਵਰਸਿਟੀ ਵੀਜ਼ਾ ਪ੍ਰੋਗਰਾਮ 2026 (ਡੀ.ਵੀ.-2026) ਲਈ ਰਜਿਸਟ੍ਰੇਸ਼ਨਾਂ ਖੁੱਲ੍ਹ ਗਈਆਂ ਹਨ। ਅਮਰੀਕੀ ਵਿਦੇਸ਼ ਮੰਤਰਾਲੇ ਨੇ ਇਹ ਐਲਾਨ ਕੀਤਾ ਹੈ। ਡਾਇਵਰਸਿਟੀ ਵੀਜ਼ਾ ਪ੍ਰੋਗਰਾਮ ਨੂੰ ਗ੍ਰੀਨ ਕਾਰਡ ਲਾਟਰੀ ਵਜੋਂ ਵੀ ਜਾਣਿਆ ਜਾਂਦਾ ਹੈ। ਮੰਤਰਾਲੇ ਨੇ ਆਪਣੀ ਘੋਸ਼ਣਾ ਵਿਚ ਕਿਹਾ ਹੈ ਕਿ ਡੀ.ਵੀ.-2026 ਰਜਿਸਟ੍ਰੇਸ਼ਨ ਦੀ ਮਿਆਦ 2 ਅਕਤੂਬਰ, 2024 ਤੋਂ ਸ਼ੁਰੂ ਹੋਵੇਗੀ ਅਤੇ 5 ਨਵੰਬਰ, 2024 ਤੱਕ ਜਾਰੀ ਰਹੇਗੀ। ਇਹ ਵੀਜ਼ਾ ਪ੍ਰੋਗਰਾਮ ਪੂਰੀ ਤਰ੍ਹਾਂ ਇਲੈਕਟ੍ਰਾਨਿਕ ਹੈ ਅਤੇ ਦਾਖਲੇ ਲਈ ਕੋਈ ਫੀਸ ਨਹੀਂ ਹੈ।

# ਰੂਸ ਦੀ ਅਦਾਲਤ ਵੱਲੋਂ 72 ਸਾਲਾ ਅਮਰੀਕੀ ਨਾਗਰਿਕ ਨੂੰ ਸੱਤ ਸਾਲ ਦੀ ਸਜ਼ਾ

**ਮਾਸਕੋ, (ਪੰਜਾਬ ਮੇਲ)-** ਰੂਸ ਦੀ ਇਕ ਅਦਾਲਤ ਨੇ ਸੋਮਵਾਰ ਨੂੰ 72 ਸਾਲਾ ਇਕ ਅਮਰੀਕੀ ਨਾਗਰਿਕ ਨੂੰ ਸੱਤ ਸਾਲ ਦੀ ਸਜ਼ਾ ਸੁਣਾਈ ਹੈ। ਉਸ 'ਤੇ ਦੋਸ਼ ਸੀ ਕਿ ਉਸ ਨੇ ਯੂਕਰੇਨ 'ਚ ਪੈਸੇ ਲੈ ਕੇ ਇਕ ਫ਼ੌਜੀ ਵਜੋਂ ਲੜਾਈ 'ਚ ਹਿੱਸਾ ਲਿਆ ਸੀ। ਸਟੀਫਨ ਹਬਰਡ ਨਾਂ ਦੇ ਇਸ ਵਿਅਕਤੀ ਨੇ ਫਰਵਰੀ 2022 'ਚ ਰੂਸ ਵੱਲੋਂ ਯੂਕਰੇਨ 'ਚ ਫ਼ੌਜ ਭੇਜੇ ਜਾਣ ਤੋਂ ਬਾਅਦ ਯੂਕਰੇਨੀ ਫ਼ੌਜ ਦੇ ਨਾਲ ਇਕ ਕਰਾਰ 'ਤੇ ਹਸਤਾਖਰ ਕੀਤੇ ਤੇ ਦੋ ਮਹੀਨੇ ਬਾਅਦ ਫੜੇ ਜਾਣ ਤੱਕ ਉਨ੍ਹਾਂ ਦੇ ਨਾਲ ਮਿਲ ਕੇ ਲੜਦਾ ਰਿਹਾ। ਹਬਰਡ ਨੂੰ ਪਹਿਲਾਂ 10 ਮਹੀਨੇ ਦੀ ਸਜ਼ਾ ਸੁਣਾਈ ਗਈ ਸੀ ਪਰ ਹੁਣ ਉਸ ਨੂੰ ਸੱਤ ਸਾਲ ਦੀ ਸਜ਼ਾ ਸੁਣਾਈ ਗਈ ਹੈ। ਸਟੀਫਨ ਹਬਰਡ ਪਿਛਲੇ ਮਹੀਨੇ ਕਿਰਾਏ ਦੇ ਫ਼ੌਜੀ

**ਯੂਕਰੇਨ ਦੇ ਹੱਕ 'ਚ ਲੜਾਈ ਲੜਾਈ ਲੜਨ ਦਾ ਦੋਸ਼**

ਹੋਣ ਦੇ ਦੋਸ਼ਾਂ 'ਚ ਦੋਸ਼ੀ ਕਰਾਰ ਦਿੱਤਾ ਗਿਆ ਸੀ। ਰੂਸੀ ਵਕੀਲ ਨੇ ਦੋਸ਼ ਲਾਇਆ ਕਿ ਹਬਰਡ ਨੇ ਲਗਪਗ 1000 ਡਾਲਰ ਪ੍ਰਤੀ ਮਹੀਨੇ ਦੇ ਕਰਾਰ 'ਤੇ ਹਸਤਾਖਰ ਕਰਨ ਤੋਂ ਬਾਅਦ ਇਜ਼ੀਅਮ ਦੇ ਮੁੱਖ ਸ਼ਹਿਰ 'ਚ ਯੂਕਰੇਨ ਦੇ ਨਾਲ ਲੜਾਈ ਲੜੀ ਸੀ। ਸਟੀਫਨ ਹਬਰਡ ਨੇ ਸੁਣਵਾਈ ਦੌਰਾਨ ਕੋਰਟ ਨੂੰ ਕਿਹਾ ਕਿ ਉਸ ਦੇ ਭਰਾ ਦਾ ਰੂਸ ਦੇ ਪੱਖ 'ਚ ਵਿਚਾਰ ਰਿਹਾ ਹੈ ਤੇ ਉਹ ਅਜਿਹਾ ਨਹੀਂ ਕਰ ਸਕਦੇ, ਉਨ੍ਹਾਂ ਦੇ ਉੱਪਰ ਲਾਏ ਗਏ ਦੋਸ਼ ਗ਼ਲਤ ਹਨ।

# ਯੂ.ਐੱਸ.ਸੀ.ਆਈ.ਐੱਸ. ਵੱਲੋਂ ਨਵਾਂ ਅਪਡੇਟ ਜਾਰੀ; ਈਬੀ-1 ਇਮੀਗ੍ਰੈਂਟ ਵੀਜ਼ਾ ਲਈ ਨਵੇਂ ਨਿਯਮ ਲਾਗੂ

**ਵਾਸ਼ਿੰਗਟਨ, (ਪੰਜਾਬ ਮੇਲ)-** ਯੂ.ਐੱਸ. ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼ ਅਨੁਸਾਰ ਈਬੀ-1 ਵੀਜ਼ਾ ਯੋਗਤਾ ਲਈ ਨਵੇਂ ਅਸੂਲ ਅਪਡੇਟ ਕੀਤੇ ਗਏ ਹਨ ਅਤੇ ਅਰਜੀ ਕਰਤਾਵਾਂ ਨੂੰ ਉਨ੍ਹਾਂ ਦੀਆਂ ਯੋਗਤਾਵਾਂ ਦੇ ਸਬੂਤ ਪੇਸ਼ ਕਰਨ ਲਈ ਨਵੇਂ ਨਿਯਮ ਹੋਂਦ ਵਿਚ ਆਏ ਹਨ ਅਤੇ ਬਿਨੈਕਾਰਾਂ ਦੀਆਂ ਬੇਮਿਸਾਲ ਯੋਗਤਾਵਾਂ ਦੇ ਸਬੂਤ ਵਜੋਂ ਪੇਸ਼ ਕੀਤੇ ਜਾਣ ਵਾਲੇ ਦਸਤਾਵੇਜ਼ਾਂ ਦੀ ਕਿਸਮ ਨੂੰ ਸਪੱਸ਼ਟ ਕਰੇਗਾ।

ਯੂ.ਐੱਸ.ਸੀ.ਆਈ.ਐੱਸ. ਰਿਪੋਰਟ ਦੇ ਅਨੁਸਾਰ, ਨਵੀਂ ਨੀਤੀ ਮਾਰਗਦਰਸ਼ਨ ਵਿਚ ਅਸਾਧਾਰਣ ਯੋਗਤਾਵਾਂ ਦੇ ਸਬੂਤ ਵਜੋਂ ਸਵੀਕਾਰ ਕੀਤੇ ਜਾਣ ਦਾ ਫੈਸਲਾ ਕੀਤਾ ਗਿਆ ਹੈ।

ਬਿਨੈਕਾਰ ਕੋਲ ਰਾਸ਼ਟਰੀ ਜਾਂ ਅੰਤਰਰਾਸ਼ਟਰੀ ਮਾਨਤਾ ਦੇ ਨਾਲ ਉੱਤਮਤਾ ਲਈ ਟੀਮ ਅਵਾਰਡ ਹੋਣਾ ਚਾਹੀਦਾ ਹੈ।

ਮੈਂਬਰਸ਼ਿਪ ਦੇ ਮਾਪਦੰਡਾਂ ਅਨੁਸਾਰ ਬਿਨੈਕਾਰ ਦੀ ਪਿਛਲੀ ਮੈਂਬਰਸ਼ਿਪ ਹੋਣੀ ਚਾਹੀਦੀ ਹੈ।

ਬਿਨੈਕਾਰ ਦੁਆਰਾ ਪ੍ਰਦਾਨ ਕੀਤੀ ਸੇਵਾ ਦੇ ਮੁੱਲ ਨੂੰ ਦਰਸਾਉਂਦੀ ਪ੍ਰਕਾਸ਼ਿਤ ਸਮੱਗਰੀ ਉਪਲਬਧ ਹੈ।

ਕਈ ਗੈਰ-ਕਲਾਤਮਕ ਪ੍ਰਦਰਸ਼ਨੀਆਂ ਨੂੰ ਤੁਲਨਾਤਮਕ ਸਬੂਤ ਦੁਆਰਾ ਸਹੀ ਢੰਗ ਨਾਲ ਸਮਰਥਿਤ ਦਾਅਵੇ ਦੇ ਹਿੱਸੇ ਵਜੋਂ ਆਯੋਜਿਤ ਕੀਤਾ ਗਿਆ ਹੋ ਸਕਦਾ ਹੈ

ਨਵੀਂ ਨੀਤੀ ਅਪਡੇਟ ਦਾ ਉਦੇਸ਼ ਪਟੀਸ਼ਨਕਰਤਾਵਾਂ ਨੂੰ ਵੇਰਵਿਆਂ ਨੂੰ ਸਪੱਸ਼ਟ ਕਰਨਾ ਅਤੇ ਪਾਰਦਰਸ਼ਤਾ ਪ੍ਰਦਾਨ ਕਰਨਾ ਹੈ, ਤਾਂ ਜੋ ਉਹ ਬਿਨੈਕਾਰ ਦੀ ਯੋਗਤਾ ਨੂੰ ਪ੍ਰਦਰਸ਼ਿਤ ਕਰਨ ਲਈ ਉਚਿਤ ਸਬੂਤ ਜਮ੍ਹਾਂ ਕਰ ਸਕਣ। ਨਵਾਂ ਅੱਪਡੇਟ ਇਸ ਵਿਸ਼ੇ 'ਤੇ ਜਾਰੀ ਕੀਤੇ ਸਾਰੇ ਪਿਛਲੇ ਅੱਪਡੇਟਾਂ ਨੂੰ ਛੱਡ ਦਿੰਦਾ ਹੈ ਅਤੇ ਤੁਰੰਤ ਲਾਗੂ ਕੀਤਾ ਜਾਵੇਗਾ।




# ਅਮਰੀਕਾ 'ਚ ਦੋ ਭਾਰਤੀ ਅਮਰੀਕੀ ਔਰਤਾਂ 'ਵ੍ਹਾਈਟ ਹਾਊਸ ਫੈਲੋ' ਵਜੋਂ ਨਾਮਜ਼ਦ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਵਿਚ 2 ਭਾਰਤੀ ਅਮਰੀਕੀ ਔਰਤਾਂ - ਬੋਸਟਨ ਤੋਂ ਪਦਮਿਨੀ ਪਿੱਲਈ ਅਤੇ ਨਿਊਯਾਰਕ ਤੋਂ ਨਲਿਨੀ ਟਾਟਾ ਨੂੰ ਵੀਰਵਾਰ ਨੂੰ 2024-2025 ਦੇ ਸੈਸ਼ਨ ਲਈ 'ਵ੍ਹਾਈਟ ਹਾਊਸ ਫੈਲੋ' ਵਜੋਂ ਨਾਮਜ਼ਦ ਕੀਤਾ ਗਿਆ। ਅਮਰੀਕਾ ਤੋਂ ਕੁੱਲ 15 ਬੇਮਿਸਾਲ ਪ੍ਰਤਿਭਾਸ਼ਾਲੀ ਵਿਅਕਤੀਆਂ ਨੂੰ ਇਸ ਵੱਕਾਰੀ ਪ੍ਰੋਗਰਾਮ ਲਈ ਚੁਣਿਆ ਗਿਆ ਹੈ।

'ਫੈਲੋ' 'ਵ੍ਹਾਈਟ ਹਾਊਸ' (ਅਮਰੀਕਾ ਦੇ ਰਾਸ਼ਟਰਪਤੀ ਦੇ ਅਧਿਕਾਰਤ ਨਿਵਾਸ ਅਤੇ ਦਫ਼ਤਰ) ਦੇ ਸੀਨੀਅਰ ਕਰਮਚਾਰੀਆਂ, ਕੈਬਨਿਟ ਮੰਤਰੀਆਂ ਅਤੇ ਹੋਰ ਉੱਚ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਇਕ ਸਾਲ ਤੱਕ ਕੰਮ ਕਰਨ ਦੇ ਬਾਅਦ ਇਕ ਬਿਹਤਰ ਨੇਤਾ ਦੇ ਰੂਪ ਵਿਚ ਆਪਣੇ ਭਾਈਚਾਰਿਆਂ ਦੀ ਸੇਵਾ ਕਰਦੇ ਹਨ। 'ਵ੍ਹਾਈਟ ਹਾਊਸ' ਨੇ ਇਕ ਮੀਡੀਆ ਰਿਲੀਜ਼ ਵਿਚ ਕਿਹਾ ਕਿ ਟਾਟਾ ਨੂੰ 'ਵ੍ਹਾਈਟ ਹਾਊਸ' ਦੇ ਕੈਬਨਿਟ ਮਾਮਲਿਆਂ ਦੇ ਦਫ਼ਤਰ ਵਿਚ ਨਿਯੁਕਤ ਕੀਤਾ ਗਿਆ ਹੈ, ਜਦੋਂ ਕਿ ਪਿਲੱਈ ਨੂੰ ਸਮਾਜਿਕ ਸੁਰੱਖਿਆ ਪ੍ਰਸ਼ਾਸਨ ਵਿਚ ਨਿਯੁਕਤ ਕੀਤਾ ਗਿਆ ਹੈ।



ਮੈਸੇਚਿਊਸੇਟਸ ਦੇ ਨਿਊਟਨ ਦੀ ਪਿਲੱਈ ਇੱਕ 'ਇਮਯੂਨੋ ਇੰਜੀਨੀਅਰ' ਹੈ, ਜੋ ਇਮਯੂਨੋਲੋਜੀ ਵਿਚ ਖੋਜ ਅਤੇ ਬਾਇਓਮਟੀਰੀਅਲ ਡਿਜ਼ਾਈਨ ਵਿਚ ਤਰੱਕੀ ਦੇ ਵਿਚਕਾਰ ਦੇ ਪਾੜੇ ਨੂੰ ਪੂਰਾ ਕਰਨ ਲਈ ਕੰਮ ਕਰਦੀ ਹੈ, ਤਾਂ ਕਿ ਮਨੁੱਖੀ ਬਿਮਾਰੀਆਂ ਦੇ ਇਲਾਜ ਵਿਚ ਮਦਦ ਮਿਲ ਸਕੇ। ਉਨ੍ਹਾਂ ਨੇ ਮੈਸੇਚਿਉਸੇਟਸ ਇੰਸਟੀਚਿਊਟ ਆਫ਼ ਟੈਕਨਾਲੋਜੀ (ਐੱਮ.ਆਈ.ਟੀ.) ਵਿਚ ਇੱਕ ਟੀਮ ਦੀ ਅਗਵਾਈ ਕੀਤੀ, ਜੋ ਮਾਰੂ ਕੈਂਸਰ ਦੇ ਖਾਤਮੇ ਲਈ ਨੈਨੋਥੈਰੇਪੀ ਵਿਕਸਿਤ ਕਰ ਰਹੀ ਹੈ।

ਕੋਵਿਡ-19 ਮਹਾਂਮਾਰੀ ਦੇ ਦੌਰਾਨ, 'ਸੀ.ਐੱਨ.ਬੀ.ਸੀ.', 'ਦਿ ਅਟਲਾਂਟਿਕ' ਅਤੇ 'ਦਿ ਨਿਊਯਾਰਕ ਟਾਈਮਜ਼' ਸਮੇਤ ਕਈ ਮੀਡੀਆ ਸੰਗਠਨਾਂ ਨੇ ਪਿਲੱਈ ਦੇ ਲੇਖ ਪ੍ਰਕਾਸ਼ਿਤ ਕੀਤੇ ਸਨ, ਜਿਨ੍ਹਾਂ ਵਿਚ ਉਨ੍ਹਾਂ ਨੇ ਟੀਕਾਕਰਨ, ਇਮਿਊਨਿਟੀ ਅਤੇ ਸਿਹਤ ਦੇ ਲਿਹਾਜ਼ ਤੋਂ ਕਮਜ਼ੋਰ ਭਾਈਚਾਰਿਆਂ 'ਤੇ ਮਹਾਂਮਾਰੀ ਦੇ ਪ੍ਰਭਾਵ ਬਾਰੇ ਚਰਚਾ ਕੀਤੀ ਸੀ। ਪਿਲੱਈ ਨੇ 'ਯੇਲ ਯੂਨੀਵਰਸਿਟੀ' ਤੋਂ ਇਮਯੂਨੋਬਾਇਓਲੋਜੀ ਵਿਚ ਪੀ.ਐੱਚ.ਡੀ. ਅਤੇ 'ਰੇਗਿਸ ਕਾਲਜ' ਤੋਂ ਬਾਇਓਕੈਮਿਸਟਰੀ ਵਿਚ ਬੈਚਲਰ ਦੀ ਡਿਗਰੀ ਪ੍ਰਾਪਤ ਕੀਤੀ ਹੈ।

ਟਾਟਾ 'ਨਿਊਯਾਰਕ-ਪ੍ਰੇਸਬੀਟੇਰੀਅਨ ਵੀਲ ਕਾਰਨੇਲ ਮੈਡੀਕਲ ਸੈਂਟਰ/ਮੈਮੋਰੀਅਲ ਸਲੋਨ ਕੇਟਰਿੰਗ ਕੈਂਸਰ ਸੈਂਟਰ' ਵਿਖੇ 'ਨਿਊਰੋਸਰਜਰੀ' ਨਿਵਾਸੀ ਹੈ। ਟਾਟਾ ਨੇ ਬ੍ਰਾਊਨ ਯੂਨੀਵਰਸਿਟੀ ਤੋਂ 'ਨਿਊਰੋਬਾਇਓਲੋਜੀ' ਵਿਚ ਬੀ.ਐੱਸ.ਸੀ., 'ਕੈਮਬ੍ਰਿਜ ਯੂਨੀਵਰਸਿਟੀ' ਤੋਂ ਐਮਫਿਲ, 'ਨਾਰਥਵੈਸਟਰਨ ਫੇਨਬਰਗ ਸਕੂਲ ਆਫ਼ ਮੈਡੀਸਨ' ਤੋਂ ਐੱਮ.ਡੀ. ਅਤੇ 'ਹਾਰਵਰਡ ਕੈਨੇਡੀ ਸਕੂਲ ਆਫ਼ ਗਵਰਨਮੈਂਟ' ਤੋਂ ਲੋਕਤੰਤਰ, ਰਾਜਨੀਤੀ ਅਤੇ ਸੰਸਥਾਵਾਂ' ਵਿਸ਼ੇ ਵਿਚ ਐੱਮ.ਪੀ.ਪੀ. ਦੀ ਡਿਗਰੀ ਪ੍ਰਾਪਤ ਕੀਤੀ ਹੈ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :**
**www.punjabmailusa.com**

**ਸ਼ੋਕ ਸਮਾਚਾਰ**

# ਸਿੱਖ ਜਗਤ ਦੀ ਮਹਾਨ ਸ਼ਖਸੀਅਤ ਸ. ਇੰਦਰਜੀਤ ਸਿੰਘ ਰੇਖੀ ਨਹੀਂ ਰਹੇ



ਸ. ਇੰਦਰਜੀਤ ਸਿੰਘ ਰੇਖੀ

**ਵਾਸ਼ਿੰਗਟਨ, (ਰਾਜ ਗੋਗਨਾ/ਪੰਜਾਬ ਮੇਲ)-** ਸਿੱਖ ਜਗਤ ਦੀ ਮਹਾਨ ਸ਼ਖਸੀਅਤ ਸ. ਇੰਦਰਜੀਤ ਸਿੰਘ ਰੇਖੀ ਆਪਣੇ ਗ੍ਰਹਿ ਵਿਖੇ ਪਰਿਵਾਰ ਦੀ ਹਾਜ਼ਰੀ 'ਚ ਆਖਰੀ ਸਾਹ ਲੈਂਦੇ ਹੋਏ ਅਕਾਲ ਪੁਰਖ ਦੇ ਚਰਨਾਂ 'ਚ ਜਾ ਬਿਰਾਜੇ। ਉਹ ਇਕ ਮਹਾਨ ਗਤੀਸ਼ੀਲ ਸ਼ਖਸੀਅਤ ਸਨ ਅਤੇ ਉਹ ਸਿੱਖ ਜਗਤ ਅਤੇ ਰੇਖੀ ਪਰਿਵਾਰ ਦੇ ਥੰਮ੍ਹ ਮੰਨੇ ਜਾਂਦੇ ਸਨ। ਉਨ੍ਹਾਂ ਦਾ ਭਾਰਤ ਵਿਚ ਹੀ ਨਹੀਂ, ਅਮਰੀਕਾ ਵਿਚ ਵੀ ਹਰ ਭਾਈਚਾਰੇ ਵਿਚ ਵੱਡਾ ਸਤਿਕਾਰ ਸੀ। ਅਮਰੀਕਾ ਵਿਚ ਉਨ੍ਹਾਂ ਸਿੱਖੀ ਅਤੇ ਗੁਰਬਾਣੀ ਦੇ ਪ੍ਰਚਾਰ ਲਈ ਜ਼ਿਕਰਯੋਗ ਯਤਨ ਕੀਤੇ। ਉਨ੍ਹਾਂ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਅਤੇ ਕੁਰਬਾਨੀਆਂ ਦੇ ਪ੍ਰਚਾਰ ਲਈ ਆਪਣੇ ਜੀਵਨ ਦਾ ਵੱਡਾ ਹਿੱਸਾ ਲਾਇਆ। ਇਸੇ ਟੀਚੇ ਲਈ ਉਨ੍ਹਾਂ ਗੁਰੂ ਨਾਨਕ ਫਾਊਂਡੇਸ਼ਨ ਆਫ ਅਮਰੀਕਾ ਦੇ ਚੇਅਰਮੈਨ ਅਤੇ ਜਨਰਲ ਸਕੱਤਰ ਵਜੋਂ ਲੰਮਾਂ ਸਮਾਂ ਸੇਵਾ ਕੀਤੀ। ਉਨ੍ਹਾਂ ਟੀ.ਵੀ. ਪ੍ਰੋਗਰਾਮਾਂ ਅਤੇ ਵੱਖ-ਵੱਖ ਗੁਰਦੁਆਰਾ ਸਾਹਿਬਾਨਾਂ ਵਿਚ ਬੋਲ ਕੇ ਸਾਡੇ ਗੁਰੂਆਂ ਲਈ ਆਪਣੇ ਪਿਆਰ ਅਤੇ ਉਨ੍ਹਾਂ ਦੀਆਂ ਕੁਰਬਾਨੀਆਂ ਦਾ ਪ੍ਰਚਾਰ ਵੀ ਕੀਤਾ।

ਉਨ੍ਹਾਂ ਦਿੱਲੀ 'ਚ 80 ਦੇ ਦਹਾਕੇ ਵਿਚ ਇਕ 'ਰਾਜਨੀਤੀ ਸੰਸਾਰ' ਨਾਮ ਦਾ ਪੰਜਾਬੀ ਅਖ਼ਬਾਰ ਵੀ ਪ੍ਰਕਾਸ਼ਿਤ ਕੀਤਾ ਸੀ। ਇਸ ਅਖਬਾਰ ਨੇ ਤਹਿਲਕਾ ਮਚਾਉਂਦਿਆਂ ਇੰਦਰਾ ਗਾਂਧੀ ਦੇ ਸਿੰਘਾਸਣ ਨੂੰ ਹਿਲਾ ਦਿੱਤਾ ਸੀ ਪਰ ਇਸ ਦਾ ਖ਼ਮਿਆਜ਼ਾ ਉਨ੍ਹਾਂ ਨੂੰ 1984 ਦੇ ਦਿੱਲੀ ਦੇ ਸਿੱਖ ਕਤਲੇਆਮ ਵਿਚ ਭੁਗਤਣਾ ਪਿਆ, ਜਦੋਂ ਹਮਲਾਵਰਾਂ ਨੇ ਉਨ੍ਹਾਂ ਦੇ ਬਿਜ਼ਨਸ ਅਤੇ ਅਖਬਾਰ ਨੂੰ ਤਬਾਹ ਕਰ ਦਿੱਤਾ। ਇਸ ਤੋਂ ਉਪਰੰਤ ਉਹ ਅਮਰੀਕਾ ਪ੍ਰਵਾਸ ਕਰ ਗਏ ਸਨ।

ਜਾਣਨਯੋਗ ਹੈ ਕਿ ਉਹ ਸਿੱਖਸ ਆਫ ਅਮੈਰਿਕਾ ਦੇ ਚੇਅਰਮੈਨ ਸ. ਜਸਦੀਪ ਸਿੰਘ ਜੱਸੀ ਦੇ ਮਾਮਾ ਜੀ ਸਨ। ਸ. ਜੱਸੀ ਨੇ ਕਿਹਾ ਕਿ ਸ. ਇੰਦਰਜੀਤ ਸਿੰਘ ਰੇਖੀ ਦਾ ਅਕਾਲ ਚਲਾਣਾ ਸਿਰਫ ਪਰਿਵਾਰ ਲਈ ਹੀ ਘਾਟਾ ਨਹੀਂ, ਸਗੋਂ ਸਮੁੱਚੇ ਸਿੱਖ ਜਗਤ ਵਿਚ ਇਕ ਖਲਾਅ ਪੈਦਾ ਹੋ ਗਿਆ। ਸ. ਜੱਸੀ ਨੇ ਦੱਸਿਆ ਕਿ ਉਨ੍ਹਾਂ ਦੇ ਮਾਮਾ ਜੀ ਸ. ਇੰਦਰਜੀਤ ਸਿੰਘ ਰੇਖੀ ਉਨ੍ਹਾਂ ਦੇ ਪ੍ਰੇਰਨਾਸ੍ਰੋਤ ਸਨ ਅਤੇ ਉਨ੍ਹਾਂ ਵੱਲ ਵੇਖ ਕੇ ਹੀ ਉਹ ਸਿੱਖ ਧਰਮ ਅਤੇ ਸੇਵਾ ਕਾਰਜਾਂ ਦੇ ਨਾਲ ਜੁੜੇ। ਉਨ੍ਹਾਂ ਕਿਹਾ ਕਿ ਸ. ਰੇਖੀ ਹਮੇਸ਼ਾ ਹੀ ਉਨ੍ਹਾਂ ਦੇ ਦਿਲ ਵਿਚ ਵਸਦੇ ਰਹਿਣਗੇ।

ਸ. ਇੰਦਰਜੀਤ ਸਿੰਘ ਰੇਖੀ ਸੱਚੇ-ਸੁੱਚੇ ਚਰਿੱਤਰ, ਇਮਾਨਦਾਰੀ, ਅਤਿਅੰਤ ਸਿਆਣਪ, ਪਰਉਪਕਾਰੀ, ਅਦਭੁੱਤ ਬੁੱਧੀ, ਪਿਆਰ ਕਰਨ ਅਤੇ ਮੁਆਫ ਕਰਨ ਵਾਲੇ ਸੁਭਾਅ ਦੇ ਵਿਅਕਤੀ ਸਨ ਅਤੇ ਸਭ ਤੋਂ ਵੱਧ, ਉਨ੍ਹਾਂ ਦੀ ਸਿੱਖ ਧਰਮ ਅਤੇ ਗੁਰਸਿੱਖੀ ਪ੍ਰਤੀ ਵਚਨਬੱਧਤਾ ਬੇਮਿਸਾਲ ਸੀ। ਸ. ਰੇਖੀ ਦੇ ਅਕਾਲ ਚਲਾਣੇ 'ਤੇ ਵੱਖ-ਵੱਖ ਧਾਰਮਿਕ, ਸਮਾਜਿਕ ਅਤੇ ਸਿਆਸੀ ਸੰਸਥਾਵਾਂ ਦੇ ਆਗੂਆਂ ਵਲੋਂ ਸ਼ੋਕ ਸੰਦੇਸ਼ ਭੇਜੇ ਜਾ ਰਹੇ ਹਨ, ਜਿਨ੍ਹਾਂ ਵਿਚ ਮੈਰੀਡਲੈਂਡ ਦੇ ਗਵਰਨਰ ਵੈੱਸਮੋਰ ਨੇ ਸ਼ੋਕ ਸੰਦੇਸ਼ ਭੇਜਿਆ। ਦਿੱਲੀ ਦੇ ਉੱਘੇ ਸਿੱਖ ਆਗੂ ਸ. ਮਨਜੀਤ ਸਿੰਘ ਜੀ.ਕੇ. ਨੇ ਦੱਸਿਆ ਕਿ ਸ. ਇੰਦਰਜੀਤ ਸਿੰਘ ਰੇਖੀ ਦੀ ਉਨ੍ਹਾਂ ਦੇ ਪਿਤਾ ਜੀ ਜਥੇਦਾਰ ਸੰਤੋਖ ਸਿੰਘ ਨਾਲ ਬਹੁਤ ਨੇੜਤਾ ਸੀ ਤੇ ਦੋਵਾਂ ਨੇ ਸਾਂਝੇ ਤੌਰ 'ਤੇ ਕਈ ਪੰਥਕ ਕਾਰਜਾਂ ਵਿਚ ਹਿੱਸਾ ਪਾਇਆ ਸੀ। ਜਿਸ ਕਾਰਨ ਉਨ੍ਹਾਂ ਨੂੰ ਵੀ ਸ. ਰੇਖੀ ਦੇ ਅਕਾਲ ਚਲਾਣੇ ਦਾ ਬਹੁਤ ਦੁੱਖ ਹੋਇਆ ਹੈ। ਸਿੱਖਸ ਆਫ਼ ਅਮੈਰਿਕਾ ਵਲੋਂ ਪ੍ਰਧਾਨ ਕੰਵਲਜੀਤ ਸਿੰਘ ਸੋਨੀ, ਵਾਈਸ ਪ੍ਰਧਾਨ ਬਲਜਿੰਦਰ ਸਿੰਘ ਸ਼ੰਮੀ ਅਤੇ ਸਮੁੱਚੇ ਡਾਇਰੈਕਟਰ, ਸਿੱਖ ਐਸੋਸੀਏਸ਼ਨ ਆਫ ਬਾਲਟੀਮੋਰ ਦੇ ਚੇਅਰਮੈਨ ਸ. ਚਰਨਜੀਤ ਸਿੰਘ ਸਰਪੰਚ, ਨਿਊਯਾਰਕ ਲੌਂਗ ਆਈਲੈਂਡ ਗੁਰਦੁਆਰਾ ਸਾਹਿਬ ਤੋਂ ਵਿਕਾਸ ਢੱਲ ਨੇ ਵੀ ਸ਼ੋਕ ਸੰਦੇਸ਼ ਭੇਜੇ। ਅੰਤਿਮ ਸਸਕਾਰ ਅਤੇ ਭੋਗ (ਅੰਤਿਮ ਅਰਦਾਸ) ਦੇ ਵੇਰਵੇ ਬਾਅਦ ਵਿਚ ਸਾਂਝੇ ਕੀਤੇ ਜਾਣਗੇ।



# ਚੋਟੀ ਦੇ ਅਹੁਦਿਆਂ 'ਤੇ 150 ਭਾਰਤੀਆਂ ਦੀ ਨਿਯੁਕਤੀ ਯਕੀਨੀ

- **ਹੈਰਿਸ ਪ੍ਰਸ਼ਾਸਨ 'ਚ ਮੰਤਰੀ ਮੰਡਲ 'ਚ ਭਾਰਤੀ ਮੂਲ ਦੇ 5 ਨੇਤਾ ਸਭ ਤੋਂ ਅੱਗੇ**
- **ਟਰੰਪ ਪ੍ਰਸ਼ਾਸਨ 'ਚ ਨਿੱਕੀ ਹੇਲੀ, ਰਾਮਾਸਵਾਮੀ ਦੀ ਥਾਂ ਤੈਅ**

ਨਿਊਯਾਰਕ, (ਪੰਜਾਬ ਮੇਲ)- ਅਮਰੀਕਾ ਵਿਚ ਇਸ ਹਫ਼ਤੇ ਰਾਸ਼ਟਰਪਤੀ ਚੋਣਾਂ ਹੋਣ ਜਾ ਰਹੀਆਂ ਹਨ। ਭਾਰਤੀ-ਅਮਰੀਕੀ ਪ੍ਰਵਾਸੀ ਲੋਕ ਇਨ੍ਹਾਂ ਚੋਣਾਂ ਨੂੰ ਲੈ ਕੇ ਬਹੁਤ ਉਤਸ਼ਾਹਿਤ ਹਨ, ਕਿਉਂਕਿ ਜੇਕਰ ਡੈਮੋਕ੍ਰੇਟਿਕ ਉਮੀਦਵਾਰ ਅਤੇ ਮੌਜੂਦਾ ਉਪ ਰਾਸ਼ਟਰਪਤੀ ਕਮਲਾ ਹੈਰਿਸ ਜਿੱਤ ਜਾਂਦੇ ਹਨ, ਤਾਂ ਉਹ ਅਮਰੀਕਾ 'ਚ ਪਹਿਲੀ ਭਾਰਤੀ ਮੂਲ ਦੀ ਰਾਸ਼ਟਰਪਤੀ ਹੋਵੇਗੀ। ਇਸ ਦੇ ਨਾਲ ਹੀ ਸਾਬਕਾ ਰਾਸ਼ਟਰਪਤੀ ਅਤੇ ਰਿਪਬਲਿਕਨ ਉਮੀਦਵਾਰ ਡੋਨਾਲਡ ਟਰੰਪ ਦੇ ਭਾਰਤੀ-ਅਮਰੀਕੀ ਸਮਰਥਕ ਵੀ ਉਤਸ਼ਾਹਿਤ ਹਨ ਕਿਉਂਕਿ ਉਨ੍ਹਾਂ ਦਾ ਕਹਿਣਾ ਹੈ ਕਿ ਟਰੰਪ ਪ੍ਰਸ਼ਾਸਨ ਵਿਚ ਭਾਰਤੀਆਂ ਨੂੰ ਸਭ ਤੋਂ ਵੱਧ ਪ੍ਰਤੀਨਿਧਤਾ ਮਿਲੇਗੀ। ਟਰੰਪ ਦੇ ਆਖਰੀ ਕਾਰਜਕਾਲ ਦੌਰਾਨ ਪ੍ਰਸ਼ਾਸਨ ਵਿਚ ਸੀਨੀਅਰ ਅਹੁਦਿਆਂ 'ਤੇ 80 ਤੋਂ ਵੱਧ ਭਾਰਤੀ-ਅਮਰੀਕੀਆਂ ਨੂੰ ਨਿਯੁਕਤ ਕੀਤਾ ਗਿਆ ਸੀ। ਟਰੰਪ ਦੇ ਮੁਹਿੰਮ ਪ੍ਰਬੰਧਕ ਦਾ ਕਹਿਣਾ ਹੈ ਕਿ ਜੇਕਰ ਟਰੰਪ ਰਾਸ਼ਟਰਪਤੀ ਬਣਦੇ ਹਨ, ਤਾਂ ਅਜਿਹਾ ਉਨ੍ਹਾਂ ਦੇ ਦੂਜੇ ਕਾਰਜਕਾਲ ਵਿਚ ਇਹ ਗਿਣਤੀ 150 ਤੋਂ ਵੱਧ ਹੋ ਸਕਦੀ ਹੈ।

ਸੂਤਰਾਂ ਦਾ ਕਹਿਣਾ ਹੈ ਕਿ ਕਮਲਾ ਹੈਰਿਸ ਅਤੇ ਟਰੰਪ ਦੀ ਪ੍ਰਚਾਰ ਟੀਮ ਮੁਤਾਬਕ ਰਾਸ਼ਟਰਪਤੀ ਅਹੁਦੇ ਦੇ ਦੋਵਾਂ ਉਮੀਦਵਾਰਾਂ ਨੇ ਆਪਣੀ ਸ਼ੈਡੋ ਕੈਬਨਿਟ ਦੀ ਰੂਪ-ਰੇਖਾ ਤਿਆਰ ਕਰ ਲਈ ਹੈ। ਜਿਸ ਵਿਚ ਭਾਰਤੀ-ਅਮਰੀਕੀਆਂ ਦੇ ਹਾਵੀ ਹੋਣ ਦੀ ਉਮੀਦ ਹੈ। ਕਮਲਾ ਹੈਰਿਸ ਦੀ ਸ਼ੈਡੋ ਕੈਬਨਿਟ 'ਚ ਭਾਰਤੀ ਮੂਲ ਦੇ 5 ਅਤੇ ਟਰੰਪ ਦੀ ਕੈਬਨਿਟ 'ਚ ਵੀ 4 ਤੋਂ 5 ਭਾਰਤੀਆਂ ਨੂੰ ਸ਼ਾਮਲ ਕੀਤੇ ਜਾਣ ਦੀ ਸੰਭਾਵਨਾ ਹੈ। ਹੈਰਿਸ ਪ੍ਰਸ਼ਾਸਨ 'ਚ ਮੰਤਰੀ ਮੰਡਲ 'ਚ ਭਾਰਤੀ ਮੂਲ ਦੇ ਜਿਨ੍ਹਾਂ ਨੇਤਾਵਾਂ ਨੂੰ ਜਗ੍ਹਾ ਮਿਲਣ ਦੀ ਸੰਭਾਵਨਾ ਹੈ, ਉਨ੍ਹਾਂ 'ਚ ਅਮਰੀਕੀ ਕਾਂਗਰਸ ਦੇ 5 ਨੇਤਾ ਸਭ ਤੋਂ ਅੱਗੇ ਹਨ। ਅਮਰੀਕੀ ਕਾਂਗਰਸ ਦੇ ਮੈਂਬਰ ਡਾ. ਅਮੀ ਬੇਰਾ, ਰੋ ਖੰਨਾ, ਰਾਜਾ ਕ੍ਰਿਸ਼ਨਮੂਰਤੀ, ਸ਼੍ਰੀ ਥਾਣੇਦਾਰ ਅਤੇ ਪ੍ਰਮਿਲਾ ਜੈਪਾਲ ਦੇ ਨਾਂ ਸਭ ਤੋਂ ਅੱਗੇ ਹਨ। ਡੈਮੋਕ੍ਰੇਟਿਕ ਪਾਰਟੀ ਦੇ ਨਜ਼ਦੀਕੀ ਸੂਤਰਾਂ ਦਾ ਕਹਿਣਾ ਹੈ ਕਿ ਬਾਇਡਨ-ਕਮਲਾ ਹੈਰਿਸ ਪ੍ਰਸ਼ਾਸਨ ਵਿਚ ਸੀਨੀਅਰ ਭੂਮਿਕਾਵਾਂ ਲਈ ਨਾਮਜ਼ਦ ਕੀਤੇ ਗਏ ਭਾਰਤੀ ਅਮਰੀਕੀਆਂ ਵਿਚੋਂ ਅੱਧੇ ਤੋਂ ਵੱਧ ਔਰਤਾਂ ਹਨ ਅਤੇ ਓਬਾਮਾ ਪ੍ਰਸ਼ਾਸਨ ਦੁਆਰਾ ਨਿਯੁਕਤ ਕੀਤੇ ਗਏ ਕੁਝ ਲੋਕਾਂ ਨੂੰ ਬਰਕਰਾਰ ਰੱਖਣ ਦੀ ਉਮੀਦ ਹੈ।

ਵ੍ਹਾਈਟ ਹਾਊਸ ਆਫਿਸ ਆਫ ਮੈਨੇਜਮੈਂਟ ਐਂਡ ਬਜਟ ਦੀ ਡਾਇਰੈਕਟਰ ਨੀਰਾ ਟੰਡਨ ਅਤੇ ਸਰਜਨ ਜਨਰਲ ਡਾ. ਵਿਵੇਕ ਮੂਰਤੀ, ਜਸਟਿਸ ਡਿਪਾਰਟਮੈਂਟ ਵਿਚ ਸਾਬਕਾ ਐਸੋਸੀਏਟ ਅਟਾਰਨੀ ਜਨਰਲ ਵਨੀਤਾ ਗੁਪਤਾ, ਸਿਵਲ ਡਿਫੈਂਸ ਲਈ ਸਾਬਕਾ ਅੰਡਰ ਸੈਕਟਰੀ ਉਜਰਾ ਜ਼ੇਯਾ, ਏਸ਼ੀਆਈ-ਅਮਰੀਕਨਾਂ ਬਾਰੇ ਰਾਸ਼ਟਰਪਤੀ ਸਲਾਹਕਾਰ ਕਮਿਸ਼ਨ ਦੇ ਸਾਬਕਾ ਮੈਂਬਰ ਅਜੈ ਜੈਨ ਭੁਟੋਰੀਆ, ਰਾਸ਼ਟਰੀ ਸੁਰੱਖਿਆ ਪਰਿਸ਼ਦ ਵਿਚ ਦੱਖਣੀ ਏਸ਼ੀਆ ਦੀ ਸਾਬਕਾ ਸੀਨੀਅਰ ਡਾਇਰੈਕਟਰ ਸੁਮੋਨਾ ਗੁਹਾ, ਡਾ. ਜਿਲ ਬਾਇਡਨ ਦੀ ਸਾਬਕਾ ਨੀਤੀ ਨਿਰਦੇਸ਼ਕ ਮਾਲਾ ਅਡਿਗਾ, ਜਿਲ ਦਫਤਰ ਸਾਬਕਾ ਡਿਜੀਟਲ ਡਾਇਰੈਕਟਰ ਗਰਿਮਾ ਵਰਮਾ ਦੀ ਨਿਯੁਕਤੀ ਸੰਭਵ ਹੈ।

# ਨਿੱਝਰ ਕਤਲ ਕਾਂਡ : ਮੁਕੱਦਮੇ ਦੀ ਸੁਣਵਾਈ ਪੰਜਵੀਂ ਵਾਰ ਮੁਲਤਵੀ

**ਟੋਰਾਂਟੋ, (ਪੰਜਾਬ ਮੇਲ)-** ਕੈਨੇਡਾ 'ਚ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਦੇ ਦੋਸ਼ੀ ਚਾਰ ਭਾਰਤੀ ਨਾਗਰਿਕਾਂ ਦੇ ਮੁਕੱਦਮੇ ਦੀ ਸੁਣਵਾਈ ਬੀਤੇ ਹਫਤੇ ਪੰਜਵੀਂ ਵਾਰ ਮੁਲਤਵੀ ਕਰ ਦਿੱਤੀ ਗਈ, ਕਿਉਂਕਿ ਉਨ੍ਹਾਂ 'ਤੇ ਲੱਗੇ ਦੋਸ਼ਾਂ ਨਾਲ ਸਬੰਧਤ ਸਮੱਗਰੀ ਅਜੇ ਵੀ ਉਨ੍ਹਾਂ ਦੇ ਕਾਨੂੰਨੀ ਨੁਮਾਇੰਦਿਆਂ ਨਾਲ ਸਾਂਝੀ ਕੀਤੀ ਜਾ ਰਹੀ ਹੈ। ਚਾਰਾਂ ਦੋਸ਼ੀਆਂ ਦੇ ਵਕੀਲ ਸਰੀ ਪ੍ਰੋਵਿੰਸ਼ੀਅਲ ਕੋਰਟ ਦੀ ਜੱਜ ਜੋਡੀ ਹੈਰਿਸ ਦੇ ਸਾਹਮਣੇ ਵੀਡੀਓ ਰਾਹੀਂ ਪੇਸ਼ ਹੋਏ। ਸਰਕਾਰੀ ਜਾਂ ਕ੍ਰਾਊਨ ਦੀ ਨੁਮਾਇੰਦਗੀ ਕਰਨ ਵਾਲਾ ਵਕੀਲ ਲੂਈਸ ਕੇਨਵਰਥੀ, ਬ੍ਰਿਟਿਸ਼ ਕੋਲੰਬੀਆ ਦੇ ਸਰੀ ਵਿਚ ਅਦਾਲਤ ਵਿਚ ਵਿਅਕਤੀਗਤ ਰੂਪ ਵਿਚ ਪੇਸ਼ ਹੋਇਆ। ਹਾਲਾਂਕਿ, ਇਸਤਗਾਸਾ ਪੱਖ ਨੇ ਖੁਲਾਸਾ ਕਰਨ, ਜਾਂ ਮੁਲਜ਼ਮਾਂ ਦੇ ਵਕੀਲਾਂ ਨੂੰ ਕੇਸ ਸਮੱਗਰੀ ਪ੍ਰਦਾਨ ਕਰਨ ਲਈ ਵਾਧੂ ਸਮੇਂ ਦੀ ਮੰਗ ਕੀਤੀ, ਜਿਸ ਕਾਰਨ ਸੁਣਵਾਈ ਨੂੰ ਹੋਰ ਮੁਲਤਵੀ ਕਰ ਦਿੱਤਾ ਗਿਆ। ਨਵੀਂ ਸੁਣਵਾਈ 21 ਨਵੰਬਰ ਨੂੰ ਤੈਅ ਕੀਤੀ ਗਈ ਹੈ।

ਗ੍ਰਿਫ਼ਤਾਰ ਕੀਤੇ ਗਏ ਸਾਰੇ ਚਾਰੇ ਭਾਰਤੀ ਹਿਰਾਸਤ ਵਿਚ ਹਨ। ਉਨ੍ਹਾਂ ਵਿਚ ਕਰਨ ਬਰਾੜ (22), ਕਮਲਪ੍ਰੀਤ ਸਿੰਘ (22) ਅਤੇ ਕਰਨਪ੍ਰੀਤ ਸਿੰਘ (28) ਬੀ.ਸੀ. ਤੋਂ ਅਤੇ 22 ਸਾਲਾ ਅਮਨਦੀਪ ਸਿੰਘ ਓਨਟਾਰੀਓ ਤੋਂ ਹੈ। ਅਮਨਦੀਪ ਸਿੰਘ 15 ਮਈ ਨੂੰ ਪਹਿਲੀ ਵਾਰ ਅਦਾਲਤ ਵਿਚ ਪੇਸ਼ ਹੋਇਆ, ਜਦੋਂਕਿ ਬਾਕੀ 7 ਮਈ ਨੂੰ ਜੱਜ ਦੇ ਸਾਹਮਣੇ ਪੇਸ਼ ਹੋਏ। 21 ਮਈ ਨੂੰ ਇਹ ਪਹਿਲੀ ਵਾਰ ਸੀ, ਜਦੋਂ ਚਾਰੋਂ ਇੱਕ ਅਦਾਲਤ ਵਿਚ ਇਕੱਠੇ ਪੇਸ਼ ਹੋਏ। ਚਾਰੋਂ ਫਰਸਟ ਡਿਗਰੀ ਕਤਲ ਅਤੇ ਕਤਲ ਦੀ ਸਾਜ਼ਿਸ਼ ਨਾਲ ਸਬੰਧਤ ਦੋਸ਼ਾਂ ਦਾ ਸਾਹਮਣਾ ਕਰ ਰਹੇ ਹਨ। ਅਮਨਦੀਪ ਸਿੰਘ ਨਿੱਝਰ ਕੇਸ ਵਿਚ ਨਾਮਜ਼ਦ ਹੋਣ ਵੇਲੇ ਪਹਿਲਾਂ ਹੀ ਪੀਲ ਰੀਜਨਲ ਪੁਲਿਸ (ਪੀ.ਆਰ.ਪੀ.) ਦੀ ਹਿਰਾਸਤ ਵਿਚ ਸੀ। ਉਸਨੂੰ ਨਵੰਬਰ 2023 ਵਿਚ ਅਣਅਧਿਕਾਰਤ ਹਥਿਆਰ ਰੱਖਣ ਅਤੇ ਨਿਯੰਤਰਿਤ ਪਦਾਰਥ ਰੱਖਣ ਨਾਲ ਸਬੰਧਤ 9 ਦੋਸ਼ਾਂ ਵਿਚ ਗ੍ਰਿਫ਼ਤਾਰ ਕੀਤਾ ਗਿਆ ਸੀ। ਬਾਕੀਆਂ ਨੂੰ 3 ਮਈ ਨੂੰ ਐਡਮਿੰਟਨ ਦੇ ਅੰਦਰ ਅਤੇ ਆਲੇ-ਦੁਆਲੇ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਮੁਕੱਦਮੇ ਲਈ ਬੀ.ਸੀ. ਲਿਆਂਦਾ ਗਿਆ ਸੀ। ਕੈਨੇਡੀਅਨ ਜਾਂਚਕਰਤਾਵਾਂ ਨੇ ਅਜੇ ਤੱਕ ਇਸ ਕਤਲ ਦੇ ਸਬੰਧ ਵਿਚ ਭਾਰਤ ਸਰਕਾਰ ਨਾਲ ਕਿਸੇ ਵੀ ਸਬੰਧ ਦਾ ਐਲਾਨ ਨਹੀਂ ਕੀਤਾ ਹੈ।

ਹਾਲਾਂਕਿ 3 ਮਈ ਨੂੰ, ਪ੍ਰਸ਼ਾਂਤ ਖੇਤਰ ਵਿਚ ਫੈਡਰਲ ਪੁਲਿਸਿੰਗ ਪ੍ਰੋਗਰਾਮ ਦੇ ਕਮਾਂਡਰ, ਸਹਾਇਕ ਕਮਿਸ਼ਨਰ ਡੇਵਿਡ ਟੇਬੋਲ ਨੇ ਕਿਹਾ ਕਿ "ਭਾਰਤ ਸਰਕਾਰ ਨਾਲ ਸਬੰਧਾਂ ਦੀ ਜਾਂਚ" ਸਮੇਤ "ਵੱਖ-ਵੱਖ ਅਤੇ ਵੱਖਰੀਆਂ ਜਾਂਚਾਂ ਚੱਲ ਰਹੀਆਂ ਹਨ"। 18 ਜੂਨ ਨੂੰ ਸਰੀ ਵਿਚ ਨਿੱਝਰ ਦੀ ਹੱਤਿਆ ਨੇ ਤਿੰਨ ਮਹੀਨਿਆਂ ਬਾਅਦ ਹਾਊਸ ਆਫ ਕਾਮਨਜ਼ ਵਿਚ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਬਿਆਨ ਤੋਂ ਬਾਅਦ ਭਾਰਤ-ਕੈਨੇਡਾ ਸਬੰਧਾਂ ਵਿਚ ਕੜਵਾਹਟ ਪੈਦਾ ਕਰ ਦਿੱਤੀ ਸੀ ਕਿ ਭਾਰਤੀ ਏਜੰਟਾਂ ਅਤੇ ਕਤਲ ਵਿਚਕਾਰ ਸੰਭਾਵੀ ਸਬੰਧ ਦੇ "ਭਰੋਸੇਯੋਗ ਦੋਸ਼" ਸਨ। ਭਾਰਤ ਨੇ ਇਹ ਕਹਿ ਕੇ ਪ੍ਰਤੀਕਿਰਿਆ ਦਿੱਤੀ ਕਿ ਇਹ ਦੋਸ਼ "ਬੇਤੁਕੇ" ਅਤੇ "ਪ੍ਰੇਰਿਤ" ਸਨ।

# ਹਰਦੀਪ ਨਿੱਝਰ ਕਤਲ ਮਾਮਲਾ: ਏਜੰਸੀਆਂ ਦੁਆਰਾ ਕੀਤੀ ਜਾ ਰਹੀ ਜਾਂਚ ਦੇ ਨਤੀਜਿਆਂ ਦੀ ਉਡੀਕ



ਟੋਰਾਂਟੋ, (ਪੰਜਾਬ ਮੇਲ)- ਕੈਨੇਡੀਅਨ ਸਰਕਾਰ ਨੇ ਕਿਹਾ ਹੈ ਕਿ ਉਹ ਹਰਦੀਪ ਸਿੰਘ ਨਿੱਝਰ ਦੇ ਕਤਲ ਮਾਮਲੇ ਵਿਚ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਦੁਆਰਾ ਕੀਤੀ ਜਾ ਰਹੀ ਜਾਂਚ ਦੇ ਨਤੀਜਿਆਂ ਦੀ ਉਡੀਕ ਕਰ ਰਹੀ ਹੈ। ਕੈਨੇਡਾ ਦੇ ਪੱਖ ਤੋਂ ਇਹ ਸਪੱਸ਼ਟੀਕਰਨ ਪਿਛਲੇ ਸਾਲ 18 ਸਤੰਬਰ ਨੂੰ ਹਾਊਸ ਆਫ ਕਾਮਨਜ਼ ਵਿਚ ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਬਿਆਨ ਵਿਚ ਭਾਰਤੀ ਏਜੰਟਾਂ ਅਤੇ ਨਿੱਝਰ ਦੀ ਹੱਤਿਆ ਦਰਮਿਆਨ ਸੰਭਾਵੀ ਸਬੰਧਾਂ ਦੇ ਭਰੋਸੇਮੰਦ ਦੋਸ਼ਾਂ ਵਾਲੇ ਬਿਆਨ ਦੇ ਇੱਕ ਸਾਲ ਬਾਅਦ ਆਇਆ ਹੈ। ਟਰੂਡੋ ਦੇ ਉਸ ਬਿਆਨ ਨੇ ਦੁਵੱਲੇ ਸਬੰਧਾਂ ਵਿਚ ਖਟਾਸ ਪੈਦਾ ਕਰ ਦਿੱਤੀ ਸੀ। ਭਾਰਤ ਦੇ ਮੋਸਟ ਵਾਂਟੇਡ ਅੱਤਵਾਦੀਆਂ ਵਿਚੋਂ ਇੱਕ ਹਰਦੀਪ ਸਿੰਘ ਨਿੱਝਰ ਵੀ ਕੈਨੇਡਾ ਦਾ ਨਾਗਰਿਕ ਸੀ।

ਵਿਦੇਸ਼ੀ ਦਖਲ ਕਮਿਸ਼ਨ ਸਾਹਮਣੇ ਪੇਸ਼ ਹੋਏ ਗਲੋਬਲ ਅਫੇਅਰਜ਼ ਕੈਨੇਡਾ (ਜੀ.ਏ.ਸੀ.) ਦੇ ਇੰਡੋ-ਪੈਸੀਫਿਕ ਦੇ ਸਹਾਇਕ ਡਿਪਟੀ ਮੰਤਰੀ ਵੈਲਡਨ ਐਪ ਨੇ ਕਿਹਾ ਕਿ ਕੂਟਨੀਤੀ ਦੇ ਹਿੱਸੇ ਵਜੋਂ ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ (ਆਰ.ਸੀ.ਐੱਮ.ਪੀ.) ਦੁਆਰਾ ਜਾਂਚ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਜਦੋਂ ਤੱਕ ਜਾਂਚ ਪੂਰੀ ਨਹੀਂ ਹੁੰਦੀ, ਉਦੋਂ ਤੱਕ ਸਾਡੇ ਕੋਲ ਖੁਫੀਆ ਜਾਣਕਾਰੀ ਦੇ ਆਧਾਰ 'ਤੇ ਦੋਸ਼ ਹਨ। ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਦੀ ਸ਼ਮੂਲੀਅਤ ਬਾਰੇ ਕੋਈ ਫ਼ੈਸਲਾ ਨਹੀਂ ਆਇਆ ਹੈ, ਇਸ ਲਈ ਅਸੀਂ ਆਰ.ਸੀ.ਐੱਮ.ਪੀ. ਦੇ ਆਪਣੇ ਕੰਮ ਨੂੰ ਪੂਰਾ ਕਰਨ ਦੀ ਉਡੀਕ ਕਰ ਰਹੇ ਹਾਂ। ਕੈਨੇਡਾ ਦੀ ਨੀਤੀ ਬਹੁਤ ਸਪੱਸ਼ਟ ਹੈ ਕਿ ਭਾਰਤ ਦੀ ਖੇਤਰੀ ਅਖੰਡਤਾ ਦਾ ਸਨਮਾਨ ਕੀਤਾ ਜਾਣਾ ਚਾਹੀਦਾ ਹੈ। ਕਤਲ ਦੀ ਜਾਂਚ ਕਰ ਰਹੀ ਏਕੀਕ੍ਰਿਤ ਹੋਮੀਸਾਈਡ ਇਨਵੈਸਟੀਗੇਸ਼ਨ ਟੀਮ (ਆਈ.ਐੱਚ.ਆਈ.ਟੀ.) ਨੇ ਚਾਰ ਭਾਰਤੀ ਨਾਗਰਿਕਾਂ ਦੀ ਗ੍ਰਿਫ਼ਤਾਰੀ ਦਾ ਐਲਾਨ ਕੀਤਾ। ਉਨ੍ਹਾਂ 'ਤੇ ਫਸਟ-ਡਿਗਰੀ ਕਤਲ ਅਤੇ ਕਤਲ ਦੀ ਸਾਜ਼ਿਸ਼ ਰਚਣ ਦੇ ਦੋਸ਼ ਹਨ ਅਤੇ ਉਨ੍ਹਾਂ ਦੇ ਮੁਕੱਦਮੇ ਦੀ ਸੁਣਵਾਈ ਨਵੰਬਰ ਦੇ ਅੱਧ ਵਿਚ ਮੁੜ ਸ਼ੁਰੂ ਹੋਣ ਦੀ ਉਮੀਦ ਹੈ। ਪ੍ਰਧਾਨ ਮੰਤਰੀ ਟਰੂਡੋ ਨੇ ਕਿਹਾ ਸੀ ਕਿ ਰਾਸ਼ਟਰੀ ਸੁਰੱਖਿਆ ਅਤੇ ਕੈਨੇਡੀਅਨਾਂ ਦੀ ਸੁਰੱਖਿਆ ਅਤੇ ਕਾਨੂੰਨ ਦੇ ਰਾਜ ਨਾਲ ਜੁੜੇ ਕੁਝ ਬਹੁਤ ਗੰਭੀਰ ਮੁੱਦਿਆਂ 'ਤੇ ਭਾਰਤ ਨਾਲ ਗੱਲਬਾਤ ਮੁੜ ਸ਼ੁਰੂ ਹੋ ਸਕਦੀ ਹੈ।


ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ

e-Baba Entertainment App ਨੂੰ Download ਕਰੋ।




ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।

# ਸਿਰੋਪਾਓ ਦੀ ਵਰਤੋਂ ਕੇਵਲ ਧਾਰਮਿਕ ਤੇ ਪੰਥਕ ਸ਼ਖ਼ਸੀਅਤਾਂ ਤੱਕ ਹੀ ਸੀਮਤ ਕੀਤਾ ਜਾਵੇ

**■ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਹੋਈਆਂ ਮੀਟਿੰਗਾਂ 'ਚ ਲਏ ਗਏ ਅਹਿਮ ਫੈਸਲੇ**



**ਅੰਮ੍ਰਿਤਸਰ, (ਪੰਜਾਬ ਮੇਲ)-** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ, ਸਿੱਖ ਇਤਿਹਾਸ ਰੀਸਰਚ ਬੋਰਡ ਅਤੇ ਐਜੂਕੇਸ਼ਨ ਕਮੇਟੀ ਦੀਆਂ ਵੱਖ-ਵੱਖ ਤਿੰਨ ਅਹਿਮ ਇਕੱਤਰਤਾਵਾਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਸ੍ਰੀ ਗੁਰੂ ਰਾਮਦਾਸ ਯੂਨੀਵਰਸਿਟੀ ਆਫ਼ ਹੈਲਥ ਸਾਇੰਸਿਜ਼ ਵੱਲ੍ਹਾ ਸ੍ਰੀ ਅੰਮ੍ਰਿਤਸਰ ਵਿਖੇ ਹੋਈਆਂ। ਇਸ ਦੌਰਾਨ ਸਿੱਖੀ ਦੇ ਪ੍ਰਚਾਰ ਪ੍ਰਸਾਰ ਲਈ ਰੂਪ ਰੇਖਾ ਦੇ ਨਾਲ-ਨਾਲ ਸਿੱਖ ਸਾਹਿਤ ਦੀਆਂ ਨਵੀਆਂ ਪ੍ਰਕਾਸ਼ਨਾਵਾਂ ਅਤੇ ਵਿਦਿਅਕ ਅਦਾਰਿਆਂ ਦੇ ਮਾਮਲੇ ਵਿਚਾਰੇ ਗਏ।

ਇਕੱਤਰਤਾਵਾਂ ਮਗਰੋਂ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸਮੇਤ ਹੋਰ ਇਤਿਹਾਸਕ ਗੁਰਦੁਆਰਾ ਸਾਹਿਬਾਨ ਅੰਦਰ ਸੰਗਤ ਵੱਲੋਂ ਸ਼ਰਧਾ ਤੇ ਸਤਿਕਾਰ ਵਜੋਂ ਵੱਡੀ ਗਿਣਤੀ ਵਿਚ ਰੁਮਾਲਾ ਸਾਹਿਬ ਭੇਟ ਕੀਤੇ ਜਾਂਦੇ ਹਨ, ਪਰੰਤੂ ਅਕਸਰ ਹੀ ਰੁਮਾਲਿਆਂ ਦੀ ਗੁਣਵਤਾ ਤੇ ਮਿਆਰ ਠੀਕ ਨਹੀਂ ਹੁੰਦਾ। ਇਸ ਦੇ ਨਾਲ ਹੀ ਰੁਮਾਲਿਆਂ ਦੀ ਬਹੁਤਾਤ ਕਾਰਨ ਸਾਂਭ-ਸੰਭਾਲ ਵਿਚ ਵੱਡੀ ਸਮੱਸਿਆ ਬਣਦੀ ਹੈ।

ਇਸ ਦੇ ਮੱਦੇਨਜ਼ਰ ਵਿਚਾਰ-ਵਟਾਂਦਰੇ ਉਪਰੰਤ ਇਹ ਫੈਸਲਾ ਕੀਤਾ ਗਿਆ ਹੈ ਕਿ ਗੁਰਦੁਆਰਾ ਸਾਹਿਬਾਨ ਅੰਦਰ ਵਿਸ਼ੇਸ਼ ਕਾਊਂਟਰ ਸਥਾਪਤ ਕੀਤੇ ਜਾਣਗੇ, ਜਿਥੇ ਸੰਗਤ ਰੁਮਾਲਾ ਸਾਹਿਬ ਲਈ ਯਥਾਸ਼ਕਤ ਭੇਟਾ ਜਮ੍ਹਾਂ ਕਰਵਾ ਸਕੇਗੀ। ਉਨ੍ਹਾਂ ਸੰਗਤ ਨੂੰ ਅਪੀਲ ਕੀਤੀ ਕਿ ਸਥਾਪਤ ਕੀਤੇ ਜਾਣ ਵਾਲੇ ਕਾਊਂਟਰਾਂ 'ਤੇ ਸ਼ਰਧਾ ਅਨੁਸਾਰ ਰੁਮਾਲਿਆਂ ਲਈ ਭੇਟਾ ਜਮ੍ਹਾਂ ਕਰਵਾ ਕੇ ਰਸੀਦ ਪ੍ਰਾਪਤ ਕਰਨ ਤੇ ਗੁਰੂ ਦਰਬਾਰ ਅੰਦਰ ਰਸੀਦ ਦਿਖਾ ਕੇ ਅਰਦਾਸ ਕਰਵਾਉਣ। ਉਨ੍ਹਾਂ ਕਿਹਾ ਕਿ ਰੁਮਾਲਾ ਸਾਹਿਬ ਲਈ ਪੁੱਜਣ ਵਾਲੀ ਭੇਟਾ ਕੌਮ ਦੇ ਉਜਲੇ ਭਵਿੱਖ ਲਈ ਵਰਤੀ ਜਾਵੇਗੀ।

ਉਨ੍ਹਾਂ ਇਹ ਵੀ ਦੱਸਿਆ ਕਿ ਸਿਰੋਪਾਓ ਦੀ ਵਰਤੋਂ ਇਸ ਦੀ ਭਾਵਨਾ ਅਤੇ ਧਾਰਮਿਕ ਮਹੱਤਵ ਅਨੁਸਾਰ ਯਕੀਨੀ ਬਣਾਉਣ ਲਈ ਬੀਤੇ ਵਿਚ ਸ਼ੁਰੂ ਕੀਤੇ ਗਏ ਯਤਨਾਂ ਨੂੰ ਹੋਰ ਪੁਖ਼ਤਗੀ ਨਾਲ ਲਾਗੂ ਕੀਤਾ ਜਾਵੇਗਾ। ਇਸ ਨੂੰ ਸੰਕੋਚ ਕੇ ਕੇਵਲ ਧਾਰਮਿਕ ਤੇ ਪੰਥਕ ਸ਼ਖ਼ਸੀਅਤਾਂ ਤੱਕ ਹੀ ਸੀਮਤ ਕੀਤਾ ਜਾਵੇਗਾ। ਐਡਵੋਕੇਟ ਧਾਮੀ ਨੇ ਹੋਰ ਫੈਸਲਿਆਂ ਬਾਰੇ ਦੱਸਿਆ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮਾਤਾ ਗੁਜਰ ਕੌਰ ਜੀ ਦੀ 400 ਸਾਲਾ ਜਨਮ ਸ਼ਤਾਬਦੀ ਇਸੇ ਸਾਲ 22 ਨਵੰਬਰ ਨੂੰ ਗੁਰਦੁਆਰਾ ਗੰਗਸਰ ਸਾਹਿਬ ਕਰਤਾਰਪੁਰ ਜਲੰਧਰ ਵਿਖੇ ਪੰਥਕ ਜਾਹੋ-ਜਲਾਲ ਨਾਲ ਮਨਾਈ ਜਾਵੇਗੀ।

ਧਰਮ ਪ੍ਰਚਾਰ ਕਮੇਟੀ ਦੀ ਇਕੱਤਰਤਾ ਵਿਚ ਵੱਖ-ਵੱਖ ਈ-ਕੌਮਰਸ ਵੈੱਬਸਾਈਟਾਂ ਤੇ ਐਪਸ 'ਤੇ ਪਾਵਨ ਗੁਰਬਾਣੀ ਦੇ ਗੁਟਕਾ ਸਾਹਿਬ, ਸੈਂਚੀਆਂ ਦੀ ਕੀਤੀ ਜਾ ਰਹੀ ਆਨਲਾਈਨ ਵਿਕਰੀ ਦਾ ਵੀ ਸਖ਼ਤ ਨੋਟਿਸ ਲੈ ਕੇ ਇਸ 'ਤੇ ਮੁਕੰਮਲ ਪਾਬੰਦੀ ਲਗਾਉਣ ਦਾ ਮਤਾ ਪਾਸ ਕੀਤਾ ਗਿਆ।

## ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਤੇ ਹੋਰ ਅਹੁਦੇਦਾਰਾਂ ਦੀ ਚੋਣ ਲਈ 28 ਅਕਤੂਬਰ ਨੂੰ ਹੋਵੇਗਾ ਜਨਰਲ ਇਜਲਾਸ : ਐਡਵੋਕੇਟ ਧਾਮੀ

**ਅੰਮ੍ਰਿਤਸਰ, (ਪੰਜਾਬ ਮੇਲ)-** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸ਼੍ਰੋਮਣੀ



ਕਮੇਟੀ ਦੇ ਪ੍ਰਧਾਨ ਅਤੇ ਹੋਰ ਅਹੁਦੇਦਾਰਾਂ ਦੀ ਸਾਲਾਨਾ ਚੋਣ ਲਈ ਜਨਰਲ ਇਜਲਾਸ 28 ਅਕਤੂਬਰ 2024 ਨੂੰ ਸੱਦਣ ਦਾ ਐਲਾਨ ਕੀਤਾ ਹੈ। ਐਡਵੋਕੇਟ ਧਾਮੀ ਨੇ ਜਾਰੀ ਇਕ ਪ੍ਰੈੱਸ ਬਿਆਨ ਵਿਚ ਕਿਹਾ ਕਿ ਇਸ ਵਾਰ ਅਹੁਦੇਦਾਰਾਂ ਦੀ ਚੋਣ ਵਾਸਤੇ ਸਾਲਾਨਾ ਇਜਲਾਸ 28 ਅਕਤੂਬਰ ਨੂੰ ਦੁਪਹਿਰ 12 ਵਜੇ ਸ਼੍ਰੋਮਣੀ ਕਮੇਟੀ ਦਫ਼ਤਰ ਸਥਿਤ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਹੋਵੇਗਾ। ਇਸ ਵਿਚ ਪ੍ਰਧਾਨ, ਸੀਨੀਅਰ ਮੀਤ ਪ੍ਰਧਾਨ, ਜੂਨੀਅਰ ਮੀਤ ਪ੍ਰਧਾਨ, ਜਨਰਲ ਸਕੱਤਰ ਅਤੇ ਅੰਤ੍ਰਿੰਗ ਕਮੇਟੀ ਦੇ ਮੈਂਬਰਾਂ ਦੀ ਚੋਣ ਕੀਤੀ ਜਾਵੇਗੀ।

## ਸੁਖਬੀਰ ਬਾਦਲ 'ਤੇ ਅਕਾਲ ਤਖ਼ਤ ਦੇ ਹੁਕਮਾਂ ਦੀ ਉਲੰਘਣਾ ਦਾ ਦੋਸ਼

**ਅੰਮ੍ਰਿਤਸਰ, (ਪੰਜਾਬ ਮੇਲ)-** ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਨਾਲ ਸਬੰਧਤ ਸ਼੍ਰੋਮਣੀ ਕਮੇਟੀ ਮੈਂਬਰਾਂ ਨੇ ਸੁਖਬੀਰ ਬਾਦਲ 'ਤੇ ਅਕਾਲ ਤਖਤ ਦੇ ਹੁਕਮਾਂ ਦੀ ਉਲੰਘਣਾ ਦਾ ਦੋਸ਼ ਲਾਇਆ ਹੈ। ਭਾਈ ਮਨਜੀਤ ਸਿੰਘ ਤੇ ਸਤਵਿੰਦਰ ਸਿੰਘ ਟੌਹੜਾ ਨੇ ਦੋਸ਼ ਲਾਇਆ ਹੈ ਕਿ ਸੁਖਬੀਰ ਦੀਆਂ ਜਨਤਕ ਸਮਾਗਮ 'ਚ ਸ਼ਮੂਲੀਅਤ ਦੀਆਂ ਤਸਵੀਰਾਂ ਸਾਹਮਣੇ ਆਈਆਂ ਹਨ। ਇਸ ਤੋਂ ਸਪੱਸ਼ਟ ਹੈ ਕਿ ਉਹ ਅਕਾਲ ਤਖ਼ਤ ਦੇ ਆਦੇਸ਼ਾਂ ਨੂੰ ਟਿੱਚ ਜਾਣਦੇ ਹਨ।

# ਕੈਨੇਡਾ ਵੱਲੋਂ ਪ੍ਰਵਾਸੀਆਂ ਦੀ ਗਿਣਤੀ ਘੱਟ ਕਰਨ ਲਈ ਵਰਕ ਪਰਮਿਟ ਪ੍ਰੋਗਰਾਮ 'ਚ ਬਦਲਾਅ ਦਾ ਐਲਾਨ

**■ 1 ਨਵੰਬਰ ਤੋਂ ਲਾਗੂ ਹੋਣਗੇ ਬਦਲਾਅ; ਪੰਜਾਬੀਆਂ 'ਤੇ ਸਿੱਧਾ ਅਸਰ**

**ਓਟਾਵਾ, (ਪੰਜਾਬ ਮੇਲ)-** ਕੈਨੇਡਾ ਦੀ ਜਸਟਿਨ ਟਰੂਡੋ ਸਰਕਾਰ ਬਾਹਰੋਂ ਆਉਣ ਵਾਲੇ ਅਸਥਾਈ ਨਿਵਾਸੀਆਂ ਦੀ ਗਿਣਤੀ ਨੂੰ ਘਟਾਉਣ ਲਈ ਹਰ ਰੋਜ਼ ਨਿਯਮ ਬਦਲ ਰਹੀ ਹੈ। ਹੁਣ ਕੈਨੇਡਾ ਨੇ ਪ੍ਰਵਾਸੀਆਂ ਦੀ ਗਿਣਤੀ ਨੂੰ ਘੱਟ ਕਰਨ ਲਈ ਵਰਕ ਪਰਮਿਟ ਪ੍ਰੋਗਰਾਮ ਵਿਚ ਬਦਲਾਅ ਦਾ ਐਲਾਨ ਕੀਤਾ ਹੈ। ਇਹ ਬਦਲਾਅ 1 ਨਵੰਬਰ 2024 ਤੋਂ ਲਾਗੂ ਹੋਣਗੇ। ਇਹ ਪੋਸਟ ਗ੍ਰੈਜੂਏਟ ਵਰਕ ਪਰਮਿਟ ਪ੍ਰੋਗਰਾਮ (ਪੀ.ਜੀ.ਡਬਲਯੂ.ਪੀ.) ਲਈ ਲਾਗੂ ਕੀਤੇ ਗਏ ਹਨ। ਕਿਉਂਕਿ ਭਾਰਤ ਤੋਂ ਵਿਦੇਸ਼ ਜਾਣ ਵਾਲੇ ਲੋਕਾਂ ਲਈ ਕੈਨੇਡਾ ਇੱਕ ਪਸੰਦੀਦਾ ਟਿਕਾਣਾ ਹੈ, ਇਸ ਲਈ ਇਨ੍ਹਾਂ ਤਬਦੀਲੀਆਂ ਦਾ ਭਾਰਤੀਆਂ ਖ਼ਾਸ ਕਰ ਕੇ ਪੰਜਾਬੀਆਂ 'ਤੇ ਵੱਡਾ ਅਸਰ ਪਵੇਗਾ।

ਹਾਲ ਹੀ ਦੇ ਸਾਲਾਂ ਵਿਚ ਅੰਤਰਰਾਸ਼ਟਰੀ ਵਿਦਿਆਰਥੀਆਂ ਅਤੇ ਅਸਥਾਈ ਵਿਦੇਸ਼ੀ ਕਾਮਿਆਂ ਸਮੇਤ ਕੈਨੇਡਾ ਆਉਣ ਵਾਲੇ ਅਸਥਾਈ ਨਿਵਾਸੀਆਂ ਦੀ ਗਿਣਤੀ ਵਿਚ ਵਾਧਾ ਹੋਇਆ ਹੈ। ਪ੍ਰਵਾਸੀਆਂ ਦੀ ਗਿਣਤੀ ਨੂੰ ਲੈ ਕੇ ਕੈਨੇਡੀਅਨ ਭਾਈਚਾਰੇ ਵਿਚ ਵਿਰੋਧ ਵਧ ਰਿਹਾ ਹੈ। ਇਸ ਸਬੰਧੀ ਕੈਨੇਡਾ ਦੀ ਸਰਕਾਰ ਇਨ੍ਹਾਂ ਤਬਦੀਲੀਆਂ ਨੂੰ ਹੱਲ ਕਰਨ ਲਈ ਨਵੇਂ ਨਿਯਮ ਲਾਗੂ ਕਰ ਰਹੀ ਹੈ, ਤਾਂ ਜੋ ਇਮੀਗ੍ਰੇਸ਼ਨ ਦੀ ਮਾਤਰਾ ਨੂੰ ਕੰਟਰੋਲ ਕੀਤਾ ਜਾ ਸਕੇ।

ਕੈਨੇਡਾ ਜਾਣ ਵਾਲੇ ਵਿਦੇਸ਼ੀਆਂ ਨੂੰ ਪੀ.ਜੀ.ਡਬਲਯੂ.ਪੀ. ਲਈ ਯੋਗ ਹੋਣ ਲਈ ਜਨਰਲ ਅਤੇ Physical Location eligibility ਯੋਗਤਾਵਾਂ ਨੂੰ ਪੂਰਾ ਕਰਨਾ ਲਾਜ਼ਮੀ ਹੈ। ਇਹ ਧਿਆਨ ਦੇਣ ਯੋਗ ਹੈ ਕਿ 1 ਨਵੰਬਰ, 2024 ਤੋਂ ਪਹਿਲਾਂ ਅਪਲਾਈ ਕਰਨ ਵਾਲਿਆਂ ਨੂੰ ਵੀ ਛੋਟ ਨਹੀਂ ਦਿੱਤੀ ਜਾਵੇਗੀ, ਜੇਕਰ ਉਹ 1 ਨਵੰਬਰ ਤੋਂ ਬਾਅਦ ਪ੍ਰੋਗਰਾਮ ਲਈ ਅਪਲਾਈ ਕਰ ਰਹੇ ਹਨ। ਇਨ੍ਹਾਂ ਬਿਨੈਕਾਰਾਂ ਨੂੰ ਨਵੀਆਂ ਲੋੜਾਂ ਵੀ ਪੂਰੀਆਂ ਕਰਨਾ ਪਵੇਗਾ।

ਕੈਨੇਡਾ ਜਾਣ ਵਾਲਿਆਂ ਲਈ ਭਾਸ਼ਾ ਦੀ ਮੁਹਾਰਤ ਦੇ ਨਿਯਮ ਹੁਣ ਹੋਰ ਸਖ਼ਤ ਹੋ ਜਾਣਗੇ। ਨਵੰਬਰ 1, 2024 ਨੂੰ ਜਾਂ ਇਸ ਤੋਂ ਬਾਅਦ ਸਾਰੇ ਬਿਨੈਕਾਰਾਂ ਨੂੰ ਫ੍ਰੈਂਚ ਜਾਂ ਅੰਗਰੇਜ਼ੀ ਵਿਚ ਮੁਹਾਰਤ ਸਾਬਤ ਕਰਨੀ ਚਾਹੀਦੀ ਹੈ। ਪੀ.ਜੀ.ਡਬਲਯੂ.ਪੀ. ਪ੍ਰੋਗਰਾਮ ਨੂੰ ਅਪਣਾਉਣ ਵਾਲਿਆਂ ਨੂੰ ਕੈਨੇਡੀਅਨ ਲੈਂਗੂਏਜ ਬੈਂਚਮਾਰਕ (ਸੀ.ਐੱਲ.ਬੀ.) ਪੱਧਰ 7 ਪ੍ਰਾਪਤ ਕਰਨਾ ਚਾਹੀਦਾ ਹੈ। ਜੇਕਰ ਤੁਸੀਂ ਗ੍ਰੈਜੂਏਟ ਹੋ, ਤਾਂ ਤੁਹਾਨੂੰ ਸੀ.ਐੱਲ.ਬੀ. ਪੱਧਰ 5 ਪ੍ਰਾਪਤ ਕਰਨ ਦੀ ਲੋੜ ਹੋਵੇਗੀ।

ਕੈਨੇਡਾ ਵਿਚ ਇੱਕ ਸਾਲ ਤੋਂ ਵੀ ਘੱਟ ਸਮੇਂ ਵਿਚ ਚੋਣਾਂ ਹੋਣੀਆਂ ਹਨ ਅਤੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਲੋਕਪ੍ਰਿਅਤਾ ਵਿਚ ਲਗਾਤਾਰ ਗਿਰਾਵਟ ਆ ਰਹੀ ਹੈ। ਦੇਸ਼ ਵਿਚ ਮਹਿੰਗਾਈ ਲਗਾਤਾਰ ਵੱਧ ਰਹੀ ਹੈ। ਘਰਾਂ ਦੀਆਂ ਕੀਮਤਾਂ ਅਸਮਾਨ ਛੂਹ ਰਹੀਆਂ ਹਨ ਅਤੇ ਇੱਕ ਵਿਸ਼ਾਲ ਰਿਹਾਇਸ਼ੀ ਸੰਕਟ ਪੈਦਾ ਹੋ ਗਿਆ ਹੈ। ਟਰੂਡੋ ਸਰਕਾਰ ਆਪਣੀ ਨਾਕਾਮੀ ਦਾ ਦੋਸ਼ ਦੇਸ਼ 'ਚ ਪ੍ਰਵਾਸੀਆਂ 'ਤੇ ਮੜ੍ਹ ਕੇ ਆਪਣੇ ਆਪ ਨੂੰ ਬਚਾਉਣਾ ਚਾਹੁੰਦੀ ਹੈ।




# ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਦੇ ਮੱਦੇਨਜ਼ਰ ਕਰਤਾਰਪੁਰ ਪੈਸੰਜਰ ਟਰਮੀਨਲ ਦਾ ਸੁੰਦਰੀਕਰਨ ਸ਼ੁਰੂ

**ਡੇਰਾ ਬਾਬਾ ਨਾਨਕ, (ਪੰਜਾਬ ਮੇਲ)**- ਭਾਰਤ-ਪਾਕਿਸਤਾਨ ਦੀ ਕੌਮਾਂਤਰੀ ਸਰਹੱਦ ਦੇ ਕੰਢੇ ਭਾਰਤ ਸਰਕਾਰ ਵੱਲੋਂ ਪੌਣੇ ਤਿੰਨ ਅਰਬ ਦੀ ਲਾਗਤ ਨਾਲ ਤਿਆਰ ਕੀਤੇ ਗਏ ਸ੍ਰੀ ਕਰਤਾਰਪੁਰ ਪੈਸੰਜਰ ਟਰਮੀਨਲ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਨਾਏ ਜਾਣ ਵਾਲੇ 555 ਪ੍ਰਕਾਸ਼ ਦਿਹਾੜੇ ਦੇ ਮੱਦੇਨਜ਼ਰ ਲੈਂਡ ਪੋਰਟ ਅਥਾਰਟੀ ਆਫ ਇੰਡੀਆ ਵੱਲੋਂ ਟਰਮੀਨਲ ਦਾ ਸੁੰਦਰੀਕਰਨ ਪੂਰੀ ਤੇਜ਼ੀ ਨਾਲ ਕੀਤਾ ਜਾ ਰਿਹਾ ਹੈ। ਇੱਥੇ ਦੱਸਣਯੋਗ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਪ੍ਰਕਾਸ਼ ਦਿਹਾੜੇ ਮੌਕੇ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਡੇਰਾ ਬਾਬਾ ਨਾਨਕ ਦੀ ਕੌਮਾਂਤਰੀ ਸਰਹੱਦ 'ਤੇ 9 ਨਵੰਬਰ 2019 ਨੂੰ ਪਾਕਿਸਤਾਨ ਸਥਿਤ ਗੁਰਦੁਆਰਾ ਸ਼੍ਰੀ ਕਰਤਾਰਪੁਰ ਸਾਹਿਬ ਜੀ ਦੇ ਦਰਸ਼ਨਾਂ ਲਈ ਲਾਂਘਾ ਖੋਲ੍ਹਿਆ ਗਿਆ ਸੀ। ਜਾਣਕਾਰੀ ਅਨੁਸਾਰ 15 ਅਕਤੂਬਰ ਨੂੰ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ 555 ਪ੍ਰਕਾਸ਼ ਦਿਹਾੜੇ ਮੌਕੇ ਭਾਰਤ ਪਾਕ ਸਰਹੱਦ 'ਤੇ ਕਰੀਬ 16 ਏਕੜ ਜ਼ਮੀਨ ਵਿਚ ਬਣਾਏ ਗਏ ਟਰਮੀਨਲ ਵਿਚ ਲੈਂਡ ਪੋਰਟ ਅਥਾਰਟੀ ਆਫ ਇੰਡੀਆ ਦੀ ਦੇਖਰੇਖ ਵਿਚ ਵੱਖ-ਵੱਖ ਟੀਮਾਂ ਵੱਲੋਂ ਟਰਮੀਨਲ 'ਤੇ ਬਣਾਏ ਗਏ ਗੇਟਾਂ ਤੋਂ ਇਲਾਵਾ ਟਰਮੀਨਲ ਵਿਚ ਲੱਗੇ ਏਕ ਓਂਕਾਰ, ਵੱਖ-ਵੱਖ ਮੂਰਤੀਆਂ, ਫੁਹਾਰੇ, ਜ਼ੀਰੋ ਲਾਈਨ 'ਤੇ ਲੱਗੇ ਗੇਟਾਂ ਤੋਂ ਇਲਾਵਾ ਟਰਨਮੀਨਲ ਦੇ ਕੋਨੇ-ਕੋਨੇ ਦੀ ਸਫ਼ਾਈ ਅਤੇ ਸੁੰਦਰੀਕਰਨ ਕੀਤਾ ਜਾ ਰਿਹਾ ਹੈ।

ਮੰਗਲਵਾਰ ਨੂੰ ਟਰਮੀਨਲ ਰਾਹੀਂ 425 ਸ਼ਰਧਾਲੂਆਂ ਵੱਲੋਂ ਪਾਕਿਸਤਾਨ ਸਥਿਤ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨ ਕੀਤੇ। ਸ਼ਰਧਾਲੂਆਂ ਨੇ ਦੱਸਿਆ ਕਿ ਜਿੱਥੇ ਗਰਮੀ ਦੇ ਮੌਸਮ ਦੌਰਾਨ ਸ਼ਰਧਾਲੂਆਂ ਦੀ ਗਿਣਤੀ ਬੇਹੱਦ ਘੱਟ ਗਈ ਸੀ ਉੱਥੇ ਪਿਛਲੇ ਦੋ ਹਫਤਿਆਂ ਤੋਂ ਲਗਾਤਾਰ ਸ਼ਰਧਾਲੂਆਂ ਦੀ ਗਿਣਤੀ ਵਧਦੀ ਜਾ ਰਹੀ ਹੈ। ਇਸ ਮੌਕੇ ਤੇ ਸ਼ਰਧਾਲੂਆਂ ਵਲੋਂ ਟਰਮੀਨਲ ਦੀ ਬਦਲੀ ਜਾ ਰਹੀ ਨੁਹਾਰ ਕਾਰਨ ਲੈਂਡ ਪੋਰਟ ਅਥਾਰਿਟੀ ਆਫ ਇੰਡੀਆ ਦੇ ਅਧਿਕਾਰੀਆਂ ਦਾ ਧੰਨਵਾਦ ਕੀਤਾ ਅਤੇ ਭਾਰਤ ਅਤੇ ਪਾਕਿਸਤਾਨ ਸਰਕਾਰ ਤੋਂ ਮੰਗ ਕੀਤੀ ਕਿ ਪਾਸਪੋਰਟ ਅਤੇ 20 ਡਾਲਰ ਦੀ ਸ਼ਰਤ ਨੂੰ ਖਤਮ ਕੀਤਾ ਜਾਵੇ, ਤਾਂ ਜੋ ਆਉਣ ਵਾਲੇ ਪ੍ਰਕਾਸ਼ ਦਿਹਾੜੇ ਮੌਕੇ ਵੱਧ ਤੋਂ ਵੱਧ ਨਾਨਕ ਨਾਮ ਲੇਵਾ ਸੰਗਤਾਂ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰ ਸਕਣ।



# ਬੰਗਲਾਦੇਸ਼ ਦੀ ਅੰਤਰਿਮ ਸਰਕਾਰ ਨੇ ਭਾਰਤ ਸਮੇਤ 5 ਦੇਸ਼ਾਂ ਤੋਂ ਰਾਜਦੂਤ ਵਾਪਸ ਬੁਲਾਏ

**ਢਾਕਾ, (ਪੰਜਾਬ ਮੇਲ)**- ਬੰਗਲਾਦੇਸ਼ ਵਿਚ ਮੁਹੰਮਦ ਯੂਨਸ ਦੀ ਅਗਵਾਈ ਵਾਲੀ ਅੰਤਰਿਮ ਸਰਕਾਰ ਨੇ ਇੱਕ ਵੱਡੇ ਕੂਟਨੀਤਕ ਫੇਰਬਦਲ ਵਿਚ ਵਿਦੇਸ਼ਾਂ ਵਿਚ ਤਾਇਨਾਤ ਆਪਣੇ ਪੰਜ ਰਾਜਦੂਤਾਂ ਨੂੰ ਵਾਪਸ ਬੁਲਾ ਲਿਆ ਹੈ। ਇਸ ਵਿਚ ਭਾਰਤ ਵਿਚ ਤਾਇਨਾਤ ਉਸ ਦੇ ਹਾਈ ਕਮਿਸ਼ਨਰ ਮੁਸਤਫਿਜ਼ੁਰ ਰਹਿਮਾਨ ਵੀ ਸ਼ਾਮਲ ਹਨ। ਵਿਦੇਸ਼ ਮੰਤਰਾਲੇ ਨੇ ਵੀਰਵਾਰ ਨੂੰ ਇਹ ਜਾਣਕਾਰੀ ਦਿੱਤੀ।

ਵਿਦੇਸ਼ ਮੰਤਰਾਲੇ ਨੇ ਦੱਸਿਆ ਕਿ ਬ੍ਰਸੇਲਜ਼ (ਬੈਲਜੀਅਮ), ਕੈਨਬਰਾ (ਆਸਟ੍ਰੇਲੀਆ), ਲਿਸਬਨ (ਪੁਰਤਗਾਲ), ਨਵੀਂ ਦਿੱਲੀ ਅਤੇ ਨਿਊਯਾਰਕ ਵਿਚ ਸੰਯੁਕਤ ਰਾਸ਼ਟਰ ਦੇ ਸਥਾਈ ਮਿਸ਼ਨ ਵਿਚ ਤਾਇਨਾਤ ਰਾਜਦੂਤ ਇਸ ਵਿਚ ਸ਼ਾਮਲ ਹਨ ਅਤੇ ਸਾਰਿਆਂ ਨੂੰ ਤੁਰੰਤ ਰਾਜਧਾਨੀ ਢਾਕਾ ਵਾਪਸ ਪਰਤਣ ਦਾ ਹੁਕਮ ਦਿੱਤਾ ਗਿਆ ਹੈ।

ਇਹ ਕਦਮ ਬੰਗਲਾਦੇਸ਼ ਵਿਚ ਰਾਸ਼ਟਰੀ ਚੋਣਾਂ ਤੋਂ ਪਹਿਲਾਂ ਚੁੱਕਿਆ ਗਿਆ ਹੈ। ਹਾਲਾਂਕਿ ਵਾਪਸ ਬੁਲਾਏ ਜਾਣ ਦਾ ਕਾਰਨ ਸਪੱਸ਼ਟ ਨਹੀਂ ਹੈ, ਪਰ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਅੰਤਰਿਮ ਸਰਕਾਰ ਦਾ ਇਹ ਕਦਮ ਸੰਕਟਗ੍ਰਸਤ ਦੇਸ਼ ਦੀਆਂ ਕੂਟਨੀਤਕ ਤਰਜੀਹਾਂ ਨੂੰ ਮੁੜ ਤੋਂ ਤਿਆਰ ਕਰਨ ਦੀਆਂ ਕੋਸ਼ਿਸ਼ਾਂ ਦਾ ਹਿੱਸਾ ਹੋ ਸਕਦਾ ਹੈ। ਰਹਿਮਾਨ 2020 ਤੋਂ ਭਾਰਤ ਵਿਚ ਬੰਗਲਾਦੇਸ਼ ਦੇ ਹਾਈ ਕਮਿਸ਼ਨਰ ਵਜੋਂ ਸੇਵਾ ਨਿਭਾ ਰਹੇ ਸਨ। ਉਨ੍ਹਾਂ ਨੇ ਦੋਵਾਂ ਗੁਆਂਢੀ ਦੇਸ਼ਾਂ ਦਰਮਿਆਨ ਨਜ਼ਦੀਕੀ ਸਹਿਯੋਗ ਲਈ ਮਹੱਤਵਪੂਰਨ ਭੂਮਿਕਾ ਨਿਭਾਈ, ਖਾਸ ਕਰਕੇ ਵਪਾਰ, ਸੰਪਰਕ ਅਤੇ ਖੇਤਰੀ ਸੁਰੱਖਿਆ ਨਾਲ ਜੁੜੇ ਮੁੱਦਿਆਂ 'ਤੇ। ਉਨ੍ਹਾਂ ਨੂੰ ਵਾਪਸ ਬੁਲਾਉਣ ਦਾ ਕਾਰਨ ਬੰਗਲਾਦੇਸ਼ ਅਤੇ ਭਾਰਤ ਦੇ ਸਬੰਧਾਂ ਦੇ ਨਾਜ਼ੁਕ ਦੌਰ ਨੂੰ ਵੀ ਮੰਨਿਆ ਜਾ ਰਿਹਾ ਹੈ।

ਇਹ ਕਦਮ ਅਜਿਹੇ ਸਮੇਂ 'ਚ ਚੁੱਕਿਆ ਗਿਆ ਹੈ, ਜਦੋਂ ਦੱਖਣੀ ਏਸ਼ੀਆਈ ਦੇਸ਼ 'ਚ ਕਈ ਬਦਲਾਅ ਹੋਏ ਹਨ। ਵਿਰੋਧ ਪ੍ਰਦਰਸ਼ਨਾਂ ਕਾਰਨ ਸ਼ੇਖ ਹਸੀਨਾ ਨੂੰ ਅਸਤੀਫਾ ਦੇ ਕੇ ਭਾਰਤ ਭੱਜਣਾ ਪਿਆ, ਜਿਸ ਤੋਂ ਬਾਅਦ ਮੁਹੰਮਦ ਯੂਨਸ ਨੇ ਅੰਤਰਿਮ ਸਰਕਾਰ ਦੇ ਮੁਖੀ ਵਜੋਂ ਅਹੁਦਾ ਸੰਭਾਲ ਲਿਆ। ਹਸੀਨਾ ਨੂੰ ਹਟਾਉਣ ਲਈ ਦੇਸ਼ ਭਰ ਵਿਚ ਹਿੰਸਕ ਪ੍ਰਦਰਸ਼ਨ ਹੋਏ। ਵਿਦਿਆਰਥੀ ਦੀ ਅਗਵਾਈ ਵਾਲੇ ਅੰਦੋਲਨ ਦੌਰਾਨ 700 ਤੋਂ ਵੱਧ ਲੋਕ ਮਾਰੇ ਗਏ ਸਨ। ਹਸੀਨਾ ਦੇ ਅਹੁਦਾ ਛੱਡਣ ਤੋਂ ਬਾਅਦ 5 ਅਗਸਤ ਨੂੰ ਹਸੀਨਾ ਦੀ ਅਗਵਾਈ ਵਾਲੀ ਸਰਕਾਰ ਦੇ ਡਿੱਗਣ ਤੋਂ ਬਾਅਦ ਦੇਸ਼ ਵਿਚ ਹਿੰਦੂਆਂ ਅਤੇ ਉਨ੍ਹਾਂ ਦੇ ਧਾਰਮਿਕ ਸਥਾਨਾਂ 'ਤੇ ਹਮਲਿਆਂ ਦੀਆਂ ਖ਼ਬਰਾਂ ਹਨ, ਬੰਗਲਾਦੇਸ਼ ਵਿਚ ਘੱਟ ਗਿਣਤੀ ਭਾਈਚਾਰੇ ਦੇ ਮੈਂਬਰਾਂ 'ਤੇ ਘੱਟੋ-ਘੱਟ 205 ਹਮਲੇ ਹੋਏ ਹਨ।

# ਗੁਰਬਾਣੀ ਦੇ ਗੁਟਕਾ ਸਾਹਿਬ ਤੇ ਪੋਥੀਆਂ ਦੀ ਆਨਲਾਈਨ ਵਿਕਰੀ ਨਹੀਂ ਕਰ ਸਕਣਗੀਆਂ ਵੈੱਬਸਾਈਟਾਂ : ਐਡਵੋਕੇਟ ਧਾਮੀ

**ਅੰਮ੍ਰਿਤਸਰ, (ਪੰਜਾਬ ਮੇਲ)**-ਸ਼੍ਰੋਮਣੀ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ, ਸਿੱਖ ਇਤਿਹਾਸ ਰਿਸਰਚ ਬੋਰਡ ਅਤੇ ਐਜੂਕੇਸ਼ਨ ਕਮੇਟੀ ਦੀਆਂ ਵੱਖ-ਵੱਖ ਤਿੰਨ ਅਹਿਮ ਇਕੱਤਰਤਾਵਾਂ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਹੋਈਆਂ। ਸ੍ਰੀ ਗੁਰੂ ਰਾਮਦਾਸ ਯੂਨੀਵਰਸਿਟੀ ਆਫ਼ ਹੈਲਥ ਸਾਇੰਸਿਜ਼ ਵਿਖੇ ਹੋਈਆਂ ਇਨ੍ਹਾਂ ਅਹਿਮ ਇਕੱਤਰਤਾਵਾਂ ਦੌਰਾਨ ਇਤਿਹਾਸਕ ਗੁਰਦੁਆਰਾ ਸਾਹਿਬਾਨ ਅੰਦਰ ਰੁਮਾਲਾ ਸਾਹਿਬ ਦੀ ਭੇਟਾ ਜਮ੍ਹਾ ਕਰਵਾਉਣ ਲਈ ਵਿਸ਼ੇਸ਼ ਕਾਊਂਟਰ ਸਥਾਪਤ ਕਰਨ ਤੋਂ ਇਲਾਵਾ ਸਿੱਖੀ ਦੇ ਪ੍ਰਚਾਰ ਪ੍ਰਸਾਰ ਲਈ ਰੂਪ-ਰੇਖਾ ਉਲੀਕਣ ਦੇ ਨਾਲ-ਨਾਲ ਸਿੱਖ ਸਾਹਿਤ ਦੀਆਂ ਨਵੀਆਂ ਪ੍ਰਕਾਸ਼ਨਾਵਾਂ ਅਤੇ ਵਿੱਦਿਅਕ ਅਦਾਰਿਆਂ ਦੇ ਮਾਮਲੇ ਵਿਚਾਰੇ ਗਏ। ਧਰਮ ਪ੍ਰਚਾਰ ਕਮੇਟੀ ਦੀ ਇਕੱਤਰਤਾ ਦੌਰਾਨ ਵੱਖ-ਵੱਖ ਈ-ਕਾਮਰਸ ਵੈੱਬਸਾਈਟਾਂ ਤੇ ਐਪਸ 'ਤੇ ਪਾਵਨ ਗੁਰਬਾਣੀ ਦੇ ਗੁਟਕਾ ਸਾਹਿਬ ਅਤੇ ਸੈਂਚੀਆਂ ਦੀ ਕੀਤੀ ਜਾ ਰਹੀ ਆਨਲਾਈਨ ਵਿਕਰੀ ਦਾ ਵੀ ਸਖ਼ਤ ਨੋਟਿਸ ਲੈਂਦਿਆਂ ਇਸ 'ਤੇ ਮੁਕੰਮਲ ਪਾਬੰਦੀ ਲਗਾਉਣ ਦਾ ਮਤਾ ਪਾਸ ਕੀਤਾ ਗਿਆ।

ਇਕੱਤਰਤਾਵਾਂ ਉਪਰੰਤ ਜਾਣਕਾਰੀ ਦਿੰਦਿਆਂ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਗੁਰਦੁਆਰਾ ਸਾਹਿਬਾਨ 'ਚ ਸੰਗਤ ਵੱਲੋਂ ਸ਼ਰਧਾ ਤੇ ਸਤਿਕਾਰ ਵਜੋਂ ਵੱਡੀ ਗਿਣਤੀ ਵਿਚ ਰੁਮਾਲਾ ਸਾਹਿਬ ਭੇਟ ਕੀਤੇ ਜਾਂਦੇ ਹਨ। ਇਸ ਦੇ ਮੱਦੇਨਜ਼ਰ ਵਿਚਾਰ-ਵਟਾਂਦਰੇ ਉਪਰੰਤ ਇਹ ਫ਼ੈਸਲਾ ਕੀਤਾ ਗਿਆ ਹੈ ਕਿ ਗੁਰਦੁਆਰਾ ਸਾਹਿਬਾਨ ਅੰਦਰ ਵਿਸ਼ੇਸ਼ ਕਾਊਂਟਰ ਸਥਾਪਤ ਕੀਤੇ ਜਾਣਗੇ, ਜਿਥੇ ਸੰਗਤਾਂ ਰੁਮਾਲਾ ਸਾਹਿਬ ਲਈ ਯਥਾਸ਼ਕਤ ਭੇਟਾ ਜਮ੍ਹਾ ਕਰਵਾ ਸਕਣਗੀਆਂ।

# ਇਮਰਾਨ ਖਾਨ 'ਤੇ ਨਜ਼ਦੀਕੀਆਂ ਨੂੰ ਮਿਲਣ 'ਤੇ ਪਾਬੰਦੀ

■ ਸੁਰੱਖਿਆ ਕਾਰਨਾਂ ਦਾ ਹਵਾਲਾ ਦਿੰਦਿਆਂ ਪਾਕਿ ਦੀ ਪੰਜਾਬ ਸਰਕਾਰ ਨੇ ਲਾਈ ਪਾਬੰਦੀ

**ਲਾਹੌਰ, (ਪੰਜਾਬ ਮੇਲ)**- ਪਾਕਿਸਤਾਨ ਦੀ ਪੰਜਾਬ ਸਰਕਾਰ ਨੇ ਜੇਲ੍ਹ ਵਿਚ ਬੰਦ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੂੰ ਸੁਰੱਖਿਆ ਕਾਰਨਾਂ ਕਰਕੇ 18 ਅਕਤੂਬਰ ਤੱਕ ਉਸ ਦੇ ਪਰਿਵਾਰਕ ਮੈਂਬਰਾਂ, ਵਕੀਲਾਂ ਅਤੇ ਪਾਰਟੀ ਨੇਤਾਵਾਂ ਨਾਲ ਮਿਲਣ 'ਤੇ ਪਾਬੰਦੀ ਲਗਾ ਦਿੱਤੀ ਹੈ ਕਿਉਂਕਿ ਇਮਰਾਨ ਦੀ ਪਾਰਟੀ ਕਈ ਸ਼ਹਿਰਾਂ ਵਿਚ ਸਰਕਾਰ ਵਿਰੋਧੀ ਪ੍ਰਦਰਸ਼ਨ ਕਰ ਰਹੀ ਹੈ। ਪਾਕਿਸਤਾਨ ਤਹਿਰੀਕ-ਏ-ਇਨਸਾਫ਼ (ਪੀ.ਟੀ.ਆਈ.) ਦੇ ਸੰਸਥਾਪਕ ਇਮਰਾਨ ਖ਼ਾਨ ਅਗਸਤ, 2023 ਤੋਂ ਕਈ ਮਾਮਲਿਆਂ ਸਬੰਧੀ ਰਾਵਲਪਿੰਡੀ ਦੀ ਅਦਿਆਲਾ ਜੇਲ੍ਹ ਵਿਚ ਬੰਦ ਹਨ। ਗ੍ਰਹਿ ਮੰਤਰੀ ਮੋਹਸਿਨ ਨਕਵੀ ਨੇ ਪੀਟੀਆਈ 'ਤੇ 15 ਅਤੇ 16 ਅਕਤੂਬਰ ਨੂੰ ਇਸਲਾਮਾਬਾਦ ਵਿਚ ਹੋਣ ਵਾਲੇ ਸ਼ੰਘਾਈ ਸਹਿਯੋਗ ਸੰਗਠਨ (ਐੱਸ.ਸੀ.ਓ.) ਦੇ ਸੰਮੇਲਨ 'ਚ ਵਿਘਨ ਪਾਉਣ ਦੀ ਕੋਸ਼ਿਸ਼ ਕਰਨ ਦਾ ਦੋਸ਼ ਲਾਇਆ ਹੈ। ਪੰਜਾਬ ਸਰਕਾਰ ਦੇ ਇੱਕ ਅਧਿਕਾਰੀ ਨੇ ਦੱਸਿਆ, "ਜੇਲ੍ਹ ਵਿਚ ਬੰਦ ਪੀ.ਟੀ.ਆਈ. ਦੇ ਸੰਸਥਾਪਕ ਇਮਰਾਨ ਖ਼ਾਨ ਅਤੇ ਉਨ੍ਹਾਂ ਦੀ ਪਤਨੀ ਬੁਸ਼ਰਾ ਬੀਬੀ ਨੂੰ 18 ਅਕਤੂਬਰ ਤੱਕ ਰਾਵਲਪਿੰਡੀ ਦੀ ਅਦਿਆਲਾ ਜੇਲ੍ਹ ਵਿਚ ਆਪਣੇ ਪਰਿਵਾਰ, ਵਕੀਲਾਂ ਅਤੇ ਪਾਰਟੀ ਨੇਤਾਵਾਂ ਨੂੰ ਮਿਲਣ 'ਤੇ ਪਾਬੰਦੀ ਲਗਾ ਦਿੱਤੀ ਗਈ ਹੈ।"

ਪੀ.ਟੀ.ਆਈ. ਦੇ ਇੱਕ ਬੁਲਾਰੇ ਨੇ ਕਿਹਾ ਕਿ ਇਮਰਾਨ ਦੀ ਕਾਨੂੰਨੀ ਟੀਮ ਅਦਾਲਤ ਵਿਚ ਇੱਕ ਪਟੀਸ਼ਨ ਦਾਇਰ ਕਰੇਗੀ, ਜਿਸ ਵਿਚ ਇਮਰਾਨ ਖ਼ਾਨ ਅਤੇ ਬੁਸ਼ਰਾ ਬੀਬੀ ਨਾਲ ਮੁਲਾਕਾਤਾਂ ਤੋਂ ਪਾਬੰਦੀ ਹਟਾਉਣ ਦੀ ਮੰਗ ਕੀਤੀ ਜਾਵੇਗੀ।

# ਇਮਰਾਨ ਖਾਨ ਦੀ ਪਾਰਟੀ ਵੱਲੋਂ ਸਰਕਾਰ ਖ਼ਿਲਾਫ਼ ਵਿਰੋਧ ਪ੍ਰਦਰਸ਼ਨ ਜਾਰੀ ਰੱਖਣ ਦਾ ਫੈਸਲਾ

**ਇਸਲਾਮਾਬਾਦ, (ਪੰਜਾਬ ਮੇਲ)**- ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਪਾਰਟੀ ਨੇ ਵਿਰੋਧ ਪ੍ਰਦਰਸ਼ਨ ਨੇਤਾ ਅਲੀ ਅਮੀਨ ਗੰਡਾਪੁਰ ਦੇ ਰਹੱਸਮਈ ਤੌਰ 'ਤੇ ਲਾਪਤਾ ਹੋਣ ਦੇ ਬਾਵਜੂਦ ਸਰਕਾਰ ਖ਼ਿਲਾਫ਼ ਪ੍ਰਦਰਸ਼ਨ ਜਾਰੀ ਰੱਖਣ ਦਾ ਫ਼ੈਸਲਾ ਕੀਤਾ ਹੈ, ਜਿਸ ਨਾਲ ਦੂਜੇ ਦਿਨ ਵੀ ਰਾਜਧਾਨੀ ਇਸਲਾਮਾਬਾਦ ਵਿਚ ਸਥਿਤੀ ਤਣਾਅਪੂਰਨ ਬਣੀ ਰਹੀ। ਖਾਨ ਦੀ ਅਗਵਾਈ ਵਾਲੀ ਪਾਕਿਸਤਾਨ ਤਹਿਰੀਕ-ਏ-ਇਨਸਾਫ (ਪੀ.ਟੀ.ਆਈ.) ਪਾਰਟੀ ਨੇ ਰਾਤ ਭਰ ਦੀ ਬੈਠਕ 'ਚ ਫ਼ੈਸਲਾ ਕੀਤਾ ਕਿ ਜਦੋਂ ਤੱਕ ਪਾਰਟੀ ਦੇ ਸੰਸਥਾਪਕ ਖਾਨ ਆਪਣੇ ਸਮਰਥਕਾਂ ਨੂੰ ਇਸ ਨੂੰ ਖ਼ਤਮ ਕਰਨ ਲਈ ਨਹੀਂ ਕਹਿੰਦੇ, ਉਦੋਂ ਤੱਕ ਵਿਰੋਧ ਪ੍ਰਦਰਸ਼ਨ ਜਾਰੀ ਰਹੇਗਾ।



'ਡਾਨ' ਅਖ਼ਬਾਰ ਮੁਤਾਬਕ ਖਾਨ ਦੀ ਪਾਰਟੀ ਦੀ ਸਿਆਸੀ ਕਮੇਟੀ ਨੇ ਇਹ ਵੀ ਫ਼ੈਸਲਾ ਕੀਤਾ ਹੈ ਕਿ ਜੇਕਰ ਗੰਡਾਪੁਰ ਨੂੰ ਗ੍ਰਿਫ਼ਤਾਰ ਕੀਤਾ ਜਾਂਦਾ ਹੈ, ਤਾਂ ਪਾਰਟੀ ਦੇ ਸੀਨੀਅਰ ਨੇਤਾ ਆਜ਼ਮ ਸਵਾਤੀ ਪ੍ਰਦਰਸ਼ਨ ਦੀ ਅਗਵਾਈ ਕਰਨਗੇ ਅਤੇ ਜੇਕਰ ਸਵਾਤੀ ਨੂੰ ਗ੍ਰਿਫ਼ਤਾਰ ਕੀਤਾ ਜਾਂਦਾ ਹੈ, ਤਾਂ ਉਹ ਨਵੇਂ ਨੇਤਾ ਦੀ ਚੋਣ ਕਰਨਗੇ। ਪਾਕਿਸਤਾਨ ਤਹਿਰੀਕ-ਏ-ਇਨਸਾਫ (ਪੀ.ਟੀ.ਆਈ.) ਪਾਰਟੀ ਦੇ ਸੰਸਥਾਪਕ ਇਮਰਾਨ ਖਾਨ ਨੇ ਵਿਰੋਧ ਪ੍ਰਦਰਸ਼ਨ ਦਾ ਸੱਦਾ ਦਿੱਤਾ ਸੀ। ਖਾਨ ਇੱਕ ਸਾਲ ਤੋਂ ਵੱਧ ਸਮੇਂ ਤੋਂ ਰਾਵਲਪਿੰਡੀ ਦੀ ਅਡਿਆਲਾ ਜੇਲ੍ਹ ਵਿਚ ਬੰਦ ਹੈ। ਖਾਨ ਦੀ ਪਾਰਟੀ ਨਿਆਂਪਾਲਿਕਾ ਨਾਲ ਇਕਮੁੱਠ ਹੋ ਕੇ ਮਹਿੰਗਾਈ ਖ਼ਿਲਾਫ਼ ਪ੍ਰਦਰਸ਼ਨ ਕਰ ਰਹੀ ਹੈ। ਸਿਆਸੀ ਕਮੇਟੀ ਨੇ ਗੰਡਾਪੁਰ ਦੇ ਲਾਪਤਾ ਹੋਣ ਦੀ ਵੀ ਆਲੋਚਨਾ ਕੀਤੀ। ਗੰਡਾਪੁਰ ਦੇਸ਼ ਦੇ ਖੈਬਰ ਪਖਤੂਨਖਵਾ ਸੂਬੇ ਦੇ ਮੁੱਖ ਮੰਤਰੀ ਹਨ। ਕਮੇਟੀ ਨੇ ਚਿਤਾਵਨੀ ਦਿੱਤੀ ਕਿ ਜੇਕਰ ਉਸ ਨੂੰ ਗ੍ਰਿਫ਼ਤਾਰ ਕੀਤਾ ਗਿਆ ਤਾਂ ਇਸ ਦੇ 'ਗੰਭੀਰ ਨਤੀਜੇ'

# ਬ੍ਰਿਟੇਨ ਵੱਲੋਂ ਰੂਸੀ ਸੈਨਿਕਾਂ 'ਤੇ ਪਾਬੰਦੀਆਂ ਲਾਗੂ

**ਲੰਡਨ, (ਪੰਜਾਬ ਮੇਲ)**- ਬ੍ਰਿਟੇਨ ਦੀ ਸਰਕਾਰ ਨੇ ਉਨ੍ਹਾਂ ਰੂਸੀ ਸੈਨਿਕਾਂ 'ਤੇ ਨਵੀਆਂ ਪਾਬੰਦੀਆਂ ਲਗਾ ਦਿੱਤੀਆਂ ਹਨ, ਜੋ ਕਥਿਤ ਤੌਰ 'ਤੇ ਯੂਕ੍ਰੇਨ ਖ਼ਿਲਾਫ਼ ਜੰਗ 'ਚ 'ਅਣਮਨੁੱਖੀ' ਰਸਾਇਣਕ ਹਥਿਆਰਾਂ ਦੀ ਵਰਤੋਂ ਕਰ ਰਹੇ ਹਨ। ਸਰਕਾਰ ਨੇ ਕਿਹਾ ਕਿ ਇਹ ਕਾਰਵਾਈ ਰਸਾਇਣਕ ਹਥਿਆਰ ਸਮਝੌਤੇ ਅਤੇ ਅੰਤਰਰਾਸ਼ਟਰੀ ਕਾਨੂੰਨ ਦੀ ਉਲੰਘਣਾ ਹੈ। ਜਿਨ੍ਹਾਂ 'ਤੇ ਇਹ ਨਵੀਆਂ ਪਾਬੰਦੀਆਂ ਲਗਾਈਆਂ ਗਈਆਂ ਹਨ, ਉਨ੍ਹਾਂ 'ਚ ਰੂਸ ਦੀਆਂ ਰਸਾਇਣਕ, ਜੈਵਿਕ ਅਤੇ ਰੇਡੀਓਲਾਜੀਕਲ ਰੱਖਿਆ ਯੂਨਿਟਾਂ ਅਤੇ ਉਨ੍ਹਾਂ ਦੇ ਨੇਤਾ ਇਗੋਰ ਕਿਰੀਲੋਵ ਸ਼ਾਮਲ ਹਨ। ਬ੍ਰਿਟੇਨ ਦੇ ਵਿਦੇਸ਼, ਰਾਸ਼ਟਰਮੰਡਲ ਅਤੇ ਵਿਕਾਸ ਦਫਤਰ (ਐੱਫ.ਸੀ.ਡੀ.ਓ.) ਨੇ ਕਿਹਾ ਕਿ ਕਿਰੀਲੋਵ ਰੂਸੀ ਪ੍ਰਚਾਰ ਨੂੰ ਅੱਗੇ ਵਧਾਉਂਦਾ ਹੈ ਅਤੇ ਰੂਸ ਦੀਆਂ ਸ਼ਰਮਨਾਕ ਅਤੇ ਖਤਰਨਾਕ ਕਾਰਵਾਈਆਂ ਨੂੰ ਲੁਕਾਉਣ ਦੀ ਕੋਸ਼ਿਸ਼ ਕਰਦਾ ਹੈ। ਬ੍ਰਿਟੇਨ ਦੇ ਵਿਦੇਸ਼ ਮੰਤਰੀ ਡੇਵਿਡ ਲੈਮੀ ਨੇ ਕਿਹਾ ਕਿ ਉਨ੍ਹਾਂ ਦਾ ਦੇਸ਼ ਉਦੋਂ ਤੱਕ ਚੁੱਪ ਨਹੀਂ ਬੈਠੇਗਾ, ਜਦੋਂ ਤੱਕ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਅਤੇ ਉਨ੍ਹਾਂ ਦਾ ਦੇਸ਼ ਅੰਤਰਰਾਸ਼ਟਰੀ ਕਾਨੂੰਨ ਦੀ ਉਲੰਘਣਾ ਕਰ ਰਹੇ ਹਨ। ਲੈਮੀ ਨੇ ਕਿਹਾ, ਮੈਂ ਇਸ ਕੰਮ ਖ਼ਿਲਾਫ਼ ਖੜ੍ਹਾ ਹੋਵਾਂਗਾ। ਉਨ੍ਹਾਂ ਕਿਹਾ ਕਿ ਜੰਗ ਦੇ ਮੈਦਾਨ 'ਤੇ ਰੂਸ ਦੀ ਬੇਰਹਿਮੀ ਨਿੰਦਣਯੋਗ ਹੈ ਅਤੇ ਬ੍ਰਿਟੇਨ ਇਸ 'ਤੇ ਸਖ਼ਤ ਕਾਰਵਾਈ ਕਰੇਗਾ। ਉਸਨੇ ਕਿਹਾ ਕਿ ਪੁਤਿਨ ਅਤੇ ਉਸਦੇ ਸਾਥੀਆਂ ਕੋਲ ਲੁੱਕਣ ਲਈ ਕੋਈ ਥਾਂ ਨਹੀਂ ਹੋਵੇਗੀ। ਅਸੀਂ ਡਰ ਅਤੇ ਅਰਾਜਕਤਾ ਫੈਲਾਉਣ ਲਈ ਕ੍ਰੇਮਲਿਨ ਦੀਆਂ ਕੋਸ਼ਿਸ਼ਾਂ ਦਾ ਮੁਕਾਬਲਾ ਕਰਨ ਲਈ ਪਾਬੰਦੀਆਂ ਦੀ ਵਰਤੋਂ ਕਰਨਾ ਜਾਰੀ ਰੱਖਾਂਗੇ।

ਐੱਫ.ਸੀ.ਡੀ.ਓ. ਨੇ ਇਹ ਵੀ ਕਿਹਾ ਕਿ ਰੂਸੀ ਬਲਾਂ ਨੇ ਜੰਗ ਦੇ ਮੈਦਾਨ ਵਿਚ ਖੁੱਲ੍ਹੇਆਮ ਨੁਕਸਾਨਦੇਹ ਰਸਾਇਣਕ ਹਥਿਆਰਾਂ ਦੀ ਵਰਤੋਂ ਕੀਤੀ ਹੈ, ਜਿਸ ਵਿਚ ਦੰਗਾ ਨਿਯੰਤਰਣ ਲਈ ਵਰਤੇ ਜਾਂਦੇ ਕਲੋਪਿਲੇਟ ਅਤੇ ਕਲੋਪਿਲੇਟ ਵਰਗੇ ਰਸਾਇਣਕ ਪਦਾਰਥਾਂ ਦੀ ਵਰਤੋਂ ਦੀਆਂ ਕਈ ਰਿਪੋਰਟਾਂ ਹਨ। ਇਸ ਦੇ ਨਾਲ ਹੀ ਬ੍ਰਿਟੇਨ ਦੇ ਰੱਖਿਆ ਮੰਤਰੀ ਜੌਹਨ ਹੇਲੀ ਨੇ ਕਿਹਾ, ਪੁਤਿਨ ਅਤੇ ਉਨ੍ਹਾਂ ਦੇ ਸ਼ਾਸਨ ਨੂੰ ਸਾਡਾ ਸਪੱਸ਼ਟ ਸੰਦੇਸ਼ ਹੈ ਕਿ ਤੁਸੀਂ ਅੰਤਰਰਾਸ਼ਟਰੀ ਕਾਨੂੰਨ ਦੀ ਉਲੰਘਣਾ ਨਹੀਂ ਕਰ ਸਕਦੇ। ਅਸੀਂ ਰਸਾਇਣਕ ਹਥਿਆਰ ਸੰਮੇਲਨ ਅਤੇ ਨਿਯਮਾਂ-ਆਧਾਰਿਤ ਅੰਤਰਰਾਸ਼ਟਰੀ ਆਦੇਸ਼ ਦੀ ਅਜਿਹੀ ਘੋਰ ਉਲੰਘਣਾ ਨੂੰ ਮਾਫ਼ ਨਹੀਂ ਕਰਾਂਗੇ। ਇਸ ਹਫ਼ਤੇ ਬ੍ਰਿਟੇਨ ਨੇ ਰੂਸੀ ਰੱਖਿਆ ਮੰਤਰਾਲੇ ਦੀਆਂ ਦੋ ਪ੍ਰਯੋਗਸ਼ਾਲਾਵਾਂ 'ਤੇ ਵੀ ਪਾਬੰਦੀਆਂ ਲਗਾ ਦਿੱਤੀਆਂ ਹਨ। ਇਹ ਪ੍ਰਯੋਗਸ਼ਾਲਾਵਾਂ ਜੰਗ ਦੇ ਮੋਰਚੇ 'ਤੇ ਅਣਮਨੁੱਖੀ ਹਥਿਆਰਾਂ ਦੇ ਵਿਕਾਸ ਅਤੇ ਵਰਤੋਂ ਵਿਚ ਮਦਦ ਕਰ ਰਹੀਆਂ ਸਨ। ਐੱਫ.ਸੀ.ਡੀ.ਓ. ਨੇ ਇਹ ਵੀ ਦੁਹਰਾਇਆ ਕਿ ਯੂ.ਕੇ. ਹਰ ਸਾਲ ਯੂਕ੍ਰੇਨ ਨੂੰ 3 ਬਿਲੀਅਨ ਪੌਂਡ ਦੀ ਫੌਜੀ ਸਹਾਇਤਾ ਪ੍ਰਦਾਨ ਕਰਨ ਲਈ ਵਚਨਬੱਧ ਹੈ, ਜਿੰਨਾ ਚਿਰ ਉਨ੍ਹਾਂ ਦੀ ਲੋੜ ਹੈ।

# ਪੰਚਾਇਤੀ ਚੋਣਾਂ: ਸਰਬਸੰਮਤੀ ਨਾਲ ਚੁਣੀ ਪੰਚਾਇਤ ਦੇ ਕਾਗ਼ਜ਼ ਹੀ ਹੋ ਗਏ ਰੱਦ



ਮਜੀਠਾ, (ਪੰਜਾਬ ਮੇਲ)- ਮਜੀਠਾ ਬਲਾਕ ਹੇਠ ਆਉਂਦੇ ਪਿੰਡ ਧਰਮਪੁਰਾ (ਵਡਾਲਾ) ਦੇ ਲੋਕਾਂ ਨੇ ਐੱਸ.ਡੀ.ਐੱਮ. ਦਫ਼ਤਰ ਮਜੀਠਾ ਵਿਖੇ ਸਿਵਲ ਪ੍ਰਸ਼ਾਸਨ ਵਲੋਂ ਕੀਤੀ ਕਥਿਤ ਧੱਕੇਸ਼ਾਹੀ ਖ਼ਿਲਾਫ਼ ਜੰਮ ਕੇ ਨਾਅਰੇਬਾਜ਼ੀ ਕਰ ਕੇ ਰੋਸ ਪ੍ਰਦਰਸ਼ਨ ਕੀਤਾ। ਪਿੰਡ ਦੇ ਸਾਬਕਾ ਸਰਪੰਚ ਬਲਬੀਰ ਸਿੰਘ ਤੇ ਸਾਬਕਾ ਸਰਪੰਚ ਦੁਰਗਾ ਦਾਸ ਨੇ ਦੋਸ਼ ਲਗਾਉਂਦੇ ਦੱਸਿਆ ਕਿ ਉਨ੍ਹਾਂ ਦੇ ਪਿੰਡ ਦਾ ਸਰਪੰਚ ਐੱਸ.ਸੀ. ਲੇਡੀਜ਼ ਵਾਸਤੇ ਰਿਜ਼ਰਵ ਸੀਟ ਹੈ। ਚੋਣਾਂ ਸਬੰਧੀ ਨਾਮਜ਼ਦਗੀ ਪੱਤਰਾਂ ਦੀ ਪ੍ਰਕਿਰਿਆ ਸ਼ੁਰੂ ਹੋਣ ਤੋਂ ਪਹਿਲਾਂ ਹੀ ਸਾਰੇ ਪਿੰਡ ਦੇ ਲੋਕਾਂ ਤੇ ਸਭ ਸਿਆਸੀ ਧੜਿਆਂ ਨੇ ਇਕਜੁੱਟ ਹੁੰਦੇ ਹੋਏ ਜਸਬੀਰ ਕੌਰ ਪਤਨੀ ਗੁਰਮੇਜ ਸਿੰਘ ਨੂੰ ਸਰਬਸੰਮਤੀ ਨਾਲ ਸਰਪੰਚ ਚੁਣ ਲਿਆ ਸੀ ਤੇ ਇਸ ਦੇ ਨਾਲ ਹੀ ਪਿੰਡ ਵਿਚ ਗੁਰਜੀਤ ਕੌਰ ਪਤਨੀ ਸੇਵਾ ਸਿੰਘ, ਪ੍ਰਦੀਪ ਕੌਰ ਪਤਨੀ ਬਲਕਾਰ ਸਿੰਘ, ਅੱਛਰ ਸਿੰਘ ਪੁੱਤਰ ਫੌਜਾ ਰਾਮ, ਸਤਨਾਮ ਸਿੰਘ ਪੁੱਤਰ ਪਿਆਰਾ ਲਾਲ ਅਤੇ ਨੇਹਾ ਪਤਨੀ ਕੁਲਵੰਤ ਸਿੰਘ ਨੂੰ ਵੀ ਪੂਰੀ ਸਰਬਸੰਮਤੀ ਨਾਲ ਮੈਂਬਰ ਪੰਚਾਇਤ ਚੁਣ ਲਿਆ ਸੀ। ਬਲਬੀਰ ਸਿੰਘ ਦੇ ਕਹਿਣ ਮੁਤਾਬਕ ਉਨ੍ਹਾਂ ਨੇ ਸਰਬਸੰਮਤੀ ਨਾਲ ਚੁਣੇ ਮੈਂਬਰਾਂ ਤੇ ਸਰਪੰਚ ਦੇ ਨਾਮਜ਼ਦਗੀ ਪੱਤਰ ਦਾਖ਼ਲ ਕਰਵਾ ਦਿੱਤੇ, ਜਦਕਿ ਇਨ੍ਹਾਂ ਦੇ ਕਵਰਿੰਗ ਉਮੀਦਵਾਰਾਂ ਵਾਸਤੇ ਕਾਗ਼ਜ਼ ਦਾਖ਼ਲ ਨਹੀਂ ਕਰਵਾਏ ਸਨ। ਕਿਉਂਕਿ ਉਨ੍ਹਾਂ ਨੂੰ ਪਤਾ ਸੀ ਕਿ ਸਾਰੀ ਪੰਚਾਇਤ ਸਰਬਸੰਮਤੀ ਨਾਲ ਚੁਣੀ ਹੋਈ ਹੈ। ਪਰ ਹੱਦ ਉਸ ਵੇਲੇ ਹੋਈ, ਜਦੋਂ 4 ਅਕਤੂਬਰ ਨੂੰ ਲਖਬੀਰ ਕੌਰ ਪਤਨੀ ਦਰਸ਼ਨ ਸਿੰਘ ਵੱਲੋਂ ਆਪਣੀ ਇਕੱਲੇ ਦੇ ਧੋਖੇ ਨਾਲ ਕਾਗ਼ਜ਼ ਦਾਖ਼ਲ ਕਰਵਾ ਦਿੱਤੇ। ਜਿਸ ਵਲੋਂ ਅਧਿਕਾਰੀਆਂ ਨਾਲ ਕਥਿਤ ਮਿਲੀਭੁਗਤ ਕਰ ਕੇ ਸਰਬਸੰਮਤੀ ਨਾਲ ਚੁਣੇ ਮੈਂਬਰਾਂ ਦੇ ਕਾਗ਼ਜ਼ ਰੱਦ ਕਰਵਾ ਦਿੱਤੇ ਅਤੇ ਆਪ ਇਕੱਲਾ ਹੀ ਸਰਪੰਚ ਦਾ ਉਮੀਦਵਾਰ ਬਣ ਕੇ ਰਹਿ ਗਿਆ। ਇਸ ਮੌਕੇ ਪਤਾ ਲੱਗਣ 'ਤੇ ਸਾਰਾ ਪਿੰਡ ਲਖਬੀਰ ਕੌਰ ਪਤਨੀ ਦਰਸ਼ਨ ਸਿੰਘ ਦੇ ਖ਼ਿਲਾਫ਼ ਖੜ੍ਹਾ ਹੋ ਗਿਆ ਅਤੇ ਪਿੰਡ ਵਿਚ ਹੀ ਉਸ ਦੇ ਖ਼ਿਲਾਫ਼ ਨਾਅਰੇਬਾਜ਼ੀ ਕਰਨੀ ਸ਼ੁਰੂ ਕਰ ਦਿੱਤੀ। ਮੰਗਲਵਾਰ ਧਰਮਪੁਰਾ ਪਿੰਡ ਦੇ ਸਰਬਸੰਮਤੀ ਨਾਲ ਚੁਣੇ ਸਰਪੰਚ ਤੇ ਮੈਂਬਰਾਂ ਨੇ ਐੱਸ.ਡੀ.ਐੱਮ. ਦਫ਼ਤਰ ਵਿਖੇ ਆ ਕੇ ਪ੍ਰਸ਼ਾਸਨ ਖ਼ਿਲਾਫ਼ ਇਨਸਾਫ਼ ਲੈਣ ਵਾਸਤੇ ਨਾਅਰੇਬਾਜ਼ੀ ਕੀਤੀ ਅਤੇ ਬਲਾਕ ਵਿਕਾਸ ਤੇ ਪੰਚਾਇਤ ਅਫ਼ਸਰ ਮਜੀਠਾ ਅਮਨਦੀਪ ਸਿੰਘ ਬਿੰਦ ਨੂੰ ਇਨਸਾਫ਼ ਲੈਣ ਵਾਸਤੇ ਮੰਗ ਪੱਤਰ ਦਿੱਤਾ।

# ਇਮੀਗ੍ਰੇਸ਼ਨ ਦੇ ਨਾਂ 'ਤੇ ਠੱਗੀ ਮਾਰਨ ਵਾਲਾ ਭਾਰਤੀ ਵਿਅਕਤੀ ਜੇਲ੍ਹ 'ਚ

ਲੰਡਨ, (ਪੰਜਾਬ ਮੇਲ)- ਯੂਨਾਈਟਿਡ ਕਿੰਗਡਮ (ਯੂ.ਕੇ.) ਵਿਚ ਭਾਰਤੀ ਮੂਲ ਦੇ ਨਿਵਾਸੀ ਸੁਖਵਿੰਦਰ ਸਿੰਘ ਕੰਗ ਨੂੰ ਧੋਖਾਧੜੀ ਅਤੇ ਅਨਿਯਮਿਤ ਇਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਨ ਦੇ ਕਈ ਮਾਮਲਿਆਂ ਵਿਚ ਦੋਸ਼ੀ ਠਹਿਰਾਏ ਜਾਣ ਤੋਂ ਬਾਅਦ ਸਜ਼ਾ ਸੁਣਾਈ ਗਈ ਹੈ।


33 ਸਾਲਾ ਸੁਖਵਿੰਦਰ ਸਿੰਘ ਕੰਗ ਕੈਂਬਰਲੇ, ਸਰੀ ਦਾ ਰਹਿਣ ਵਾਲਾ ਹੈ। ਉਸਨੂੰ ਸਾਊਥਵਾਰਕ ਕਰਾਊਨ ਕੋਰਟ ਵਿਚ ਸਜ਼ਾ ਸੁਣਾਈ ਗਈ ਸੀ। ਉਹ ਜੂਨ 2020 ਤੋਂ ਜੂਨ 2021 ਦਰਮਿਆਨ ਨੌਜਵਾਨ ਔਰਤਾਂ ਨਾਲ ਧੋਖਾਧੜੀ ਕਰਨ ਦਾ ਦੋਸ਼ੀ ਸਾਬਤ ਹੋਇਆ ਹੈ।

ਸੁਖਵਿੰਦਰ ਨੂੰ 16 ਮਹੀਨਿਆਂ ਦੀ ਕੈਦ, 18 ਮਹੀਨਿਆਂ ਲਈ ਮੁਅੱਤਲ ਕਰ ਦਿੱਤਾ ਗਿਆ ਸੀ। ਉਸ ਨੂੰ ਬਿਨਾਂ ਤਨਖਾਹ ਤੋਂ 150 ਘੰਟੇ ਕਮਿਊਨਿਟੀ ਸੇਵਾ ਕਰਨ ਅਤੇ 20 ਦਿਨਾਂ ਲਈ ਮੁੜ ਵਸੇਬਾ ਗਤੀਵਿਧੀਆਂ ਵਿਚ ਹਿੱਸਾ ਲੈਣ ਦਾ ਹੁਕਮ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਪੀੜਤ ਨੂੰ 171 ਡਾਲਰ (156 ਪੌਂਡ) ਦਾ ਸਰਚਾਰਜ ਅਤੇ 9697 ਡਾਲਰ (8,832 ਪੌਂਡ) ਦਾ ਮੁਆਵਜ਼ਾ ਦੇਣ ਦੀਆਂ ਹਦਾਇਤਾਂ ਵੀ ਦਿੱਤੀਆਂ ਗਈਆਂ ਹਨ।

ਸੁਖਵਿੰਦਰ ਕੰਗ ਇਮੀਗ੍ਰੇਸ਼ਨ ਸਰਵਿਸਿਜ਼ ਕਮਿਸ਼ਨਰ ਦਾ ਸਲਾਹਕਾਰ ਹੋਣ ਦਾ ਬਹਾਨਾ ਬਣਾ ਕੇ ਧੋਖਾਧੜੀ ਕਰਦਾ ਸੀ। ਉਸ ਨੇ ਸੋਸ਼ਲ ਮੀਡੀਆ ਖਾਸ ਕਰਕੇ ਫੇਸਬੁੱਕ ਰਾਹੀਂ ਆਪਣੇ ਪੀੜਤਾਂ ਨਾਲ ਧੋਖਾ ਕੀਤਾ। ਉਨ੍ਹਾਂ ਨੇ ਪੀੜਤਾਂ ਨੂੰ ਵਾਟਸਐਪ ਅਤੇ ਟੈਕਸਟ ਮੈਸੇਜ ਰਾਹੀਂ ਭਰੋਸਾ ਦਿਵਾਇਆ ਕਿ ਉਹ ਉਨ੍ਹਾਂ ਦੀਆਂ ਵੀਜ਼ਾ ਅਰਜ਼ੀਆਂ ਨੂੰ ਪ੍ਰਵਾਨ ਕਰਕੇ ਗ੍ਰਹਿ ਵਿਭਾਗ ਨੂੰ ਭੇਜ ਦੇਣਗੇ।

ਪੀੜਤਾਂ ਵੱਲੋਂ ਧੋਖਾਧੜੀ ਦੀ ਸੂਚਨਾ ਦੇਣ ਤੋਂ ਬਾਅਦ ਜਾਂਚ ਸ਼ੁਰੂ ਕੀਤੀ ਗਈ। ਕੰਗ ਨੇ ਪੀੜਤਾਂ ਨੂੰ ਵਾਪਸੀ ਦਾ ਭਰੋਸਾ ਦਿੱਤਾ ਅਤੇ ਉਨ੍ਹਾਂ ਦੇ ਦਸਤਾਵੇਜ਼ ਵੀ ਵਾਪਸ ਕਰਨ ਦਾ ਭਰੋਸਾ ਦਿੱਤਾ। ਪਰ ਕਦੇ ਵੀ ਆਪਣੇ ਵਾਅਦੇ ਨੂੰ ਪੂਰਾ ਨਹੀਂ ਕੀਤਾ। ਆਖਰਕਾਰ, ਪੀੜਤ ਨੇ ਆਫਿਸ ਆਫ਼ ਇਮੀਗ੍ਰੇਸ਼ਨ ਸਰਵਿਸਿਜ਼ ਕਮਿਸ਼ਨਰ (ਓ.ਆਈ.ਐੱਸ.ਸੀ.) ਅਦਾਲਤ ਵਿਚ ਕੇਸ ਦਾ ਸਫਲਤਾਪੂਰਵਕ ਬਚਾਅ ਕੀਤਾ ਅਤੇ ਉਸਨੂੰ ਸਜ਼ਾ ਦਿੱਤੀ।

# ਅਮਰੀਕਾ 'ਚ ਰਹਿੰਦੇ ਪੰਜਾਬੀ ਬੱਚੇ ਨੇ 30 ਦਿਨਾਂ 'ਚ ਲਿਖੀ 154 ਸਫ਼ਿਆਂ ਦੀ ਅੰਗਰੇਜ਼ੀ ਦੀ ਕਿਤਾਬ



ਕੈਲੀਫੋਰਨੀਆ, (ਪੰਜਾਬ ਮੇਲ)- ਕਪੂਰਥਲਾ ਜ਼ਿਲ੍ਹੇ ਨਾਲ ਸਬੰਧਤ 12 ਸਾਲਾ ਏਕਮ ਨੇ ਅਮਰੀਕਾ ਵਿਚ ਮਾਪਿਆਂ ਦਾ ਨਾਂ ਰੌਸ਼ਨ ਕੀਤਾ ਹੈ। ਦਰਅਸਲ ਕਪੂਰਥਲਾ ਦੇ ਪਿੰਡ ਨੱਥੂ ਚਾਹਲ ਦੇ ਅਮਰੀਕਾ ਦੀ ਧਰਤੀ 'ਤੇ ਰਹਿ ਰਹੇ ਕਮਲਜੀਤ ਸਿੰਘ ਦੇ ਪੁੱਤਰ ਏਕਮ ਚਾਹਲ ਨੇ ਇਕ ਮਹੀਨੇ ਦੀ ਮਿਹਨਤ ਤੋਂ ਬਾਅਦ 154 ਪੰਨਿਆਂ ਦੀ ਕਿਤਾਬ ਅੰਗਰੇਜ਼ੀ ਭਾਸ਼ਾ 'ਚ ਲਿਖੀ ਹੈ।

ਦੱਸਣਯੋਗ ਹੈ ਕਿ ਏਕਮ ਚਾਹਲ ਅਮਰੀਕਾ ਦੇ ਕੈਲੀਫ਼ੋਰਨੀਆ ਸੂਬੇ ਦੇ ਵੈਲਟਰ ਵੁਡਵਾਰਡ ਐਲੀਮੈਂਟਰੀ ਸਕੂਲ ਵਿਚ 7ਵੀਂ ਜਮਾਤ ਦਾ ਵਿਦਿਆਰਥੀ ਹੈ। ਏਕਮ ਦੀ ਲਿਖੀ ਕਿਤਾਬ (ਫ਼ਲਾਈਟ ਆਫ਼ ਹਾਉਂਟਡ ਹਾਰਵੈਸਟ) ਐਮਾਜ਼ੋਨ 'ਤੇ ਉਪਲਬੱਧ ਹੈ ਅਤੇ ਉਸ ਨੂੰ ਲੋਕਾਂ ਵੱਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਇਸ ਕਿਤਾਬ ਵਿਚ ਲਿਖੀ ਕਹਾਣੀ ਇਕ ਅਜਿਹੇ ਬੱਚੇ 'ਤੇ ਆਧਾਰਿਤ ਹੈ, ਜੋ ਵਿਦੇਸ਼ੀ ਧਰਤੀ 'ਤੇ ਰਹਿ ਰਿਹਾ ਹੁੰਦਾ ਹੈ ਅਤੇ ਉਸ ਦੇ ਆਪਣੇ ਜੱਦੀ ਮੁਲਕ ਬਾਰੇ ਖ਼ਿਆਲ ਬਹੁਤੇ ਚੰਗੇ ਨਹੀਂ ਹੁੰਦੇ, ਵਿਦੇਸ਼ ਵਿਚ ਰਹਿੰਦੇ ਹੋਏ ਉਸ ਦੇ ਅਪਣੇ ਜੱਦੀ ਮੁਲਕ ਤੋਂ ਆਉਂਦੀਆਂ ਲੁੱਟ-ਖੋਹ ਦੀਆਂ ਘਟਨਾਵਾਂ ਅਤੇ ਹੋਰ ਮਾੜੀਆਂ ਖ਼ਬਰਾਂ ਉਸ ਦੇ ਦਿਮਾਗ 'ਤੇ ਮਾੜਾ ਅਸਰ ਕਰਦੀਆਂ ਹਨ ਅਤੇ ਉਹ ਆਪਣੇ ਜੱਦੀ ਵਤਨ ਜਾਣ ਤੋਂ ਡਰਦਾ ਹੈ।

ਇਸ ਦੌਰਾਨ ਜਦੋਂ ਉਹ ਆਪਣੇ ਮਾਤਾ-ਪਿਤਾ ਨਾਲ ਆਪਣੇ ਜੱਦੀ ਪਿੰਡ ਜਾਂਦਾ ਹੈ ਅਤੇ ਜਹਾਜ਼ ਵਿਚ ਸਫ਼ਰ ਦੌਰਾਨ ਉਸ ਨੂੰ ਇਕ ਸੁਫ਼ਨਾ ਆਉਂਦਾ ਹੈ ਅਤੇ ਸੁਫ਼ਨੇ ਵਿਚ ਉਸ ਦੇ ਮਾਤਾ-ਪਿਤਾ ਉਸ ਨਾਲੋਂ ਵਿਛੜ ਜਾਂਦੇ ਹਨ। ਇਹ ਕਿਤਾਬ ਏਕਮ ਚਾਹਲ ਵੱਲੋਂ ਬੀਤੇ ਸਮੇਂ ਵਿਚ ਆਪਣੇ ਮਾਤਾ-ਪਿਤਾ ਨਾਲ ਪੰਜਾਬ ਆ ਕੇ ਅਪਣੇ ਦਾਦਾ-ਦਾਦੀ ਨੂੰ ਮਿਲਣ ਤੋਂ ਬਾਅਦ ਵਾਪਸ ਅਮਰੀਕਾ ਜਾ ਕੇ ਲਿਖੀ ਗਈ।

# ਕੈਨੇਡਾ ਵੱਲੋਂ ਭਾਰਤ ਦੀ ਖੇਤਰੀ ਅੰਖਡਤਾ ਪ੍ਰਤੀ ਪੂਰਨ ਸਮਰਥਨ ਦੀ ਪੁਸ਼ਟੀ

ਟੋਰਾਂਟੋ, (ਪੰਜਾਬ ਮੇਲ)- ਹਾਲ ਹੀ ਵਿਚ ਕੈਨੇਡਾ ਨੇ ਭਾਰਤ ਦੀ ਖੇਤਰੀ ਅੰਖਡਤਾ ਪ੍ਰਤੀ ਪੂਰਨ ਸਮਰਥਨ ਦੀ ਪੁਸ਼ਟੀ ਕੀਤੀ ਹੈ। ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰ ਦੇਸ਼ ਨਾਲ ਚੱਲ ਰਹੇ ਕੂਟਨੀਤਕ ਤਣਾਅ ਵਿਚਕਾਰ ਕੈਨੇਡਾ ਦੇ ਉਪ ਵਿਦੇਸ਼ ਮੰਤਰੀ ਨੇ ਭਾਰਤ ਦੀ ਖੇਤਰੀ ਅਖੰਡਤਾ ਲਈ ਦੇਸ਼ ਦੇ "ਪੂਰਨ" ਸਮਰਥਨ ਦੀ ਪੁਸ਼ਟੀ ਕੀਤੀ ਹੈ। ਕੈਨੇਡਾ ਨੇ ਸਪੱਸ਼ਟ ਕੀਤਾ ਹੈ ਕਿ ਉਹ ਭਾਰਤ ਦੀ ਪ੍ਰਭੂਸੱਤਾ ਅਤੇ ਖੇਤਰੀ ਅੰਖਡਤਾ ਦਾ ਸਨਮਾਨ ਕਰਦਾ ਹੈ ਅਤੇ ਕਿਸੇ ਵੀ ਅਜਿਹੇ ਤੱਤ ਦਾ ਸਮਰਥਨ ਨਹੀਂ ਕਰਦਾ, ਜੋ ਇਸ ਨੂੰ ਚੁਣੌਤੀ ਦਿੰਦਾ ਹੈ। ਇਹ ਕਦਮ ਦੋਵਾਂ ਦੇਸ਼ਾਂ ਵਿਚਾਲੇ ਕੂਟਨੀਤਕ ਹੱਲ ਵੱਲ ਮਹੱਤਵਪੂਰਨ ਕੋਸ਼ਿਸ਼ ਵਜੋਂ ਦੇਖਿਆ ਜਾ ਰਿਹਾ ਹੈ, ਤਾਂ ਜੋ ਸੰਬੰਧਾਂ ਵਿਚ ਤਣਾਅ ਘੱਟ ਕੀਤਾ ਜਾ ਸਕੇ ਅਤੇ ਦੋ-ਪੱਖੀ ਗੱਲਬਾਤ ਨੂੰ ਮੁੜ ਪਟੜੀ 'ਤੇ ਲਿਆਂਦਾ ਜਾ ਸਕੇ।

ਓਟਾਵਾ ਵਿਚ ਇੱਕ ਵਿਦੇਸ਼ੀ ਦਖ਼ਲ ਕਮਿਸ਼ਨ ਸਾਹਮਣੇ ਇੱਕ ਤਾਜ਼ਾ ਪੇਸ਼ੀ ਦੌਰਾਨ ਡੇਵਿਡ ਮੌਰੀਸਨ ਨੇ ਜ਼ੋਰ ਦੇ ਕੇ ਕਿਹਾ ਕਿ ਕੈਨੇਡਾ ਦੀ ਨੀਤੀ ਸਪੱਸ਼ਟ ਹੈ, ਭਾਰਤ ਦੀ ਖੇਤਰੀ ਅਖੰਡਤਾ ਦਾ ਸਨਮਾਨ ਕੀਤਾ ਜਾਣਾ ਚਾਹੀਦਾ ਹੈ। ਪਿਛਲੇ ਸਾਲ ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਸਰੀ ਵਿਚ ਖਾਲਿਸਤਾਨੀ ਕੱਟੜਪੰਥੀ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਅਤੇ ਭਾਰਤੀ ਏਜੰਟਾਂ ਵਿਚਕਾਰ ਸੰਭਾਵੀ ਸਬੰਧ ਹੋਣ ਦਾ ਦੋਸ਼ ਲਾਇਆ ਸੀ। ਉਦੋਂ ਤੋਂ ਸਬੰਧਾਂ ਵਿਚ ਖਟਾਸ ਆ ਗਈ ਹੈ ਪਰ ਮੌਰੀਸਨ ਨੇ ਕਿਹਾ ਕਿ ਦੋਵਾਂ ਦੇਸ਼ਾਂ ਵਿਚਾਲੇ ਗੱਲਬਾਤ ਜਾਰੀ ਹੈ।

ਮੌਰੀਸਨ ਨੇ ਸਵੀਕਾਰ ਕੀਤਾ ਕਿ ਜਦੋਂ ਕਿ ਕੈਨੇਡਾ ਖਾਲਿਸਤਾਨ ਪੱਖੀ ਤੱਤਾਂ ਨਾਲ ਸਬੰਧਤ ਕੁਝ ਗਤੀਵਿਧੀਆਂ ਨੂੰ "ਭਿਆਨਕ, ਪਰ ਕਾਨੂੰਨੀ" ਮੰਨਦਾ ਹੈ ਪਰ ਕੂਟਨੀਤਕ ਵਿਵਾਦ ਸ਼ੁਰੂ ਹੋਣ ਤੋਂ ਬਾਅਦ ਸਥਿਤੀ ਵਿਚ ਸੁਧਾਰ ਹੋਇਆ ਹੈ।

ਮੌਰੀਸਨ, ਜੋ ਕਿ ਦੇਸ਼ ਦੇ ਵਿਦੇਸ਼ ਮਾਮਲਿਆਂ ਦੇ ਦੂਜੇ ਸਭ ਤੋਂ ਵੱਡੇ ਅਧਿਕਾਰੀ ਹਨ, ਨੇ ਦੋਹਾਂ ਦੇਸ਼ਾਂ ਦਰਮਿਆਨ ਲੰਬੇ ਸਮੇਂ ਤੋਂ ਚੱਲੀ ਆ ਰਹੀ ਸਾਂਝੇਦਾਰੀ ਨੂੰ ਰੇਖਾਂਕਿਤ ਕਰਦੇ ਹੋਏ ਕਿਹਾ ਕਿ ਭਾਰਤ ਇੱਕ ਵਧਦਾ ਮਹੱਤਵਪੂਰਨ ਗਲੋਬਲ ਖਿਡਾਰੀ ਹੈ ਅਤੇ ਕੈਨੇਡਾ ਆਪਣੀਆਂ ਨੀਤੀਆਂ ਉਸ ਅਨੁਸਾਰ ਅਨੁਕੂਲ ਕਰ ਰਿਹਾ ਹੈ। ਕੈਨੇਡਾ ਵੱਲੋਂ ਲਾਏ ਗਏ ਦੋਸ਼ਾਂ ਦੇ ਜਵਾਬ ਵਿਚ ਭਾਰਤ ਨੇ ਉਨ੍ਹਾਂ ਨੂੰ 'ਬੇਹੂਦਾ' ਅਤੇ 'ਪ੍ਰੇਰਿਤ' ਦੱਸਿਆ ਹੈ। ਕੈਨੇਡੀਅਨ ਪੁਲਿਸ ਨੇ ਨਿੱਝਰ ਦੀ ਹੱਤਿਆ ਦੇ ਸਬੰਧ ਵਿਚ ਚਾਰ ਭਾਰਤੀ ਨਾਗਰਿਕਾਂ ਨੂੰ ਗ੍ਰਿਫਤਾਰ ਕੀਤਾ ਹੈ, ਪਰ ਇਸ ਅਪਰਾਧ ਨਾਲ ਭਾਰਤੀ ਅਧਿਕਾਰੀਆਂ ਨੂੰ ਜੋੜਨ ਵਾਲੇ ਕਿਸੇ ਸਬੂਤ ਦਾ ਜਨਤਕ ਤੌਰ 'ਤੇ ਖੁਲਾਸਾ ਨਹੀਂ ਕੀਤਾ ਗਿਆ ਹੈ। ਮੌਰੀਸਨ ਦੀ ਗਵਾਹੀ ਕੈਨੇਡੀਅਨ ਚੋਣਾਂ ਵਿਚ ਵਿਦੇਸ਼ੀ ਦਖ਼ਲ ਬਾਰੇ ਜਨਤਕ ਜਾਂਚ ਦਾ ਹਿੱਸਾ ਸੀ। ਉਸਨੇ ਜਾਂਚ ਦੀ ਇੱਕ ਰਿਪੋਰਟ ਦਾ ਵੀ ਹਵਾਲਾ ਦਿੱਤਾ ਜਿਸ ਵਿਚ ਦੋਸ਼ ਲਾਇਆ ਗਿਆ ਸੀ ਕਿ ਭਾਰਤ ਕੈਨੇਡੀਅਨ ਭਾਈਚਾਰਿਆਂ ਅਤੇ ਸਿਆਸਤਦਾਨਾਂ ਨੂੰ ਪ੍ਰਭਾਵਿਤ

ਸਫ਼ਾ 1 ਦਾ ਬਾਕੀ

## ਹਰਿਆਣਾ ਵਿਧਾਨ ਸਭਾ ਚੋਣਾਂ ਦੇ ਹੈਰਾਨੀਜਨਕ ਨਤੀਜੇ...

ਇਸ ਦੇ ਨਾਲ ਹੀ ਕਾਂਗਰਸ ਨੂੰ 31 ਸੀਟਾਂ ਲਈ 28.08 ਫੀਸਦੀ ਵੋਟਾਂ ਮਿਲੀਆਂ। 2024 ਦੀਆਂ ਵਿਧਾਨ ਸਭਾ ਚੋਣਾਂ ਵਿੱਚ 48 ਸੀਟਾਂ ਜਿੱਤ ਕੇ ਭਾਜਪਾ ਲਗਾਤਾਰ ਤੀਜੀ ਵਾਰ ਸਰਕਾਰ ਬਣਾਉਣ ਦੀ ਤਿਆਰੀ ਕਰ ਰਹੀ ਹੈ।

ਚੋਣ ਕਮਿਸ਼ਨ ਦੀ ਵੈੱਬਸਾਈਟ ਮੁਤਾਬਕ ਕਾਂਗਰਸ ਨੇ 37 ਸੀਟਾਂ ਜਿੱਤੀਆਂ ਹਨ। ਇੰਡੀਅਨ ਨੈਸ਼ਨਲ ਲੋਕ ਦਲ (ਇਨੈਲੋ) ਨੇ ਦੋ ਸੀਟਾਂ ਜਿੱਤੀਆਂ, ਜਦੋਂਕਿ ਆਜ਼ਾਦ ਉਮੀਦਵਾਰਾਂ ਨੇ ਤਿੰਨ ਸੀਟਾਂ ਜਿੱਤੀਆਂ। ਜਨਨਾਇਕ ਜਨਤਾ ਪਾਰਟੀ (ਜੇ.ਜੇ.ਪੀ.) ਅਤੇ ਆਮ ਆਦਮੀ ਪਾਰਟੀ (ਆਪ) ਦੋਵਾਂ ਨੂੰ ਚੋਣਾਂ ਵਿਚ ਕੋਈ ਸਫਲਤਾ ਨਹੀਂ ਮਿਲੀ ਹੈ। ਇਸ ਦੌਰਾਨ 2 ਸੀਟਾਂ ਜਿੱਤਣ ਵਾਲੀ ਇਨੈਲੋ ਨੇ 2019 ਵਿਚ ਆਪਣੀ ਵੋਟ ਪ੍ਰਤੀਸ਼ਤਤਾ ਵਿਚ ਸੁਧਾਰ ਕੀਤਾ ਅਤੇ ਇਸ ਵਾਰ 4.14 ਪ੍ਰਤੀਸ਼ਤ ਵੋਟਾਂ ਪ੍ਰਾਪਤ ਕੀਤੀਆਂ ਜਦੋਂ ਕਿ ਪਿਛਲੀ ਵਾਰ ਉਸਨੂੰ 2.44 ਪ੍ਰਤੀਸ਼ਤ ਵੋਟਾਂ ਮਿਲੀਆਂ ਸਨ। ਜੇ.ਜੇ.ਪੀ. ਨੂੰ ਵੋਟ ਹਿੱਸੇਦਾਰੀ ਵਿਚ ਭਾਰੀ ਨੁਕਸਾਨ ਹੋਇਆ, 2019 ਵਿਚ 15 ਪ੍ਰਤੀਸ਼ਤ ਤੋਂ ਘਟ ਕੇ 0.90 ਪ੍ਰਤੀਸ਼ਤ ਰਹਿ ਗਿਆ, ਜਦੋਂ ਉਸਨੇ 10 ਸੀਟਾਂ ਜਿੱਤੀਆਂ ਸਨ। 'ਆਪ', ਜਿਸ ਨੇ ਇਕੱਲੇ ਚੋਣਾਂ ਲੜੀਆਂ ਸਨ, ਨੂੰ ਪਿਛਲੀਆਂ ਵਿਧਾਨ ਸਭਾ ਚੋਣਾਂ ਦੇ 0.48 ਫੀਸਦੀ ਦੇ ਮੁਕਾਬਲੇ 1.79 ਫੀਸਦੀ ਵੋਟਾਂ ਮਿਲੀਆਂ ਸਨ । ਪਿਛਲੀਆਂ ਚੋਣਾਂ ਵਿਚ ਨੋਟਾ ਦੀ ਵੋਟ ਪ੍ਰਤੀਸ਼ਤਤਾ 0.52 ਪ੍ਰਤੀਸ਼ਤ ਸੀ, ਜਦੋਂ ਕਿ ਇਸ ਵਾਰ ਇਹ 0.38 ਪ੍ਰਤੀਸ਼ਤ ਹੈ।

ਸਫ਼ਾ 1 ਦਾ ਬਾਕੀ

## ਜੰਮੂ ਕਸ਼ਮੀਰ 'ਚ 10 ਸਾਲਾਂ ਬਾਅਦ ਬਣੇਗੀ ਸਰਕਾਰ....

ਮੁਫ਼ਤੀ ਦੀ ਧੀ ਇਲਤਿਜਾ ਮੁਫ਼ਤੀ ਹਾਲਾਂਕਿ ਬਿਜਬੇਹੜਾ ਤੋਂ ਚੋਣ ਹਾਰ ਗਈ। ਸੀ.ਪੀ.ਆਈ. (ਐੱਮ) ਆਗੂ ਐੱਮ.ਵਾਈ. ਤਾਰੀਗਾਮੀ ਲਗਾਤਾਰ ਪੰਜਵੀਂ ਵਾਰ ਕੁਲਗਾਮ ਸੀਟ ਤੋਂ ਜੇਤੂ ਰਹੇ। ਸੱਤ ਆਜ਼ਾਦ ਉਮੀਦਵਾਰ ਵੀ ਚੋਣ ਜਿੱਤ ਗਏ। ਆਮ ਆਦਮੀ ਪਾਰਟੀ ਨੇ ਡੋਡਾ ਸੀਟ ਜਿੱਤ ਕੇ ਜੰਮੂ ਕਸ਼ਮੀਰ ਵਿਚ ਆਪਣ ਖਾਤਾ ਖੋਲ੍ਹਿਆ। ਭਾਜਪਾ ਉਮੀਦਵਾਰ ਦੇਵੇਂਦਰ ਰਾਣਾ ਨਗਰੋਟਾ ਹਲਕੇ ਤੋਂ ਸਭ ਤੋਂ ਵੱਡੇ ਫ਼ਰਕ ਨਾਲ ਜੇਤੂ ਰਹੇ ਜਦੋਂਕਿ ਪੀ.ਡੀ.ਪੀ. ਦੇ ਤਰਾਲ ਤੋਂ ਉਮੀਦਵਾਰ ਰਫ਼ੀਕ ਅਹਿਮਦ ਨਾਇਕ ਨੇ ਸਭ ਤੋਂ ਘੱਟ ਫ਼ਰਕ ਨਾਲ ਜਿੱਤ ਦਰਜ ਕੀਤੀ। ਰਾਣਾ ਜਿੱਥੇ 30,472 ਵੋਟਾਂ ਦੇ ਅੰਤਰ ਨਾਲ ਜਿੱਤੇ, ਉਥੇ ਨਾਇਕ ਦਾ ਫ਼ਰਕ ਮਹਿਜ਼ 460 ਵੋਟਾਂ ਦਾ ਸੀ। ਪੀਪਲਜ਼ ਕਾਨਫਰੰਸ ਦੇ ਪ੍ਰਧਾਨ ਸੱਜਾਦ ਲੋਨ ਸਣੇ ਪੰਜ ਉਮੀਦਵਾਰ ਅਜਿਹੇ ਸਨ, ਜਿਨ੍ਹਾਂ ਦੀ ਜਿੱਤ ਦਾ ਫ਼ਰਕ 1000 ਵੋਟਾਂ ਤੋਂ ਵੀ ਘੱਟ ਸੀ। ਸੱਜਾਦ ਲੋਨ ਆਪਣੇ ਪਰਿਵਾਰ ਦਾ ਗੜ੍ਹ ਕਹੀ ਜਾਂਦੀ ਹੰਦਵਾੜਾ ਸੀਟ 662 ਵੋਟਾਂ ਨਾਲ ਜਿੱਤਣ ਵਿਚ ਕਾਮਯਾਬ ਰਹੇ। ਜੰਮੂ ਕਸ਼ਮੀਰ ਭਾਜਪਾ ਦੇ ਪ੍ਰਧਾਨ ਰਵਿੰਦਰ ਰੈਨਾ ਨੌਸ਼ਹਿਰਾ ਅਸੈਂਬਲੀ ਹਲਕੇ ਤੋਂ ਚੋਣ ਹਾਰ ਗਏ, ਹਾਲਾਂਕਿ ਉਨ੍ਹਾਂ ਦੀ ਅਗਵਾਈ 'ਚ ਪਾਰਟੀ ਨੇ 29 ਸੀਟਾਂ ਜਿੱਤ ਕੇ ਜੰਮੂ ਕਸ਼ਮੀਰ ਅਸੈਂਬਲੀ ਚੋਣਾਂ ਵਿਚ ਹੁਣ ਤੱਕ ਦੀ ਸਭ ਤੋਂ ਵਧੀਆ ਕਾਰਗੁਜ਼ਾਰੀ ਦਿਖਾਈ ਹੈ। ਰੈਨਾ ਨੇ ਕਿਹਾ, 'ਮੈਂ ਲੋਕਾਂ ਦੇ ਫ਼ਤਵੇ ਨੂੰ ਸਵੀਕਾਰ ਕਰਦਾ ਹਾਂ। ਮੈਂ ਉਨ੍ਹਾਂ ਵੱਲੋਂ ਦਿੱਤੀ ਹਮਾਇਤ ਲਈ ਧੰਨਵਾਦ ਕਰਦਾ ਹਾਂ।' ਰੈਨਾ ਨੈਸ਼ਨਲ ਕਾਨਫਰੰਸ ਦੇ ਸੁਰਿੰਦਰ ਚੌਧਰੀ ਤੋਂ 7819 ਵੋਟਾਂ ਦੇ ਫ਼ਰਕ ਨਾਲ ਹਾਰ ਗਏ। ਰੈਨਾ 10 ਸਾਲ ਪਹਿਲਾਂ ਨੌਸ਼ਹਿਰਾ ਤੋਂ ਵਿਧਾਇਕ ਚੁਣੇ ਗਏ ਸਨ ਜਦੋਂਕਿ ਉਸ ਤੋਂ ਪਹਿਲਾਂ ਇਸ ਸੀਟ ਨੂੰ ਕਾਂਗਰਸ ਦਾ ਗੜ੍ਹ ਮੰਨਿਆ ਜਾਂਦਾ ਸੀ।

ਅਸੈਂਬਲੀ ਚੋਣਾਂ ਵਿਚ ਕਾਂਗਰਸ ਦੀ ਆਪਣੀ ਕਾਰਗੁਜ਼ਾਰੀ ਦੀ ਗੱਲ ਕਰੀਏ ਤਾਂ ਇਹ ਹੁਣ ਤੱਕ ਦਾ ਸਭ ਤੋਂ ਮਾੜਾ ਪ੍ਰਦਰਸ਼ਨ ਰਿਹਾ ਹੈ। ਪਾਰਟੀ ਜੰਮੂ ਖਿੱਤੇ ਵਿਚ ਖੜ੍ਹੇ ਕੀਤੇ 29 ਉਮੀਦਵਾਰਾਂ ਵਿਚੋਂ ਸਿਰਫ਼ ਰਾਜੌਰੀ ਦੀ ਇਕ ਸੀਟ ਜਿੱਤਣ ਵਿਚ ਸਫ਼ਲ ਰਹੀ ਹੈ। 2014 ਵਿਚ ਕਾਂਗਰਸ ਨੇ ਇਥੋਂ ਕੁੱਲ ਪੰਜ ਸੀਟਾਂ ਜਿੱਤੀਆਂ ਸਨ। ਕਾਂਗਰਸ ਦੇ ਇਫ਼ਤਿਕਾਰ ਅਹਿਮਦ ਨੇ ਭਾਜਪਾ ਦੇ ਵਿਬੋਧ ਗੁਪਤਾ ਨੂੰ 1404 ਵੋਟਾਂ ਦੇ ਫ਼ਰਕ ਨਾਲ ਮਾਤ ਦਿੱਤੀ। ਪਾਰਟੀ ਦੇ ਕਈ ਪ੍ਰਮੁੱਖ ਆਗੂ, ਜਿਨ੍ਹਾਂ ਵਿਚ ਦੋ ਕਾਰਜਕਾਰੀ ਪ੍ਰਧਾਨ ਵੀ ਹਨ, ਚੋਣ ਹਾਰ ਗਏ। ਕਾਂਗਰਸ ਨੇ ਅਸੈਂਬਲੀ ਚੋਣਾਂ ਵਿਚ ਨੈਸ਼ਨਲ ਕਾਨਫਰੰਸ ਨਾਲ ਗੱਠਜੋੜ ਤਹਿਤ 32 ਉਮੀਦਵਾਰ ਖੜ੍ਹੇ ਕੀਤੇ ਸਨ, ਜਿਨ੍ਹਾਂ ਵਿਚੋਂ ਬਹੁਤੇ ਜੰਮੂ ਖਿੱਤੇ ਵਿਚ ਸਨ। ਨੈਸ਼ਨਲ ਕਾਨਫਰੰਸ ਦੇ ਉਮੀਦਵਾਰਾਂ ਦੀ ਗਿਣਤੀ 51 ਸੀ। ਕਾਂਗਰਸ ਕਸ਼ਮੀਰ ਵਿਚ ਬਾਂਦੀਪੋਰਾ ਤੇ ਅਨੰਤਨਾਗ ਸਣੇ ਪੰਜ ਸੀਟਾਂ ਹੀ ਜਿੱਤ ਸਕੀ। ਸਾਬਕਾ ਮੰਤਰੀ ਪੀਰਜ਼ਾਦਾ ਮੁਹੰਮਦ ਸੱਯਦ ਨੇ ਅਨੰਤਨਾਗ ਤੇ ਸਾਬਕਾ ਵਿਧਾਇਕ ਨਿਜ਼ਾਮਉੱਦੀਨ ਭੱਟ ਨੇ ਬਾਂਦੀਪੋਰਾ ਤੋਂ ਜਿੱਤ ਦਰਜ ਕੀਤੀ। ਸੀ.ਪੀ.ਆਈ. (ਐੱਮ) ਆਗੂ ਐੱਮਵਾਈ ਤਾਰੀਗਾਮੀ ਲਗਾਤਾਰ ਪੰਜਵੀਂ ਵਾਰ ਕੁਲਗਾਮ ਸੀਟ ਤੋਂ ਜੇਤੂ ਰਹੇ। ਉਨ੍ਹਾਂ ਪਾਬੰਦੀਸ਼ੁਦਾ ਜਮਾਤ-ਏ-ਇਸਲਾਮੀ ਦੇ ਮੈਂਬਰ ਸਯਾਰ ਅਹਿਮਦ ਰੇਸ਼ੀ ਨੂੰ 7800 ਵੋਟਾਂ ਨਾਲ ਹਰਾਇਆ। ਤਾਰੀਗਾਮੀ ਨੂੰ ਕੁੱਲ 33,634 ਵੋਟਾਂ ਪਈਆਂ। ਸੀ.ਪੀ.ਐੱਮ. ਆਗੂ 1996 ਤੋਂ ਲਗਾਤਾਰ ਇਹ ਸੀਟ ਜਿੱਤਦਾ ਆ ਰਿਹਾ ਹੈ। ਇਸ ਦੌਰਾਨ ਪੀ.ਡੀ.ਪੀ. ਆਗੂ ਇਲਤਿਜਾ ਮੁਫ਼ਤੀ ਦੱਖਣੀ ਕਸ਼ਮੀਰ ਦੀ ਬਿਜਬੇਹੜਾ ਸੀਟ ਤੋਂ ਚੋਣ ਹਾਰ ਗਈ।

ਸਫ਼ਾ 1 ਦਾ ਬਾਕੀ

## ਬੀ.ਸੀ. ਅਸੈਂਬਲੀ ਚੋਣਾਂ-2024 : 93 ਮੈਂਬਰੀ ਵਿਧਾਨ ਸਭਾ ਲਈ 37 ਪੰਜਾਬੀਆਂ...

ਜ਼ਿਕਰਯੋਗ ਹੈ ਕਿ ਇਨ੍ਹਾਂ ਚੋਣਾਂ ਵਿਚ ਵੱਖ-ਵੱਖ ਪਾਰਟੀਆਂ ਵੱਲੋਂ ਅਤੇ ਆਜ਼ਾਦ ਤੌਰ 'ਤੇ 37 ਪੰਜਾਬੀ ਉਮੀਦਵਾਰ ਚੋਣ ਅਖਾੜੇ ਵਿਚ ਨਿੱਤਰੇ ਹਨ। ਇਨ੍ਹਾਂ ਵਿਚ ਨਿਊ ਡੈਮੋਕਰੇਟਿਕ ਪਾਰਟੀ ਵੱਲੋਂ ਰਾਜ ਚੌਹਾਨ, ਜਗਰੂਪ ਬਰਾੜ, ਨਿੱਕੀ ਸ਼ਰਮਾ, ਰਵੀ ਕਾਹਲੋਂ, ਰਚਨਾ ਸਿੰਘ, ਹਰਵਿੰਦਰ ਕੌਰ ਸੰਧੂ, ਜਿੰਨੀ ਸਿਮਸ, ਬਲਤੇਜ ਸਿੰਘ ਢਿੱਲੋਂ, ਸਾਰਾ ਕੂਨਰ, ਰਵੀ ਪਰਮਾਰ, ਕਮਲ ਗਰੇਵਾਲ, ਜੈਸੀ ਸੁੰਨੜ, ਰੀਆ ਅਰੋੜਾ, ਅਮਨ ਸਿੰਘ, ਸੁਨੀਤਾ ਧੀਰ, ਹਰਪ੍ਰੀਤ ਬਡੋਹਲ ਅਤੇ ਸੈਮ ਅਟਵਾਲ ਨੂੰ ਟਿਕਟ ਦਿਤੀ ਗਈ ਹੈ।

ਕੰਜ਼ਰਵੇਟਿਵ ਪਾਰਟੀ ਆਫ ਬੀ.ਸੀ. ਵੱਲੋਂ ਮਨਦੀਪ ਧਾਲੀਵਾਲ, ਤੇਗਜੋਤ ਬੱਲ, ਜੋਡੀ ਤੂਰ, ਅਵਤਾਰ ਸਿੰਘ ਗਿੱਲ, ਹਰਮਨ ਭੰਗੂ, ਦੀਪਕ ਸੂਰੀ, ਸਟੀਵ ਕੂਨਰ, ਧਰਮ ਕਾਜਲ, ਹੋਣਵੀਰ ਸਿੰਘ ਰੰਧਾਵਾ, ਜੈਗ ਸੰਘੇੜਾ, ਸੈਮ ਕੰਦੋਲਾ, ਰਾਜੀਵ ਵਿਓਲੀ ਤੇ ਅਰੁਣ ਲਗੇਰੀ ਨੂੰ ਮੈਦਾਨ ਵਿਚ ਉਤਾਰਿਆ ਗਿਆ ਹੈ, ਗ੍ਰੀਨ ਪਾਰਟੀ ਨੇ ਮਨਜੀਤ ਸਿੰਘ ਸਹੋਤਾ ਤੇ ਸਿਮ ਸੰਧੂ ਅਤੇ ਫਰੀਡਮ ਪਾਰਟੀ ਆਫ ਬੀ.ਸੀ. ਨੇ ਅਮਿਤ ਬੜਿੰਗ, ਪਰਮਜੀਤ ਰਾਏ ਅਤੇ ਕਿਰਨ ਹੁੰਦਲ ਨੂੰ ਚੋਣ ਮੈਦਾਨ ਵਿਚ ਲਿਆਂਦਾ ਹੈ ਅਤੇ ਅਮਨਦੀਪ ਸਿੰਘ, ਜੋਗਿੰਦਰ ਸਿੰਘ ਰੰਧਾਵਾ, ਜਪਰੀਤ ਲਹਿਲ ਤੇ ਸ਼ੌਕ ਨਿੱਝਰ ਆਜ਼ਾਦ ਉਮੀਦਵਾਰ ਵਜੋਂ ਚੋਣ ਲੜ ਰਹੇ ਹਨ।

# PUNJAB MAIL USA

## TV Channel, Newspaper, Radio

**All over America, Canada, Australia & Europe**

## 24 Hours 7 Days



**Gold # 2867, Gem # 375, TV Zon # 6888, Glow TV # 1828, Tashan # 131, Real TV etc.**

You can also watch on our website: PunjabMailUSA.com

**For any Information & Advertisement Call at**

**+1-916-280-8811 or +1-916-320-9444**

E-mail: punjabmailtv@gmail.com Web: punjabmailusa.com

# ਰੱਬ ਜੀ ਇੱਕ ਵਾਰ ਬਣਾ ਦਿਉ ਸਰਪੰਚ



ਬਲਰਾਜ ਸਿੰਘ ਸਿੱਧੂ
ਏ.ਆਈ.ਜੀ. (ਰਿਟਾ.)
ਪੰਡੋਰੀ ਸਿੱਧਵਾਂ : 95011-00062
(Punjab Mail USA)



ਪੰਜਾਬ ਵਿਚ ਇਸ ਵਾਰ ਦੀਆਂ ਪੰਚਾਇਤੀ ਚੋਣਾਂ 15 ਅਕਤੂਬਰ ਨੂੰ ਹੋਣੀਆਂ ਹਨ, ਜਿਸ ਕਾਰਨ ਸਾਰੇ ਪਾਸੇ ਮਾਰੋ-ਮਾਰ ਮੱਚੀ ਹੋਈ ਹੈ। ਸਿਆਸੀ ਪਾਰਟੀਆਂ ਦੇ ਵਰਕਰਾਂ ਵਿਚ ਜੰਮ ਕੇ ਲੜਾਈਆਂ ਹੋ ਰਹੀਆਂ ਹਨ ਤੇ ਹੁਣ ਤੱਕ ਤਿੰਨ-ਚਾਰ ਕਤਲ ਵੀ ਹੋ ਚੁੱਕੇ ਹਨ। ਕੁਝ ਦਿਨ ਪਹਿਲਾਂ ਹੀ ਅਜਿਹੀ ਇੱਕ ਲੜਾਈ ਵਿਚ ਜ਼ੀਰੇ ਦਾ ਸਾਬਕਾ ਵਿਧਾਇਕ ਕੁਲਬੀਰ ਸਿੰਘ ਜ਼ੀਰਾ ਜ਼ਖਮੀ ਹੋ ਗਿਆ ਹੈ। ਇਸ ਤੋਂ ਇਲਾਵਾ ਚੋਣਾਂ ਸਬੰਧੀ ਕਿਸੇ ਮੁੱਦੇ 'ਤੇ ਗੁਰਦਾਸਪੁਰ ਕਾਂਗਰਸ ਦੇ ਕੁਝ ਲੀਡਰਾਂ ਦਾ ਉਥੋਂ ਦੇ ਡਿਪਟੀ ਕਮਿਸ਼ਨਰ ਨਾਲ ਬੋਲ ਬੁਲਾਰਾ ਵੀ ਹੋ ਚੁੱਕਾ ਹੈ। ਆਗਾਜ਼ ਐਸਾ ਹੈ ਤੋਂ ਅੰਜ਼ਾਮ ਕਿਆ ਹੋਗਾ, ਸ਼ੇਅਰ ਦੇ ਮੁਤਾਬਕ ਅਜੇ ਤਾਂ ਸਿਰਫ ਕਾਗਜ਼ਾਤ ਦਾਖਲ ਕੀਤੇ ਜਾ ਰਹੇ ਹਨ। ਬਣ ਰਹੇ ਮਾਹੌਲ ਤੋਂ ਲੱਗਦਾ ਹੈ ਕਿ ਜਿਉਂ-ਜਿਉਂ ਸਮਾਂ ਬੀਤਦਾ ਜਾਵੇਗਾ, ਲੜਾਈ-ਝਗੜੇ ਹੋਰ ਵਧ ਜਾਣਗੇ। ਅਖਬਾਰਾਂ ਵਿਚ ਇਸ ਸਬੰਧੀ ਕਈ ਦਿਲਚਸਪ ਖਬਰਾਂ ਪੜ੍ਹਨ ਲਈ ਮਿਲ ਰਹੀਆਂ ਹਨ। ਸਰਪੰਚੀ ਵੋਟਾਂ ਰਾਹੀਂ ਜਿੱਤਣ ਦੀ ਬਜਾਏ ਬੋਲੀ ਲਗਾਈ ਜਾ ਰਹੀ ਹੈ। 50-60 ਲੱਖ ਨੂੰ ਹੁਣ ਕੌਣ ਗੌਲਦਾ, ਬਟਾਲਾ ਨੇੜਲੇ ਇੱਕ ਪਿੰਡ ਵਿਚ ਦੋ ਕਰੋੜ ਦੇਣ ਦੀ ਗੱਲ ਸਾਹਮਣੇ ਆ ਚੁੱਕੀ ਹੈ। ਪਿਛਲੀਆਂ ਚੋਣਾਂ ਵਿਚ ਜ਼ਿਲ੍ਹਾ ਬਠਿੰਡਾ ਦੇ ਇੱਕ ਪਿੰਡ ਵਿਚ ਇੱਕ ਵਿਅਕਤੀ ਨੇ ਸਰਪੰਚੀ ਖਾਤਰ ਗੁਰਦੁਆਰੇ ਦੇ ਨਾਮ ਪੰਜ ਏਕੜ ਜ਼ਮੀਨ ਲਗਾਉਣ ਦੀ ਪੇਸ਼ਕਸ਼ ਕੀਤੀ ਸੀ।

ਮਾਲਵੇ ਤੋਂ ਸ਼ੁਰੂ ਹੋਈ ਵੋਟਾਂ ਖਰੀਦਣ ਦੀ ਬਿਮਾਰੀ ਹੁਣ ਸਾਰੇ ਪੰਜਾਬ ਵਿਚ ਫੈਲ ਚੁੱਕੀ ਹੈ। ਪ੍ਰਤੀ ਵਿਅਕਤੀ ਘੱਟੋ-ਘੱਟ ਰੇਟ 500 ਰੁਪਏ ਹੈ, ਵੱਧ ਕੋਈ ਜਿੰਨਾਂ ਮਰਜ਼ੀ ਦੇ ਦੇਵੇ। ਪਰਿਵਾਰ ਦੇ ਮੈਂਬਰਾਂ ਦੀ ਗਿਣਤੀ ਅਨੁਸਾਰ ਬਿਜਲੀ ਦੇ ਪੱਖੇ, ਫਰਿੱਜ਼ਾਂ ਅਤੇ ਮੋਟਰ ਸਾਈਕਲ ਆਦਿ ਤੱਕ ਦਿੱਤੇ ਜਾਂਦੇ ਹਨ। ਪੰਜਾਬ ਵਿਚ ਸਭ ਨਾਲੋਂ ਵੱਧ ਜੋਸ਼-ਖਰੋਸ਼ ਨਾਲ ਪੰਚਾਇਤੀ ਚੋਣਾਂ ਲੜੀਆਂ ਜਾਂਦੀਆਂ ਹਨ, ਦੂਸਰੇ ਨੰਬਰ 'ਤੇ ਵਿਧਾਨ ਸਭਾ, ਤੀਸਰੇ ਨੰਬਰ 'ਤੇ ਪਾਰਲੀਮੈਂਟ ਤੇ ਸਭ ਤੋਂ ਘੱਟ ਦਿਲਚਸਪੀ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ ਵੇਲੇ ਦਿਖਦੀ ਹੈ। ਇਸ ਦਾ ਕਾਰਨ ਇਹ ਹੈ ਕਿ ਪਿੰਡ ਦੀ ਚੌਧਰ ਸਰਪੰਚ ਕੋਲ ਹੁੰਦੀ ਹੈ ਤੇ ਉਸ ਨੂੰ ਸਰਕਾਰੇ ਦਰਬਾਰੇ ਕੁਰਸੀ ਮਿਲਦੀ ਹੈ। ਉਸ ਕੋਲ ਪਿੰਡ ਦੀਆਂ ਬਹੁਗਿਣਤੀ ਵੋਟਾਂ ਹੋਣ ਕਾਰਨ ਇਲਾਕੇ ਦੇ ਵਿਧਾਇਕ ਅਤੇ ਐੱਮ.ਪੀ. ਵੀ ਉਸ ਨੂੰ ਅਹਿਮੀਅਤ ਦਿੰਦੇ ਹਨ। ਪਿੰਡ ਦਾ ਸਾਰਾ ਸਰਕਾਰੀ ਕੰਮ ਉਸ ਦੇ ਹੱਥ ਵਿਚ ਹੁੰਦਾ ਹੈ। ਬੁਢਾਪਾ ਪੈਨਸ਼ਨ, ਵਿਧਵਾ ਪੈਨਸ਼ਨ, ਸ਼ਗਨ ਸਕੀਮ, ਆਟਾ ਦਾਲ ਸਕੀਮ, ਮਨਰੇਗਾ ਵਿਚ ਕੰਮ ਦੇਣਾ, ਗਲੀਆਂ ਨਾਲੀਆਂ ਬਣਾਉਣੀਆਂ ਤੇ ਛੱਪੜ ਸਾਫ ਕਰਾਉਣੇ ਆਦਿ ਕੰਮ ਉਸ ਦੇ ਹੱਥ ਵਿਚ ਹੁੰਦੇ ਹਨ।

ਕਈ ਸਰਪੰਚ ਐਨੇ ਚੰਦਰੇ ਤੇ ਧੜੇਬਾਜ਼ ਹੁੰਦੇ ਹਨ ਕਿ ਵਿਰੋਧੀ ਪਾਰਟੀ ਦੇ ਬੰਦਿਆਂ ਦੇ ਘਰਾਂ ਸਾਹਮਣੇ ਗਲੀਆਂ ਤੇ ਨਾਲੀਆਂ ਤੱਕ ਨਹੀਂ ਬਣਨ ਦਿੰਦੇ। ਪੂਰਾ ਨਰਕ ਬਣਾ ਕੇ ਰੱਖਦੇ ਹਨ ਤੇ ਉਲਟਾ ਉਨ੍ਹਾਂ ਨੂੰ ਕਿਸੇ ਨਾ ਕਿਸੇ ਪੁਲਿਸ ਕੇਸ ਵਿਚ ਫਸਾਈ ਰੱਖਦੇ ਹਨ। ਪੰਚਾਇਤੀ ਚੋਣਾਂ ਪੰਜਾਬ ਦੀਆਂ ਸਭ ਤੋਂ ਖਰਚੀਲੀਆਂ ਚੋਣਾਂ ਮੰਨੀਆਂ ਜਾਂਦੀਆਂ ਹਨ। ਵੋਟਾਂ ਪੈਣ ਤੋਂ ਛੇ ਕੁ ਮਹੀਨੇ ਪਹਿਲਾਂ ਹੀ ਖਰਚਾ ਸ਼ੁਰੂ ਹੋ ਜਾਂਦਾ ਹੈ ਤੇ ਅਮੀਰ ਬੰਦਾ ਮਾੜੇ ਨੂੰ ਪੈਸੇ ਨਾਲ ਹੀ ਢਾਹ ਲੈਂਦਾ ਹੈ। ਦਿਨ ਵੇਲੇ ਪਕੌੜੇ ਜਲੇਬੀਆਂ ਦਾ ਲੰਗਰ ਚੱਲਦਾ ਹੈ ਤੇ ਰਾਤ ਨੂੰ ਮੀਟ ਤੇ ਸ਼ਰਾਬ ਦਾ। ਕਈ ਵੋਟਰ ਤਾਂ ਐਨੇ ਬੇਸ਼ਰਮ ਹੁੰਦੇ ਹਨ ਕਿ ਘਰ ਵਿਚ ਰਿਸ਼ਤੇਦਾਰ ਵੀ ਆ ਜਾਵੇ, ਤਾਂ ਉਸ ਲਈ ਮੀਟ ਅਤੇ ਸ਼ਰਾਬ ਉਮੀਦਵਾਰ ਤੋਂ ਲੈ ਕੇ ਆਉਂਦੇ ਹਨ। ਹਰ ਕੋਈ ਇਹ ਹੀ ਸੋਚਦਾ ਹੈ ਕਿ ਚਾਰ ਦਿਨਾਂ ਦਾ ਮੇਲਾ ਹੈ, ਰੱਜ ਕੇ ਨਜ਼ਾਰੇ ਲੁੱਟੋ। ਪਰ ਇਸ ਤਰ੍ਹਾਂ ਦੀ ਚੁਣੀ ਹੋਈ ਪੰਚਾਇਤ ਤੋਂ ਫਿਰ ਕੀ ਉਮੀਦ ਰੱਖੀ ਜਾ ਸਕਦੀ ਹੈ? ਜਿਹੜਾ ਬੰਦਾ ਘਰ ਫੂਕ ਕੇ ਜਿੱਤਿਆ ਹੈ, ਉਹ ਤਾਂ ਫਿਰ ਸਰਕਾਰੀ ਫੰਡ ਹੜੱਪ ਕਰਨ ਦਾ ਪੂਰਾ-ਪੂਰਾ ਹੱਕਦਾਰ ਹੈ ਹੀ।

ਸਰਪੰਚ ਬਣਨ ਦੀ ਸਭ ਤੋਂ ਵੱਡੀ ਖਿੱਚ ਹੁੰਦੀ ਹੈ ਸਰਕਾਰੀ ਗਰਾਂਟਾਂ ਦਾ ਪੈਸਾ। ਆਜ਼ਾਦੀ ਤੋਂ ਬਾਅਦ ਪਿੰਡਾਂ ਦੇ ਵਿਕਾਸ ਲਈ ਅਰਬਾਂ-ਖਰਬਾਂ ਰੁਪਿਆ ਸਰਕਾਰ ਵੱਲੋਂ ਅਲਾਟ ਕੀਤਾ ਜਾ ਚੁੱਕਿਆ ਹੈ। ਪਰ ਹੁਣ ਵੀ ਚੰਦ ਕੁ ਨੂੰ ਪਿੰਡਾਂ ਨੂੰ ਛੱਡ ਕੇ ਬਾਕੀਆਂ ਦੀ ਹਾਲਤ ਝੌਂਪੜ ਪੱਟੀਆਂ ਵਰਗੀ ਹੈ। ਨਾਲੀਆਂ ਤੇ ਛੱਪੜ ਗੰਦੇ ਪਾਣੀ ਨਾਲ ਭਰੇ ਮੁਸ਼ਕ ਮਾਰ ਰਹੇ ਹਨ, ਗਲੀਆਂ ਟੁੱਟੀਆਂ ਪਈਆਂ ਹਨ, ਸਕੂਲਾਂ-ਹਸਪਤਾਲਾਂ ਦੀਆਂ ਇਮਾਰਤਾਂ ਡਿਗੂੰ-ਡਿੰਗੂ ਕਰ ਰਹੀਆਂ ਹਨ, ਸ਼ਾਮਲਾਟ ਜ਼ਮੀਨਾਂ ਅਤੇ ਛੱਪੜਾਂ 'ਤੇ ਨਾਜਾਇਜ਼ ਕਬਜ਼ੇ ਹੋ ਗਏ ਹਨ ਤੇ ਲਿੰਕ ਸੜਕਾਂ ਟੋਇਆਂ ਨਾਲ ਭਰੀਆਂ ਪਈਆਂ ਹਨ। ਜੇ ਪੰਜਾਬ ਸਰਕਾਰ ਇਮਾਨਦਾਰੀ ਨਾਲ ਕਿਸੇ ਰਾਸ਼ਟਰੀ ਪੱਧਰ ਦੀ ਕੰਪਨੀ ਕੋਲੋਂ ਆਡਿਟ ਕਰਵਾਏ, ਤਾਂ ਹੈਰਾਨੀਜਨਕ ਤੱਥ ਸਾਹਮਣੇ ਆਉਣਗੇ। ਪੰਜਾਬ ਦੇ ਲੰਬੀ ਵਰਗੇ ਕਈ ਵੀ.ਆਈ.ਪੀ. ਹਲਕੇ ਅਜਿਹੇ ਹਨ, ਜਿੱਥੇ ਪਿਛਲੇ ਸਮਿਆਂ ਵਿਚ ਕਰੋੜਾਂ ਰੁਪਏ ਗਰਾਂਟ ਆਈ ਸੀ। ਐਨਾ ਪੈਸਾ ਵਰ੍ਹਿਆ ਸੀ ਕਿ ਸਾਰਾ ਪਿੰਡ ਢਾਹ ਕੇ ਚੰਡੀਗੜ੍ਹ ਦੇ ਕਿਸੇ ਪੌਸ਼ ਸੈਕਟਰ ਵਰਗਾ ਬਣਾਇਆ ਜਾ ਸਕਦਾ ਸੀ। ਪਰ ਉਨ੍ਹਾਂ ਦੇ ਹਾਲਾਤ ਵੀ ਪੰਜਾਬ ਦੇ ਬਾਕੀ ਪਿੰਡਾਂ ਵਰਗੇ ਹੀ ਹਨ ਪਰ ਪੈਸਾ ਪੂਰੀ ਇਮਾਨਦਾਰੀ ਨਾਲ ਕਾਗਜ਼ਾਂ ਵਿਚ ਵਰਤਿਆ ਜਾ ਚੁੱਕਿਆ ਹੈ।

ਜਿਹੜਾ ਵਿਅਕਤੀ ਸਕੂਲ ਦੀ ਇਮਾਰਤ ਜਾਂ ਖੇਡ ਟੂਰਨਾਮੈਂਟ ਲਈ 100 ਰੁਪਏ ਦੇਣ ਲੱਗਿਆ ਰੋਣ ਲੱਗ ਪੈਂਦਾ ਹੈ, ਉਹ ਸਰਪੰਚੀ ਲਈ 50-60 ਲੱਖ ਰੁਪਏ ਖਰਚਣ ਲਈ ਤਿਆਰ ਹੋ ਜਾਂਦਾ ਹੈ। ਪੰਜਾਬ ਵਿਚ ਇਸ ਵੇਲੇ ਕਰੀਬ 13028 ਪੰਚਾਇਤਾਂ ਹਨ। ਜੇ ਇੱਕ ਪਿੰਡ ਦੇ ਉਮੀਦਵਾਰ 5 ਲੱਖ ਵੀ ਚੋਣਾਂ ਵਿਚ ਖਰਚਣ (ਅਸਲ ਵਿਚ ਇਸ ਤੋਂ ਕਈ ਗੁਣਾ ਵੱਧ ਪੈਸੇ ਖਰਚੇ ਜਾਂਦੇ ਹਨ) ਤਾਂ ਕਰੀਬ 651 ਕਰੋੜ ਰੁਪਏ ਬਣਦੇ ਹਨ। ਐਨਾ ਪੈਸਾ ਜੇ ਪਿੰਡ ਦੇ ਭਲੇ ਵਾਸਤੇ ਖਰਚ ਦਿੱਤਾ ਜਾਵੇ, ਤਾਂ ਸਰਕਾਰੀ ਗਰਾਂਟਾਂ ਦੀ ਜ਼ਰੂਰਤ ਹੀ ਨਹੀਂ ਪਵੇਗੀ। ਪਰ ਇਹ ਪੈਸਾ ਲੋਕ ਭਲਾਈ ਨਹੀਂ, ਬਲਕਿ ਚੌਧਰ ਦੀ ਭੁੱਖ ਅਤੇ ਜਿੱਤ ਕੇ ਗਰਾਂਟਾਂ ਛਕਣ ਲਈ ਕੀਤਾ ਜਾਂਦਾ ਹੈ। ਜੇ ਕਿਸੇ ਸੰਭਾਵੀ ਸਰਪੰਚ ਨੂੰ ਉਸ ਦੇ ਏਜੰਡੇ ਬਾਰੇ ਪੁੱਛਿਆ ਜਾਵੇ, ਤਾਂ ਪਤਾ ਲੱਗੇਗਾ ਕਿ 90% ਬੰਦੇ ਜਿੱਤ ਕੇ ਵਿਰੋਧੀ ਦੀ ਧੌਣ 'ਤੇ ਗੋਡਾ ਰੱਖਣ ਦੀ ਤਿਆਰੀ ਕਰੀ ਬੈਠੇ ਹਨ, ਜਾਂ ਕਹਿਣਗੇ, "ਇਨ੍ਹਾਂ ਨੀਲਿਆਂ ਚਿੱਟਿਆਂ ਨੇ ਸਾਡੇ 'ਤੇ ਬੜੇ ਨਾਜਾਇਜ਼ ਪਰਚੇ ਦਰਜ਼ ਕਰਵਾਏ ਸਨ, ਪਹਿਲਾਂ ਤਾਂ ਉਹ ਭਾਂਗਾ ਲਾਹਵਾਂਗੇ।"

ਪੰਚਾਇਤੀ ਚੋਣਾਂ ਨੇ ਪਿੰਡਾਂ ਦੀ ਭਾਈਚਾਰਕ ਸਾਂਝ ਨੂੰ ਸਭ ਤੋਂ ਵੱਧ ਨੁਕਸਾਨ ਪਹੁੰਚਾਇਆ ਹੈ। ਕਈ ਪਿੰਡਾਂ ਵਿਚ ਤਾਂ ਫੋਕੀ ਚੌਧਰ ਹਾਸਲ ਕਰਨ ਲਈ ਸਕੇ ਭਰਾ ਇੱਕ ਦੂਸਰ ਦੇ ਮੁਕਾਬਲੇ ਚੋਣ ਲੜ ਰਹੇ ਹਨ। ਪਿੰਡਾਂ ਵਿਚ ਪੱਕੇ ਧੜੇ ਬਣਨ ਕਾਰਨ ਲੜਾਈਆਂ ਝਗੜੇ ਵਧ ਗਏ ਹਨ। ਇਸ ਵਾਰ ਕਈ ਪਿੰਡਾਂ ਵਿਚ ਚੰਗੀ-ਭਲੀ ਸਰਬਸੰਮਤੀ ਹੋ ਰਹੀ ਸੀ ਪਰ ਭਾਨੀਮਾਰਾਂ ਨੇ ਸ਼ਰਾਬ ਮੀਟ ਦੇ ਲਾਲਚ ਵਿਚ ਨਹੀਂ ਹੋਣ ਦਿੱਤੀ। ਲੀਡਰ ਆਪੋ-ਆਪਣੀ ਪਾਰਟੀ ਦੇ ਉਮੀਦਵਾਰਾਂ ਨੂੰ ਕਰੋ ਜਾਂ ਮਰੋ ਲਈ ਉਤਸ਼ਾਹਿਤ ਕਰ ਰਹੇ ਹਨ। ਪਰ ਇਨ੍ਹਾਂ ਦਾ ਕੁਝ ਨਹੀਂ ਜਾਣਾ, ਭੁਗਤਣਾ ਆਮ ਲੋਕਾਂ ਨੂੰ ਪੈਣਾ ਹੈ। ਜੇ ਕਿਤੇ ਲੜਾਈ ਵਿਚ ਕੋਈ ਬੰਦਾ ਮਰ ਜਾਵੇ, ਤਾਂ ਦੋਵੇਂ ਧਿਰਾਂ ਬਰਬਾਦ ਹੋ ਜਾਂਦੀਆਂ ਹਨ। ਇੱਕ ਦਾ ਕਮਾਊ ਪੁੱਤ ਗਿਆ ਤੇ ਦੂਸਰਾ ਥਾਣਿਆਂ ਕਚਿਹਰੀਆਂ ਵਿਚ ਹੁੰਦੀ ਲੁੱਟ ਕਾਰਨ ਨੰਗ ਹੋ ਜਾਂਦਾ ਹੈ, ਜੇਲ੍ਹ ਦੀ ਸਜ਼ਾ ਜੋ ਮਿਲਦੀ ਹੈ ਉਹ ਅਲੱਗ। ਲੀਡਰ ਤਾਂ ਅਜਿਹੇ ਸਵਾਰਥੀ ਜੀਵ ਹਨ, ਜੋ ਮਰੇ ਵਰਕਰ ਦੇ ਭੋਗ 'ਤੇ ਵੀ ਨਹੀਂ ਜਾਂਦੇ।

ਪੰਚਾਇਤਾਂ ਲੋਕ ਰਾਜ ਦਾ ਮੁੱਢਲਾ ਥੰਮ੍ਹ ਹਨ ਤੇ ਇਨ੍ਹਾਂ ਵਿਚ ਹਿੱਸਾ ਜ਼ਰੂਰ ਲੈਣਾ ਚਾਹੀਦਾ ਹੈ। ਪਿੰਡ ਦੀ ਭਲਾਈ ਨੂੰ ਮੁੱਖ ਰੱਖ ਕੇ ਬਿਨਾਂ ਕਿਸੇ ਲੋਭ ਲਾਲਚ ਦੇ ਅਜਿਹੇ ਪੜ੍ਹੇ-ਲਿਖੇ ਤੇ ਸੂਝਵਾਨ ਉਮੀਦਵਾਰ ਨੂੰ ਵੋਟ ਪਾਉਣੀ ਚਾਹੀਦੀ ਹੈ, ਜੋ ਦਿਲੋਂ ਪਿੰਡ ਦਾ ਵਿਕਾਸ ਕਰਨਾ ਚਾਹੁੰਦਾ ਹੋਵੇ। ਹਜ਼ਾਰ ਦੋ ਹਜ਼ਾਰ ਦੀ ਸ਼ਰਾਬ ਪੀ ਕੇ ਜਾਂ ਵੋਟਾਂ ਦਾ ਮੁੱਲ ਲੈ ਕੇ ਬਾਅਦ ਵਿਚ ਆਪਾਂ ਕਿਵੇਂ ਕਹਿ ਸਕਦੇ ਹਾਂ ਪੰਚਾਇਤ ਵਿਕਾਸ ਨਹੀਂ ਕਰਦੀ? ਫਿਰ ਤਾਂ ਜਿਵੇਂ ਪਿਛਲੇ ਪੰਜ ਸਾਲ ਵਾਲੇ ਸਰਪੰਚ ਨੇ ਗੁੱਲ ਖਿਲਾਏ ਸਨ, ਉਸੇ ਤਰ੍ਹਾਂ ਅਗਲੇ ਪੰਜਾਂ ਸਾਲਾਂ ਵਾਲਾ ਖਿਲਾਵੇਗਾ। ਵੈਸੇ ਵੀ ਚੋਣ ਲੜਨ ਵਾਲੇ ਉਮੀਦਵਾਰ ਇਹ ਖਿਆਲ ਰੱਖਣ ਕੇ ਪਿਛਲੀਆਂ ਸਰਕਾਰਾਂ ਵਰਗੇ ਗਰਾਂਟਾਂ ਦੇ ਗੱਫੇ ਇਸ ਵਾਰ ਨਹੀਂ ਲੱਭਣੇ। ਕੇਂਦਰ ਨਾਲ ਖਟਪਟੀ ਹੋਣ ਕਾਰਨ ਫਿਲਹਾਲ ਇਸ ਸਰਕਾਰ ਦਾ ਹੱਥ ਪੈਸੇ ਵੱਲੋਂ ਤੰਗ ਹੀ ਹੈ।

# ਸੋਸ਼ਲ ਮੀਡੀਆ ਸਾਨੂੰ ਘੱਟ ਸੋਸ਼ਲ ਬਣਾ ਰਿਹਾ ਹੈ



-ਵਿਜੈ ਗਰਗ
ਰਿਟਾਇਰਡ ਪ੍ਰਿੰਸੀਪਲ
ਮਲੋਟ (ਪੰਜਾਬ)
ਪੰਜਾਬ ਮੇਲUSA



ਜਦੋਂਕਿ ਸੋਸ਼ਲ ਮੀਡੀਆ ਸਾਡੇ ਸਮਾਜ ਨੂੰ ਇੱਕ ਦੂਜੇ ਨਾਲ ਅਸਲ ਵਿਚ ਗੱਲਬਾਤ ਕਰਨ ਦੀ ਇਜਾਜ਼ਤ ਦਿੰਦਾ ਹੈ, ਇਹ ਵਿਚਾਰ ਕਿ ਸੋਸ਼ਲ ਮੀਡੀਆ ਸਾਨੂੰ 'ਸਮਾਜਿਕ' ਬਣਾਉਂਦਾ ਹੈ, ਜਿਵੇਂ ਕਿ ਇਹ ਬਿਲਕੁਲ ਉਲਟ ਹੈ। ਸਮਾਜ-ਵਿਰੋਧੀ ਲਹਿਰ ਜੋ ਇਸ ਪੀੜ੍ਹੀ ਨੂੰ ਮਾਰਦੀ ਹੈ, ਉਹ ਵਿਅਕਤੀਗਤ ਤੌਰ 'ਤੇ ਗੱਲਬਾਤ ਕਰਨ ਵਾਲੇ ਲੋਕਾਂ ਵਿਚ ਤਿੱਖੀ ਗਿਰਾਵਟ ਕਾਰਨ ਹੈ। ਆਭਾਸੀ ਸੰਸਾਰ ਵਿਚ ਸੰਚਾਰ ਕਰਨਾ ਹੌਲੀ-ਹੌਲੀ ਆਹਮੋ-ਸਾਹਮਣੇ ਗੱਲਬਾਤ ਦੀ ਥਾਂ ਲੈ ਗਿਆ। ਕਿਸੇ ਨੂੰ ਕਾਲ ਕਰਨ ਜਾਂ ਵਿਅਕਤੀਗਤ ਤੌਰ 'ਤੇ ਮਿਲਣ ਲਈ ਸਮਾਂ ਲੱਭਣ ਦੀ ਬਜਾਏ, ਕਿਸੇ ਨੂੰ ਟੈਕਸਟ ਭੇਜਣਾ ਵਧੇਰੇ ਸੁਵਿਧਾਜਨਕ ਜਾਪਦਾ ਹੈ। ਡਿਜ਼ੀਟਲ ਸੰਚਾਰ ਦੀ ਸਮੱਸਿਆ ਸਿਰਫ਼ ਸਕ੍ਰੀਨ 'ਤੇ ਭੇਜੇ ਗਏ ਸ਼ਬਦਾਂ ਨੂੰ ਪੜ੍ਹਨਾ ਨਹੀਂ ਹੈ। ਪਰਸਪਰ ਪ੍ਰਭਾਵ ਦਾ ਇੱਕ ਵੱਡਾ ਹਿੱਸਾ ਗੈਰ-ਮੌਖਿਕ ਸੁਰਾਗ ਅਤੇ ਸਰੀਰ ਦੀ ਭਾਸ਼ਾ ਵਿਚ ਜੋ ਨਹੀਂ ਕਿਹਾ ਗਿਆ ਹੈ, ਉਸ ਤੋਂ ਆਉਂਦਾ ਹੈ। ਇਨ੍ਹਾਂ ਵਿਚ ਗੱਲਬਾਤ ਦੌਰਾਨ ਹੱਥਾਂ ਦੇ ਇਸ਼ਾਰੇ, ਚਿਹਰੇ ਬਣਾਏ ਜਾਂ ਮੁਦਰਾ ਸ਼ਾਮਲ ਹਨ। ਇੱਕ-ਦੂਜੇ ਨੂੰ ਦੇਖਣ ਦੇ ਯੋਗ ਹੋਣ ਤੋਂ ਬਿਨਾਂ, ਅਸੀਂ ਪੂਰੀ ਹੱਦ ਤੱਕ ਨਹੀਂ ਜਾਣਦੇ ਕਿ ਕੋਈ ਕੀ ਕਹਿਣ ਦੀ ਕੋਸ਼ਿਸ਼ ਕਰ ਰਿਹਾ ਹੈ। ਜਦੋਂ ਤੁਸੀਂ ਸਰੀਰ ਦੀ ਭਾਸ਼ਾ, ਟੋਨ ਅਤੇ ਗੈਰ-ਮੌਖਿਕ ਸੰਕੇਤ ਗੁਆ ਦਿੰਦੇ ਹੋ, ਤਾਂ ਗਲਤਫਹਿਮੀਆਂ ਅਤੇ ਟਕਰਾਅ ਹੋਣ ਦਾ ਜ਼ਿਆਦਾ ਖ਼ਤਰਾ ਹੁੰਦਾ ਹੈ। ਓਵਰਟਾਈਮ, ਅਸੀਂ ਇਨ੍ਹਾਂ ਸੰਚਾਰ ਪੈਟਰਨਾਂ ਜਾਂ ਉਨ੍ਹਾਂ ਦੇ ਮੂਲ ਦਾ ਪਤਾ ਲਗਾਉਣ ਦੀ ਆਪਣੀ ਯੋਗਤਾ ਗੁਆ ਦਿੰਦੇ ਹਾਂ। ਇੱਕ ਪਰਸਪਰ ਪ੍ਰਭਾਵ ਦੇ ਇੱਕ ਅੰਸ਼ ਨੂੰ ਸਮਝਣ ਨਾਲ, ਸੋਸ਼ਲ ਮੀਡੀਆ ਸਾਨੂੰ ਵੱਧ ਤੋਂ ਵੱਧ ਸਮਾਜਿਕ ਬਣਾਉਂਦਾ ਹੈ। ਇਸ ਤੋਂ ਇਲਾਵਾ, ਸੋਸ਼ਲ ਮੀਡੀਆ 'ਤੇ ਅਸਲ ਅਤੇ ਪੂਰੀ ਗੱਲਬਾਤ ਦੀ ਘਾਟ ਨੇ ਇਕੱਲੇਪਣ ਨੂੰ ਕਾਫ਼ੀ ਵਧਾ ਦਿੱਤਾ ਹੈ। ਹਾਲਾਂਕਿ ਅਸੀਂ ਦਿਨ ਦੇ ਕਿਸੇ ਵੀ ਸਮੇਂ ਸੋਸ਼ਲ ਮੀਡੀਆ ਰਾਹੀਂ ਤਕਨੀਕੀ ਤੌਰ 'ਤੇ ਦੂਜਿਆਂ ਨਾਲ ਗੱਲਬਾਤ ਕਰ ਸਕਦੇ ਹਾਂ, ਇਹ ਉਸ ਭਾਵਨਾਤਮਕ ਸੰਤੁਸ਼ਟੀ ਨੂੰ ਨਹੀਂ ਬਦਲਦਾ ਹੈ, ਜੋ ਵਿਅਕਤੀਗਤ ਤੌਰ 'ਤੇ ਗੱਲਬਾਤ ਕਰਦੇ ਹਨ। ਇਹ ਪਾਇਆ ਗਿਆ ਕਿ ਜੋ ਲੋਕ ਸੋਸ਼ਲ ਮੀਡੀਆ 'ਤੇ ਸਮਾਂ ਬਿਤਾਉਂਦੇ ਹਨ, ਉਹ ਆਪਣੇ ਸਾਥੀਆਂ ਤੋਂ ਸਮਾਜਿਕ ਤੌਰ 'ਤੇ ਅਲੱਗ-ਥਲੱਗ ਮਹਿਸੂਸ ਕਰਨ ਦੀ ਸੰਭਾਵਨਾ ਨੂੰ ਦੁੱਗਣਾ ਕਰਦੇ ਹਨ। ਇਹ ਅਲੱਗ-ਥਲੱਗ ਲੋਕਾਂ ਨੂੰ ਦੋਸਤ ਬਣਾਉਣ ਲਈ ਸੋਸ਼ਲ ਮੀਡੀਆ 'ਤੇ ਵਾਪਸ ਧੱਕਦਾ ਹੈ ਕਿਉਂਕਿ ਇਸ ਵਿਚ ਆਹਮੋ-ਸਾਹਮਣੇ ਗੱਲਬਾਤ ਦੀ ਅਣਜਾਣਤਾ ਸ਼ਾਮਲ ਨਹੀਂ ਹੁੰਦੀ ਹੈ। ਇਹ ਇਕੱਲਤਾ ਦਾ ਇੱਕ ਦੁਸ਼ਟ ਚੱਕਰ ਹੈ। ਇਕੱਲਾਪਣ ਮਾਨਸਿਕ ਤੌਰ 'ਤੇ ਨਿਕਾਸ ਕਰ ਰਿਹਾ ਹੈ, ਚਿੰਤਾ ਅਤੇ ਉਦਾਸੀ ਵਰਗੀਆਂ ਮਾਨਸਿਕ ਸਿਹਤ ਬਿਮਾਰੀਆਂ ਵਿਚ ਯੋਗਦਾਨ ਪਾਉਂਦਾ ਹੈ। ਪਰ, ਇਕੱਲਤਾ ਗੰਭੀਰ ਸਰੀਰਕ ਪ੍ਰਭਾਵਾਂ ਦਾ ਕਾਰਨ ਵੀ ਬਣ ਸਕਦੀ ਹੈ। ਇਨ੍ਹਾਂ ਵਿਚ ਦਿਲ ਦੀ ਬਿਮਾਰੀ, ਹਾਈ ਬਲੱਡ ਪ੍ਰੈਸ਼ਰ ਅਤੇ ਕਮਜ਼ੋਰ ਇਮਿਊਨ ਸਿਸਟਮ ਸ਼ਾਮਲ ਹਨ। ਸੋਸ਼ਲ ਮੀਡੀਆ ਤੋਂ ਪੈਦਾ ਹੋਣ ਵਾਲੀਆਂ ਇਹ ਸਰੀਰਕ ਅਤੇ ਮਾਨਸਿਕ ਸਮੱਸਿਆਵਾਂ ਇਸ ਪੀੜ੍ਹੀ ਨੂੰ ਇੱਕ ਦੂਜੇ ਨਾਲ ਬਹੁਤ ਘੱਟ ਸਮਾਜਿਕ ਬਣਾਉਂਦੀਆਂ ਹਨ ਕਿਉਂਕਿ ਉਹ ਇਨ੍ਹਾਂ ਨੁਕਸਾਨਦੇਹ ਨਤੀਜਿਆਂ ਦਾ ਸਾਹਮਣਾ ਕਰਦੀਆਂ ਹਨ। ਸੋਸ਼ਲ ਮੀਡੀਆ ਇਹ ਧਾਰਨਾ ਬਣਾਉਂਦਾ ਹੈ ਕਿ ਸਾਡੇ ਕੋਲ ਇਹ ਅਰਥਪੂਰਨ ਕਨੈਕਸ਼ਨ ਹਨ, ਜਦੋਂ ਸਾਨੂੰ ਸਾਡੀਆਂ ਪੋਸਟਾਂ ਨੂੰ ਪਸੰਦ ਅਤੇ ਟਿੱਪਣੀ ਕਰਨ ਵਾਲੇ ਅਨੁਯਾਈ ਮਿਲਦੇ ਹਨ, ਪਰ ਇਹ ਕਿਸੇ ਨਾਲ ਸੱਚਾ ਰਿਸ਼ਤਾ ਹੋਣ ਵਰਗਾ ਨਹੀਂ ਹੈ। ਬਹੁਤ ਸਾਰੇ ਲੋਕ ਸੋਸ਼ਲ ਮੀਡੀਆ 'ਤੇ ਆਪਣੇ ਸਮਰਥਕਾਂ ਦੇ ਵੱਡੇ ਭਾਈਚਾਰੇ ਬਾਰੇ ਸ਼ੇਖ਼ੀ ਮਾਰਦੇ ਹਨ, ਜਿਨ੍ਹਾਂ ਦਾ ਨਿਰਵਿਘਨ ਧਿਆਨ ਪੈਦਾ ਹੁੰਦਾ ਹੈ। ਦਿਨ ਦੇ ਅੰਤ ਵਿਚ, ਹਾਲਾਂਕਿ ਇਨ੍ਹਾਂ ਵਿਚੋਂ ਬਹੁਤ ਸਾਰੇ ਲੋਕ ਉਨ੍ਹਾਂ ਦੀ ਨਿੱਜੀ ਜ਼ਿੰਦਗੀ ਵਿਚ ਉਨ੍ਹਾਂ ਦੀ ਪ੍ਰਸ਼ੰਸਾ ਕਰਨ ਵਾਲੇ ਲੋਕਾਂ ਦੇ ਬਰਾਬਰ ਨਹੀਂ ਹੁੰਦੇ ਹਨ। ਸਿਰਫ਼ ਇਸ ਲਈ ਕਿ ਕੋਈ ਤੁਹਾਡੇ ਦੁਆਰਾ ਪੋਸਟ ਕੀਤੀ ਗਈ ਹਰ ਤਸਵੀਰ 'ਤੇ ਟਿੱਪਣੀ ਕਰੇਗਾ, ਇਸਦਾ ਮਤਲਬ ਇਹ ਨਹੀਂ ਹੈ ਕਿ ਤੁਸੀਂ ਉਨ੍ਹਾਂ ਨਾਲ ਗੱਲ ਕਰੋ ਜਾਂ ਉਨ੍ਹਾਂ ਨਾਲ ਬਿਲਕੁਲ ਵੀ ਸੱਚਾ ਸਬੰਧ ਰੱਖੋ। ਇਸ ਦਾ ਸਮਰਥਨ ਅਧਿਐਨਾਂ ਦੁਆਰਾ ਕੀਤਾ ਗਿਆ ਹੈ, ਜੋ ਦਿਖਾਉਂਦੇ ਹਨ ਕਿ ਜੋ ਲੋਕ ਸੋਸ਼ਲ ਮੀਡੀਆ 'ਤੇ ਜ਼ਿਆਦਾ ਸਮਾਂ ਬਿਤਾਉਂਦੇ ਹਨ, ਉਨ੍ਹਾਂ ਦੇ ਜੀਵਨ ਵਿਚ ਬਹੁਤ ਸਾਰੇ ਨਜ਼ਦੀਕੀ ਰਿਸ਼ਤੇ ਨਹੀਂ ਹੁੰਦੇ ਹਨ ਅਤੇ ਉਨ੍ਹਾਂ ਦੇ ਸਮਾਜਿਕ ਸਮਰਥਨ ਦੇ ਹੇਠਲੇ ਪੱਧਰ ਵੀ ਹੁੰਦੇ ਹਨ। ਸੋਸ਼ਲ ਮੀਡੀਆ ਅਜੇ ਵੀ ਆਪਣੇ ਉਪਭੋਗਤਾਵਾਂ ਲਈ ਅਣਗਿਣਤ ਲਾਭ ਲਿਆਉਂਦਾ ਹੈ, ਅਤੇ ਇਸ ਨੂੰ ਛੋਟ ਨਹੀਂ ਦਿੱਤੀ ਜਾਣੀ ਚਾਹੀਦੀ। ਦੁਨੀਆਂ ਭਰ ਦੇ ਲੋਕ ਹੁਣ ਇੱਕ ਦੂਜੇ ਨਾਲ ਗੱਲਬਾਤ ਕਰਨ ਦੇ ਯੋਗ ਹੋ ਗਏ ਹਨ, ਜੋ ਲੰਬੀ ਦੂਰੀ ਦੇ ਸਬੰਧਾਂ ਅਤੇ ਦੋਸਤੀਆਂ ਨੂੰ ਜ਼ਿੰਦਾ ਰੱਖਣ ਵਿਚ ਮਦਦ ਕਰ ਸਕਦਾ ਹੈ। ਸੋਸ਼ਲ ਮੀਡੀਆ ਆਪਣੇ ਉਪਭੋਗਤਾਵਾਂ ਨੂੰ ਕਈ ਕਾਰਨਾਂ ਲਈ ਬੋਲਣ ਲਈ ਇੱਕ ਪਲੇਟਫਾਰਮ ਵੀ ਦਿੰਦਾ ਹੈ, ਅਣਗਿਣਤ ਮੁੱਦਿਆਂ ਪ੍ਰਤੀ ਜਾਗਰੂਕਤਾ ਲਿਆਉਂਦਾ ਹੈ। ਹਾਲਾਂਕਿ, ਔਨਲਾਈਨ ਸੰਸਾਰ ਤੋਂ ਬਾਹਰ ਸਮਾਜਿਕ ਹੁਨਰ ਵਿਵਹਾਰਿਕ ਤੌਰ 'ਤੇ ਮੌਜੂਦ ਨਹੀਂ ਹਨ, ਜੋ ਕਿ ਸਮਾਜਿਕ ਖੇਤਰ ਵਿਚ ਇੱਕ ਵੱਡਾ ਨੁਕਸਾਨ ਬਣਿਆ ਹੋਇਆ ਹੈ। ਸਮੁੱਚੇ ਤੌਰ 'ਤੇ, ਸਮਾਜਿਕ ਪਰਸਪਰ ਪ੍ਰਭਾਵ ਦੀ ਸਾਡੀ ਲੋੜ ਜਾਪਦੀ ਹੈ ਸੋਸ਼ਲ ਮੀਡੀਆ ਦੁਆਰਾ ਭਰੀ ਗਈ ਹੈ, ਪਰ ਅਸਲੀਅਤ ਬਹੁਤ ਜ਼ਿਆਦਾ ਗੁੰਝਲਦਾਰ ਹੈ। ਸੋਸ਼ਲ ਮੀਡੀਆ ਨੇ ਆਹਮੋ-ਸਾਹਮਣੇ ਗੱਲਬਾਤ, ਇਮਾਨਦਾਰ ਸੰਵਾਦਾਂ ਅਤੇ ਅਰਥਪੂਰਨ ਸਬੰਧਾਂ ਦੀ ਲੋੜ ਨੂੰ ਸੀਮਤ ਕਰਕੇ ਲੋਕਾਂ ਨੂੰ ਘੱਟ ਸਮਾਜਿਕ ਬਣਾ ਦਿੱਤਾ ਹੈ। ਜਦੋਂ ਕਿ ਅਸੀਂ ਸੋਸ਼ਲ ਮੀਡੀਆ ਨੂੰ ਨਹੀਂ ਬਦਲ ਸਕਦੇ, ਅਸੀਂ ਇਨ੍ਹਾਂ ਕਮੀਆਂ ਨੂੰ ਸਵੀਕਾਰ ਕਰ ਸਕਦੇ ਹਾਂ ਅਤੇ ਸੋਸ਼ਲ ਮੀਡੀਆ ਤੋਂ ਬਿਨਾਂ ਅਰਥਪੂਰਨ ਰਿਸ਼ਤੇ ਬਣਾਉਣ ਅਤੇ ਬਣਾਈ ਰੱਖਣ ਲਈ ਕੰਮ ਕਰ ਸਕਦੇ ਹਾਂ।

# ਡਾ. ਹਰਕੇਸ਼ ਸਿੰਘ ਸਿੱਧੂ ਦੀ ਜੀਵਨੀ 'ਸਰਪੰਚ ਤੋਂ ਡੀ.ਸੀ. ਤੱਕ' ਨੌਜਵਾਨਾਂ ਲਈ ਪ੍ਰੇਰਨਾਸ੍ਰੋਤ


*ਹਰਕੇਸ਼ ਸਿੰਘ ਸਿੱਧੂ ਦਾ ਸਿਧਾਂਤ ਆਪਣੀ ਜ਼ਿੰਦਗੀ ਨੂੰ ਆਪਣੀਆਂ ਸ਼ਰਤਾਂ 'ਤੇ ਜਿਊਣਾ ਵੱਡੀ ਗੱਲ ਹੈ। ਆਮ ਤੌਰ 'ਤੇ ਸਰਕਾਰੀ ਮੁਲਾਜ਼ਮ ਅਜਿਹਾ ਨਹੀਂ ਕਰਦੇ, ਸਗੋਂ ਭ੍ਰਿਸ਼ਟਾਚਾਰੀ ਅਧਿਕਾਰੀਆਂ ਦੇ ਥੱਲੇ ਲੱਗਕੇ ਆਪ ਵੀ ਭ੍ਰਿਸ਼ਟਾਚਾਰ ਕਰਨ ਲੱਗ ਜਾਂਦੇ ਹਨ। ਹਰਕੇਸ਼ ਸਿੰਘ ਸਿੱਧੂ ਦੀ ਜਵੀਨੀ ਦੀ ਸਭ ਤੋਂ ਵੱਡੀ ਪ੍ਰੇਰਨਾ ਇਹੋ ਮਿਲਦੀ ਹੈ ਕਿ ਜੇਕਰ ਅਸੀਂ ਸਮਾਜਿਕ ਤੇ ਪ੍ਰਸ਼ਾਸਕੀ ਪ੍ਰਣਾਲੀ ਵਿਚ ਬਦਲਾਓ ਲਿਆਉਣਾ ਚਾਹੁੰਦੇ ਹਾਂ, ਤਾਂ ਸਾਨੂੰ ਹੱਕ ਤੇ ਸੱਚ 'ਤੇ ਪਹਿਰਾ ਦੇ ਕੇ ਭ੍ਰਿਸ਼ਟਾਚਾਰ ਖ਼ਤਮ ਕਰਨ ਲਈ ਵਚਨਬੱਧ ਹੋਣਾ ਪਵੇਗਾ।*

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA



ਪੰਜਾਬੀ ਵਿਚ ਜੀਵਨੀ ਸਾਹਿਤ ਵੱਡੀ ਮਾਤਰਾ ਵਿਚ ਲਿਖਿਆ ਜਾ ਰਿਹਾ ਹੈ। ਇਨ੍ਹਾਂ ਵਿਚੋਂ ਬਹੁਤੀਆਂ ਜੀਵਨੀਆਂ ਪੰਜਾਬੀ ਦੇ ਸਾਹਿਤਕਾਰਾਂ ਦੀਆਂ ਹਨ। ਹਰ ਵਿਅਕਤੀ ਇਹ ਸੋਚਦਾ ਹੈ ਕਿ ਉਸ ਨੇ ਆਪਣੀ ਜ਼ਿੰਦਗੀ ਵਿਚ ਵੱਡੇ ਮਾਅਰਕੇ ਮਾਰੇ ਹਨ। ਉਨ੍ਹਾਂ ਜ਼ਰੂਰ ਵੱਡੇ ਮਾਅਰਕੇ ਮਾਰੇ ਹੋਣਗੇ ਪ੍ਰੰਤੂ ਵੇਖਣ ਵਾਲੀ ਗੱਲ ਇਹ ਹੁੰਦੀ ਹੈ ਕਿ ਉਨ੍ਹਾਂ ਦੀ ਜੀਵਨੀ ਤੋਂ ਸਮਾਜ ਨੂੰ ਕੋਈ ਪ੍ਰੇਰਨਾ ਵੀ ਮਿਲਦੀ ਹੈ, ਜਿਸ ਨਾਲ ਆਉਣ ਵਾਲੀ ਪੀੜ੍ਹੀ ਕੁਝ ਸਾਰਥਿਕ ਗ੍ਰਹਿਣ ਕਰ ਸਕੇ। ਮੈਂ ਬਹੁਤ ਸਾਰੀਆਂ ਜੀਵਨੀਆਂ ਪੜ੍ਹਦਾ ਹਾਂ, ਤਾਂ ਜੋ ਕੋਈ ਚੰਗੀ ਗੱਲ ਪੱਲੇ ਪੈ ਸਕੇ। ਹੁਣੇ ਜਿਹੇ ਇੱਕ ਵੱਡ ਆਕਾਰੀ ਜੀਵਨੀ ਸਾਹਿਤਕ ਮਾਰਕੀਟ ਵਿਚ ਆਈ ਹੈ। ਇਹ ਜੀਵਨੀ ਡਾ. ਹਰਕੇਸ਼ ਸਿੰਘ ਸਿੱਧੂ ਸਾਬਕਾ ਆਈ.ਏ.ਐੱਸ. ਅਧਿਕਾਰੀ ਦੀ 'ਸਰਪੰਚ ਤੋਂ ਡੀ.ਸੀ. ਤੱਕ' ਨੂੰ ਪੜ੍ਹਨ ਦਾ ਇਤਫ਼ਾਕ ਹੋਇਆ। ਹਰ ਪਾਠਕ ਇਤਨੀ ਵੱਡੀ ਪੁਸਤਕ ਨੂੰ ਪੜ੍ਹਨ ਤੋਂ ਪਹਿਲਾਂ ਹਿਚਕਚਾਹਟ ਮਹਿਸੂਸ ਕਰੇਗਾ ਕਿਉਂਕਿ ਕਿਹਾ ਜਾਂਦਾ ਹੈ ਕਿ ਇੰਟਰਨੈਟ ਦੇ ਜ਼ਮਾਨੇ ਵਿਚ ਲੋਕਾਂ ਦੀ ਪੜ੍ਹਨ ਦੀ ਰੁਚੀ ਘਟਦੀ ਜਾ ਰਹੀ ਹੈ ਪ੍ਰੰਤੂ ਮੈਨੂੰ 115 ਚੈਪਟਰਾਂ ਵਾਲੀ ਇਸ ਜੀਵਨੀ ਨੂੰ ਪੜ੍ਹਦਿਆਂ ਸਗੋਂ ਉਤਸੁਕਤਾ ਵੱਧਦੀ ਰਹੀ, ਹਰ ਚੈਪਟਰ ਇੱਕ ਦੂਜੇ ਨਾਲੋਂ ਵਧੇਰੇ ਦਿਲਚਸਪ ਲੱਗਿਆ। ਹਰ ਚੈਪਟਰ ਤੋਂ ਪਹਿਲਾਂ ਹਰਕੇਸ਼ ਸਿੰਘ ਸਿੱਧੂ ਨੇ ਇੱਕ ਸ਼ਿਅਰ ਕਈ ਥਾਂ 'ਤੇ ਚੈਪਟਰ ਦੇ ਅਖ਼ੀਰ ਵਿਚ ਵੀ ਦਿੱਤਾ ਹੈ, ਉਹ ਸ਼ਿਅਰ ਉਸ ਚੈਪਟਰ ਦਾ ਸਾਰੰਸ਼ ਹੁੰਦੇ ਹਨ। ਇਹ ਸ਼ਿਅਰ ਵਰਤਮਾਨ ਪ੍ਰਣਾਲੀ ਦਾ ਪਰਦਾਫਾਸ਼ ਕਰਦੇ ਹਨ। ਹਰਕੇਸ਼ ਸਿੰਘ ਸਿੱਧੂ ਸਾਹਿਬ ਨੂੰ ਇਨ੍ਹਾਂ ਸ਼ਿਅਰਾਂ ਦੀ ਇੱਕ ਵੱਖਰੀ ਪੁਸਤਕ ਪ੍ਰਕਾਸ਼ਤ ਕਰਵਾਉਣੀ ਚਾਹੀਦੀ ਹੈ। ਇਹ ਪੁਸਤਕ ਜੀਵਨੀ ਨਾਲੋਂ ਜੀਵਨ ਜਾਚ ਵਧੇਰੇ ਲੱਗਦੀ ਹੈ ਪ੍ਰੰਤੂ ਕੁਝ ਚੈਪਟਰ ਅਜਿਹੇ ਹਨ, ਜਿਨ੍ਹਾਂ ਨੂੰ ਪੜ੍ਹਦਿਆਂ ਸਫ਼ਰਨਾਮਾ ਲੱਗਦਾ ਹੈ। ਲਗਪਗ ਹਰ ਚੈਪਟਰ ਵਿਚੋਂ ਪਾਠਕਾਂ ਨੂੰ ਪ੍ਰੇਰਨਾ ਮਿਲਦੀ ਹੈ। ਹਰਕੇਸ਼ ਸਿੰਘ ਸਿੱਧੂ ਦਾ ਸਿਧਾਂਤ ਆਪਣੀ ਜ਼ਿੰਦਗੀ ਨੂੰ ਆਪਣੀਆਂ ਸ਼ਰਤਾਂ 'ਤੇ ਜਿਊਣਾ ਵੱਡੀ ਗੱਲ ਹੈ। ਆਮ ਤੌਰ 'ਤੇ ਸਰਕਾਰੀ ਮੁਲਾਜ਼ਮ ਅਜਿਹਾ ਨਹੀਂ ਕਰਦੇ, ਸਗੋਂ ਭ੍ਰਿਸ਼ਟਾਚਾਰੀ ਅਧਿਕਾਰੀਆਂ ਦੇ ਥੱਲੇ ਲੱਗਕੇ ਆਪ ਵੀ ਭ੍ਰਿਸ਼ਟਾਚਾਰ ਕਰਨ ਲੱਗ ਜਾਂਦੇ ਹਨ। ਹਰਕੇਸ਼ ਸਿੰਘ ਸਿੱਧੂ ਦੀ ਜਵੀਨੀ ਦੀ ਸਭ ਤੋਂ ਵੱਡੀ ਪ੍ਰੇਰਨਾ ਇਹੋ ਮਿਲਦੀ ਹੈ ਕਿ ਜੇਕਰ ਅਸੀਂ ਸਮਾਜਿਕ ਤੇ ਪ੍ਰਸ਼ਾਸਕੀ ਪ੍ਰਣਾਲੀ ਵਿਚ ਬਦਲਾਓ ਲਿਆਉਣਾ ਚਾਹੁੰਦੇ ਹਾਂ, ਤਾਂ ਸਾਨੂੰ ਹੱਕ ਤੇ ਸੱਚ 'ਤੇ ਪਹਿਰਾ ਦੇ ਕੇ ਭ੍ਰਿਸ਼ਟਾਚਾਰ ਖ਼ਤਮ ਕਰਨ ਲਈ ਵਚਨਬੱਧ ਹੋਣਾ ਪਵੇਗਾ। ਇਨਸਾਫ ਪਸੰਦ ਬਣਨਾ ਪਵੇਗਾ। ਜਦੋਂ ਤੁਸੀਂ ਇਨਸਾਫ ਦੇ ਸਿਧਾਂਤ 'ਤੇ ਪਹਿਰਾ ਦੇਵੋਗੇ, ਤਾਂ ਭ੍ਰਿਸ਼ਟਾਚਾਰ ਆਪਣੇ ਆਪ ਖ਼ਤਮ ਹੋ ਜਾਵੇਗਾ। ਜੀਵਨੀਕਾਰ ਨੇ ਪ੍ਰਸ਼ਾਸਨਿਕ ਪ੍ਰਣਾਲੀ ਦਾ ਕੋਈ ਅਜਿਹਾ ਪੱਖ ਨਹੀਂ ਛੱਡਿਆ, ਜਿਸ ਦਾ ਪਰਦਾਫਾਸ਼ ਨਾ ਕੀਤਾ ਹੋਵੇ। ਇਹ ਸਵੈ-ਜੀਵਨੀ ਨੌਜਵਾਨਾਂ ਲਈ ਬਹੁਤ ਹੀ ਲਾਭਦਾਇਕ ਸਾਬਤ ਹੋਵੇਗੀ। ਸਰਪੰਚ ਤੋਂ ਡੀ.ਸੀ. ਤੱਕ ਪਹੁੰਚਣਾ ਬੜਾ ਔਖਾ, ਅਜੀਬ ਤੇ ਕਾਲਪਨਿਕ ਜਿਹਾ ਲੱਗਦਾ ਹੈ, ਜਿਵੇਂ ਸਾਹਿਤਕਾਰ ਦਿਲਚਸਪੀ ਪੈਦਾ ਕਰਨ ਲਈ ਆਪਣੀਆਂ ਰਚਨਾਵਾਂ ਵਿਚ ਕਾਲਪਨਿਕ ਗੱਲਾਂ ਸ਼ਾਮਲ ਕਰ ਦਿੰਦੇ ਹਨ ਪ੍ਰੰਤੂ ਇਹ ਜੀਵਨੀ ਇੱਕ ਸੱਚਾਈ ਤੇ ਨਿੱਜੀ ਤਜ਼ਰਬੇ 'ਤੇ ਆਧਾਰਿਤ ਹੈ। ਇਹ ਜੀਵਨੀ ਪੜ੍ਹਕੇ ਇਹ ਵੀ ਪਤਾ ਲੱਗਦਾ ਹੈ ਕਿ ਇਮਾਨਦਾਰ ਵਿਅਕਤੀਆਂ ਦੇ ਦੁਸ਼ਮਣ ਵੀ ਬਹੁਤ ਬਣਦੇ ਹਨ ਪ੍ਰੰਤੂ ਜੇਕਰ ਇਨ੍ਹਾਂ ਦੁਸ਼ਮਣਾਂ ਦੇ ਡਰ ਕਰਕੇ ਵਿਅਕਤੀ ਥਿੜ੍ਹਕ ਜਾਵੇ, ਤਾਂ ਉਹ ਭ੍ਰਿਸ਼ਟਾਚਾਰੀਆਂ ਦਾ ਮਦਦਗਾਰ ਬਣ ਜਾਂਦਾ ਹੈ। ਹਰਕੇਸ਼ ਸਿੰਘ ਸਿੱਧੂ ਥਿੜ੍ਹਕਿਆ ਨਹੀਂ, ਸਗੋਂ ਹੋਰ ਜੋਸ਼ ਤੇ ਹੋਸ਼ ਨਾਲ ਇਮਾਨਦਾਰੀ ਦੀ ਪਹਿਰੇਦਾਰੀ ਕਰਦਾ ਰਿਹਾ ਹੈ।

ਹਰਕੇਸ਼ ਸਿੰਘ ਸਿੱਧੂ ਸੋਨੇ ਦੇ ਚਮਚੇ ਦੀ ਗੁੜ੍ਹਤੀ ਲੈ ਕੇ ਜੰਮਿਆਂ ਨਹੀਂ, ਸਗੋਂ ਪਛੜੇ ਇਲਾਕੇ ਦੇ ਸਾਧਾਰਨ ਦਿਹਾਤੀ ਜੱਟ/ਕਿਸਾਨ ਪਰਿਵਾਰ ਵਿਚ ਜਨਮਿਆਂ ਉਹ ਦੁੱਖਾਂ ਤਕਲੀਫ਼ਾਂ ਦਾ ਮੁਕਾਬਲਾ ਤੇ ਤਲਖ ਹਕੀਕਤਾਂ ਦਾ ਸਾਹਮਣਾ ਕਰਦਿਆਂ, ਪਿੰਡਾਂ ਵਿਚ ਵਿਦਿਅਕ ਸਹੂਲਤਾਂ ਦੀ ਅਣਹੋਂਦ ਦੇ ਬਾਵਜੂਦ ਲੈਂਡ ਮਾਰਗੇਜ ਬੈਂਕ ਦਾ ਕਲਰਕ, ਮਾਲਵਾ ਮਿਲਕ ਯੂਨੀਅਨ ਸੰਗਰੂਰ ਦਾ ਡਾਇਰੈਕਟਰ, ਸਰਕਾਰੀ ਵਕੀਲ, ਸੁਨਾਮ ਬਾਰ ਐਸੋਸੀਏਸ਼ਨ ਦਾ ਪ੍ਰਧਾਨ, ਲਾਅ ਕਾਲਜ ਦੀ ਵਿਦਿਆਰਥੀ ਯੂਨੀਅਨ ਦਾ ਪ੍ਰਧਾਨ, ਸਰਪੰਚ, ਪੀ.ਸੀ.ਐੱਸ., ਆਈ.ਏ.ਐੱਸ. ਬਣਨਾ ਤੇ ਫਿਰ ਇੱਕ ਨਹੀਂ, ਤਿੰਨ-ਤਿੰਨ ਜ਼ਿਲ੍ਹਿਆਂ ਦਾ ਡਿਪਟੀ ਕਮਿਸ਼ਨਰ ਬਣਕੇ ਆਪਣੇ ਆਪ ਵਿਚ ਨੌਜਵਾਨਾਂ ਲਈ ਪ੍ਰੇਰਨਾਸ੍ਰੋਤ ਹੈ। ਇਸ ਤੋਂ ਅਣਖ਼ ਨਾਲ ਜੀਵਨ ਬਤੀਤ ਕਰਨ ਦਾ ਹੌਂਸਲਾ ਵੀ ਮਿਲਦਾ ਹੈ। ਬਚਪਨ ਵਿਚ 2 ਸਾਲ ਦੀ ਉਮਰ ਵਿਚ ਹੀ ਉਸ ਦੇ ਸਿਰ ਤੋਂ ਪਿਤਾ ਦਾ ਸਾਇਆ ਉਠ ਗਿਆ, ਆਪਣਿਆਂ ਨੇ ਹੀ ਪਰਿਵਾਰਿਕ ਜਾਇਦਾਦ ਹੜੱਪ ਕਰ ਲਈ ਤੇ ਫਿਰ ਨਾਨਕੇ ਘਰ ਰਹਿਕੇ ਆਪਣੇ ਨਾਨੇ ਦੀ ਰਹਿਨੁਮਾਈ ਹੇਠ ਪੜ੍ਹਾਈ ਕੀਤੀ। ਉਸਦਾ ਨਾਨਾ ਧਾਰਮਿਕ ਖ਼ਿਆਲਾਂ ਦਾ ਵਿਅਕਤੀ ਸੀ, ਜਿਸਦੀ ਇਮਾਨਦਾਰੀ ਦੀ ਪ੍ਰਵਿਰਤੀ ਨੇ ਹਰਕੇਸ਼ ਸਿੰਘ ਸਿੱਧੂ ਦੇ ਜੀਵਨ ਨੂੰ ਹੱਕ, ਸੱਚ ਤੇ ਇਮਾਨਦਾਰੀ 'ਤੇ ਪਹਿਰਾ ਦੇਣ ਦਾ ਰਾਹ ਵਿਖਾਇਆ। ਪਿੰਡ ਦੇ ਲੋਕਾਂ ਦੀਆਂ ਚੁੱਭਵੀਆਂ ਟਕੋਰਾਂ ਵੀ ਬਰਦਾਸ਼ਤ ਕੀਤੀਆਂ, ਜਿਨ੍ਹਾਂ ਨੇ ਉਚ ਅਹੁਦੇ 'ਤੇ ਪਹੁੰਚਣ ਦੀ ਖੁੰਦਕ ਪੈਦਾ ਕੀਤੀ। ਬੀ.ਏ. ਪ੍ਰਾਈਵੇਟ, ਲਾਅ ਈਵਨਿੰਗ ਕਲਾਸ, ਜਰਨਿਲਿਜ਼ਮ ਅਤੇ ਮਾਸ ਕਮਿਊਨੀਕੇਸ਼ਨ ਵਿਚ ਪੋਸਟ ਗ੍ਰੈਜੂਏਸ਼ਨ, ਬਿਜ਼ਨਸ ਮੈਨੇਜਮੈਂਟ ਵਿਚ ਪੋਸਟ ਗ੍ਰੈਜੂਏਸ਼ਨ, ਡਿਪਲੋਮਾ ਇਨ ਪਰਸਨਲ ਮੈਨੇਜਮੈਂਟ ਅਤੇ ਇੰਡਸਟਰੀਲ ਰਿਲੇਸ਼ਨ, ਐੱਮ.ਏ. ਤੇ ਫਿਰ ਪੀ.ਐੱਚ.ਡੀ. ਦੀ ਪੜ੍ਹਾਈ ਕੀਤੀ। ਪੜ੍ਹਾਈ ਦੇ ਨਾਲ ਹੀ ਵਿਦਿਆਰਥੀ ਨੇਤਾਗਿਰੀ ਵੀ ਕੀਤੀ। ਇਹ ਸਾਰੀਆਂ ਪ੍ਰਾਪਤੀਆਂ ਨਿਸ਼ਾਨਾ ਨਿਸਚਤ ਕਰਨ, ਲਗਨ, ਮਿਹਨਤ, ਦ੍ਰਿੜ੍ਹਤਾ ਅਤੇ ਜੱਦੋ-ਜਹਿਦ ਦਾ ਨਤੀਜਾ ਹਨ। ਅਜਿਹੇ ਮਹੱਤਵਪੂਰਨ ਉੱਚ ਅਹੁਦਿਆਂ 'ਤੇ ਹੁੰਦਿਆਂ ਭ੍ਰਿਸ਼ਟਾਚਾਰ ਦੇ ਮੱਕੜਜਾਲ ਦੇ ਸਮੇਂ ਇਮਾਨਦਾਰ ਰਹਿਣਾ ਆਪਣੇ ਆਪ ਵਿਚ ਵਿਲੱਖਣ ਗੱਲ ਹੈ।




ਹਰਕੇਸ਼ ਸਿੰਘ ਸਿੱਧੂ ਦੀ ਇਹ ਸਿਰਫ ਜੀਵਨੀ ਹੀ ਨਹੀਂ, ਸਗੋਂ ਇਸ ਵਿਚ ਉਸ ਨੇ ਆਪਣੇ ਤਜ਼ਰਬਿਆਂ ਦੇ ਆਧਾਰ 'ਤੇ ਪ੍ਰਸ਼ਾਸਨਿਕ, ਨਿਆਇਕ, ਪੁਲਿਸ, ਸਿਹਤ, ਮਾਲ ਅਤੇ ਹੋਰ ਵਿਭਾਗਾਂ ਦੀ ਪ੍ਰਣਾਲੀ ਦੀਆਂ ਚੋਰ-ਮੋਰੀਆਂ ਦੇ ਵੀ ਪਰਦੇ ਫਾਸ਼ ਕੀਤੇ ਹਨ, ਜਿਨ੍ਹਾਂ ਵਿਚ ਭ੍ਰਿਸ਼ਟਾਚਾਰ ਸਿਖ਼ਰਾਂ 'ਤੇ ਹੈ। ਬਹੁਤੇ ਡਿਪਟੀ ਕਮਿਸ਼ਨਰਾਂ/ਮਾਲ ਅਧਿਕਾਰੀਆਂ ਦੇ ਘਰਾਂ ਅਤੇ ਦਫ਼ਤਰਾਂ ਦੇ ਖ਼ਰਚੇ ਮਾਲ ਵਿਭਾਗ ਵੱਲੋਂ ਵਗਾਰਾਂ ਰਾਹੀਂ ਕੀਤੇ ਜਾਂਦੇ ਹਨ, ਫਿਰ ਅਧਿਕਾਰੀ ਲੋਕਾਂ ਨਾਲ ਇਨਸਾਫ਼ ਕਿਵੇਂ ਕਰਨਗੇ? ਡਿਪਟੀ ਕਮਿਸ਼ਨਰਾਂ ਦੀ ਪ੍ਰਸ਼ਾਸਨਿਕ ਪ੍ਰਣਾਲੀ ਦਾ ਪਰਦਾਫਾਸ਼ ਕੀਤਾ ਹੈ। ਪਿੰਡਾਂ ਵਿਚ ਸ਼ਰੀਕੇਬਾਜ਼ੀ, ਜ਼ੋਰ ਜ਼ਬਰਦਸਤੀ, ਜ਼ਮੀਨ ਜਾਇਦਾਦ ਦੇ ਝਗੜੇ, ਘਰੇਲੂ ਲੜਾਈਆਂ, ਡੇਰਾਵਾਦ ਦੇ ਵਾਦ-ਵਿਵਾਦ, ਸਕੱਤਰੇਤ ਦੇ ਬਾਬੂਆਂ ਦੀ ਭ੍ਰਿਸ਼ਟ ਸੋਚ, ਨਵੇਂ ਅਧਿਕਾਰੀਆਂ ਦੇ ਚੋਚਲੇ, ਗ਼ਲਤੀ ਨੂੰ ਸੁਧਾਰਨਾ, ਅਧਿਕਾਰੀਆਂ ਦਾ ਇੱਕ ਦੂਜੇ ਨੂੰ ਠਿੱਬੀ ਲਾਉਣਾ, ਕੰਮ ਦੀ ਕਦਰ, ਪਰਜਾਤੰਤਰ ਵਿਚ ਲੁੱਟ-ਘਸੁੱਟ ਦਾ ਬੋਲਬਾਲਾ, ਕਿਸਾਨਾਂ ਦੀ ਵਿਆਹਾਂ 'ਤੇ ਕਰਜ਼ੇ ਲੈ ਕੇ ਫ਼ਜ਼ੂਲ ਖ਼ਰਚੀ, ਖੇਤੀ ਘਾਟੇ ਦਾ ਸੌਦਾ, ਪੰਜਾਬੀਆਂ ਦੀ ਭੇਡ ਚਾਲ ਦੀ ਪ੍ਰਵਿਰਤੀ, ਬਹੁਤੇ ਸਰਕਾਰੀ ਅਧਿਕਾਰੀਆਂ ਦੀ ਬਦਨੀਤੀ, ਸਰਕਾਰੀ ਨੌਕਰੀ ਵੀ ਤਿਗੜਮਬਾਜ਼ੀ ਆਦਿ ਦਾ ਵੀ ਵਰਣਨ ਕੀਤਾ ਗਿਆ ਹੈ। ਇੱਕ ਕਿਸਮ ਨਾਲ ਸਫਲ ਜ਼ਿੰਦਗੀ ਜਿਊਣ ਲਈ ਨਮੂਨਾ ਪੇਸ਼ ਕੀਤਾ ਹੈ। ਪ੍ਰਸ਼ਾਸਨਿਕ ਉੱਚ ਅਹੁਦੇ 'ਤੇ ਹੁੰਦਿਆਂ ਇਮਾਨਦਾਰ ਰਹਿਣਾ ਤਲਵਾਰ ਦੀ ਧਾਰ 'ਤੇ ਚੱਲਣ ਦੇ ਬਰਾਬਰ ਹੁੰਦਾ ਹੈ।

ਹਰਕੇਸ਼ ਸਿੰਘ ਸਿੱਧੂ ਨੇ ਸਾਰੀ ਨੌਕਰੀ ਦੌਰਾਨ ਇਮਾਨਦਾਰੀ ਦਾ ਪੱਲਾ ਨਹੀਂ ਛੱਡਿਆ, ਭਾਵੇਂ ਉਸਨੂੰ ਅਨੇਕਾਂ ਵਾਰ ਵੱਡੇ ਸਿਆਸਤਦਾਨਾਂ ਅਤੇ ਸੀਨੀਅਰ ਅਧਿਕਾਰੀਆਂ ਨੇ ਗ਼ਲਤ ਕੰਮ ਕਰਨ ਲਈ ਜ਼ੋਰ ਪਾਇਆ। ਹਰ ਵਾਰੀ ਹਰਕੇਸ਼ ਸਿੰਘ ਸਿੱਧੂ ਗ਼ਲਤ ਹੁਕਮਾਂ ਦਾ ਵਿਰੋਧ ਕਰਕੇ ਆਪਣੀ ਅੜੀ ਪੁਗਾਉਂਦਾ ਰਿਹਾ। ਜਿਥੇ ਵੀ ਉਸ ਦੀ ਨਿਯੁਕਤੀ ਹੁੰਦੀ, ਉਥੇ ਹੀ ਭ੍ਰਿਸ਼ਟਾਚਾਰੀਆਂ ਨੂੰ ਲੈਣੇ ਦੇ ਦੇਣੇ ਪੈ ਜਾਂਦੇ। ਭ੍ਰਿਸ਼ਟਾਚਾਰੀਆਂ ਨੂੰ ਉਹ ਨੰਗਾ ਕਰ ਦਿੰਦਾ। ਸਰਕਾਰਾਂ ਵਿਚ ਹੋ ਰਹੇ ਘਾਲੇ-ਮਾਲੇ ਉਸ ਨੇ ਲੋਕ ਕਚਹਿਰੀ ਵਿਚ ਲਿਆਉਣ ਦੀ ਕੋਈ ਕਸਰ ਬਾਕੀ ਨਹੀਂ ਛੱਡੀ। ਜੇ ਸਾਰੇ ਅਧਿਕਾਰੀ ਹਰਕੇਸ਼ ਸਿੰਘ ਸਿੱਧੂ ਦੀ ਤਰ੍ਹਾਂ ਆਪਣੇ ਫਰਜ਼ ਨਿਭਾਉਣ ਤਾਂ ਭਾਰਤ ਵਿਚ ਵੀ ਰਾਮ ਰਾਜ ਆ ਸਕਦਾ ਹੈ। ਭਾਰਤ ਦੇ ਪਰਜਾਤੰਤਰ ਦੀ ਹਾਲਤ ਵੇਖੋ, ਆਪੇ ਸਿਆਸਤਦਾਨ ਤੇ ਅਧਿਕਾਰੀ ਸਰਕਾਰ ਦੀ ਆਮਦਨ ਵਧਾਉਣ ਦੇ ਉਪਰਾਲੇ ਕਰਨ ਲਈ ਕਹਿੰਦੇ ਹਨ, ਜਦੋਂ ਭ੍ਰਿਸ਼ਟਾਚਾਰੀ ਪਕੜੇ ਜਾਂਦੇ ਹਨ, ਤਾਂ ਉਨ੍ਹਾਂ ਨੂੰ ਛੱਡਣ ਦੀ ਤਾਕੀਦ ਕਰਦੇ ਹਨ। ਅਧਿਕਾਰੀ ਅਤੇ ਸਿਆਸਤਦਾਨਾਂ ਦੀ ਮਿਲੀਭੁਗਤ ਹੁੰਦੀ ਹੈ। ਹਰਕੇਸ਼ ਸਿੰਘ ਸਿੱਧੂ ਦੀ ਕਮਾਲ ਇਸੇ ਵਿਚ ਸੀ ਕਿ ਉਹ ਗ਼ਲਤ ਹੁਕਮ ਅਣਡਿੱਠ ਕਰ ਦਿੰਦਾ ਸੀ, ਭਾਵੇਂ ਉਸ ਨੂੰ ਇਸ ਦਾ ਨੁਕਸਾਨ ਵੀ ਉਠਾਉਣਾ ਪੈਂਦਾ ਸੀ। ਸਿਆਸਤਦਾਨ ਚੋਰੀ, ਠੱਗੀ, ਧੋਖਾ, ਫ਼ਰੇਬ ਦੇ ਹਿੱਸੇਦਾਰ ਬਣਦੇ ਹਨ। ਦਫ਼ਤਰਾਂ ਦੀ ਪ੍ਰਣਾਲੀ ਚੰਗੀਆਂ ਯੋਜਨਾਵਾਂ ਨੂੰ ਸਿਰੇ ਨਹੀਂ ਚੜ੍ਹਨ ਦਿੰਦੀ। ਸੂਚਨਾ ਪ੍ਰਣਾਲੀ ਲਾਗੂ ਕਰਨ ਵਿਚ ਅਧਿਕਾਰੀ ਢਿੱਲ-ਮੱਠ ਕਰਦੇ ਹਨ ਕਿਉਂਕਿ ਉਨ੍ਹਾਂ ਦੇ ਗ਼ਲਤ ਕੰਮਾਂ ਦੀ ਜਾਣਕਾਰੀ ਮਿਲਦੀ ਹੈ। ਇਸ ਜੀਵਨੀ ਦਾ ਇੱਕ ਹਿੱਸਾ ਹਰਕੇਸ਼ ਸਿੰਘ ਸਿੱਧੂ ਦਾ ਸਫ਼ਰਨਾਮਾ ਵੀ ਹੈ, ਜਿਸ ਵਿਚ ਉਸਨੇ ਪਰਵਾਸ ਦੀ ਜੀਵਨ ਸ਼ੈਲੀ, ਰੋਜ਼ਗਾਰ, ਵਿਓਪਾਰ ਅਤੇ ਖੇਤੀ ਪ੍ਰਣਾਲੀ ਬਾਰੇ ਵੀ ਜਾਣਕਾਰੀ ਦਿੱਤੀ ਹੈ। ਹਰਕੇਸ਼ ਸਿੰਘ ਸਿੱਧੂ ਦੀ ਆਪਣੀ ਵਿਚਾਰਧਾਰਾ ਹੈ, ਇਸ ਜੀਵਨੀ ਵਿਚ ਕਈ ਥਾਂ ਉਸਨੇ ਆਪਣੀ ਵਿਚਾਰਧਾਰਾ ਦਾ ਭਾਸ਼ਣ ਵੀ ਲਿਖ ਦਿੱਤਾ, ਜਿਸ ਕਰਕੇ ਇਹ ਜੀਵਨੀ ਵੱਡੀ ਬਣ ਗਈ। ਸਮੁੱਚੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਇਹ ਜੀਵਨੀ ਨੌਜਵਾਨ ਪੀੜ੍ਹੀ ਲਈ ਵਰਦਾਨ ਸਾਬਤ ਹੋ ਸਕਦੀ ਹੈ। ਇਸ ਲਈ ਨੌਜਵਾਨਾਂ ਨੂੰ ਇਹ ਪੁਸਤਕ ਪੜ੍ਹਨ ਦੀ ਤਾਕੀਦ ਕਰਦਾ ਹਾਂ।

425 ਪੰਨਿਆਂ, 500 ਰੁਪਏ ਕੀਮਤ ਵਾਲੀ ਇਹ ਪੁਸਤਕ ਸਪਤਰਿਸ਼ੀ ਪਬਲੀਕੇਸ਼ਨ ਨੇ ਪ੍ਰਕਾਸ਼ਤ ਕੀਤੀ ਹੈ।

# ਪੰਜਾਬ 'ਚ ਪੰਚਾਇਤੀ ਚੋਣਾਂ, ਪੰਚਾਇਤੀ ਢਾਂਚਾ – ਉੱਠਦੇ ਸਵਾਲ

- ਗੁਰਮੀਤ ਸਿੰਘ ਪਲਾਹੀ
218, ਗੁਰੂ ਹਰਿਗੋਬਿੰਦ ਨਗਰ, ਫਗਵਾੜਾ
98158-02070



ਪੰਜਾਬ ਮੇਲ USA

ਪੰਜਾਬ 'ਚ ਪੰਚਾਇਤੀ ਚੋਣਾਂ ਨੂੰ ਲੈ ਕੇ ਪੂਰੀ ਗਰਮੋ-ਗਰਮੀ ਅਤੇ ਸਰਗਰਮੀ ਹੈ। ਕਿਹਾ ਜਾ ਰਿਹਾ ਹੈ ਕਿ ਇਹ ਚੋਣਾਂ ਅਸਲ ਅਰਥਾਂ 'ਚ ਲੋਕਤੰਤਰ ਦੀ ਨੁਮਾਇਸ਼ ਹਨ। ਉਪਰੋਂ-ਉਪਰੋਂ ਇਹ ਇੰਞ ਹੀ ਜਾਪਦਾ ਹੈ, ਪਰ ਜਿਸ ਕਿਸਮ ਦਾ ਜਲੂਸ ਇਨ੍ਹਾਂ ਚੋਣਾਂ 'ਚ ਲੋਕਤੰਤਰ ਦਾ ਕੱਢਿਆ ਜਾਂਦਾ ਹੈ, ਉਹ ਵੀ ਆਪਣੇ ਆਪ ਵਿਚ ਇੱਕ ਉਦਾਹਰਣ ਹੈ। ਕੀ ਪੰਚਾਇਤਾਂ ਨੂੰ ਸਰਕਾਰਾਂ ਸੰਜੀਦਗੀ ਨਾਲ ਲੈਂਦੀਆਂ ਹਨ? ਕੀ ਚੁਣੀਆਂ ਹੋਈਆਂ ਪੰਚਾਇਤਾਂ ਦੇ ਅਧਿਕਾਰ ਉਨ੍ਹਾਂ ਪੱਲੇ ਸਿਆਸਤਦਾਨਾਂ, ਅਫ਼ਸਰਸ਼ਾਹੀ ਨੇ ਰਹਿਣ ਦਿੱਤੇ ਹਨ? ਕੀ ਪੰਚਾਇਤਾਂ ਨੂੰ ਪੰਗੂ ਨਹੀਂ ਬਣਾ ਦਿੱਤਾ ਗਿਆ? ਕੀ ਪਿੰਡਾਂ ਦੇ ਮੋਹਤਬਰਾਂ ਨੇ ਪੰਚਾਇਤਾਂ ਹਥਿਆ ਨਹੀਂ ਲਈਆਂ ਹੋਈਆਂ? ਸਵਾਲ ਇਹ ਵੀ ਉੱਠਦਾ ਹੈ ਕਿ ਪੰਚੀ, ਸਰਪੰਚੀ ਧੜੇਬੰਦੀ ਅਤੇ ਧੌਂਸ ਤੋਂ ਬਿਨਾਂ ਕਿਸ ਕੰਮ ਆਉਂਦੀ ਹੈ? ਕੀ ਸਰਕਾਰਾਂ ਪੰਚਾਇਤਾਂ ਨੂੰ ਸਥਾਨਕ ਸਰਕਾਰਾਂ ਦਾ ਦਰਜਾ ਦਿੰਦੀਆਂ ਹਨ, ਜਿਸ ਦੇ ਅਧਿਕਾਰ ਉਨ੍ਹਾਂ ਨੂੰ ਸੰਵਿਧਾਨ ਦੀ 73ਵੀਂ ਸੋਧ ਅਧੀਨ 1992 'ਚ ਪਾਰਲੀਮੈਂਟ 'ਚ ਇੱਕ ਕਾਨੂੰਨ ਪਾਸ ਕਰਕੇ ਮਿਲੇ ਸਨ?

ਬਾਵਜੂਦ ਇਨ੍ਹਾਂ ਉੱਠਦੇ ਸਵਾਲਾਂ ਦੇ ਵਿਚਕਾਰ ਪਿੰਡਾਂ ਦੇ ਲੋਕਾਂ ਦੀ ਉਡੀਕ ਮੁੱਕੀ ਹੈ। ਪੰਜਾਬ 'ਚ ਪੰਚਾਇਤੀ ਚੋਣਾਂ 15 ਅਕਤੂਬਰ ਨੂੰ ਹੋਣ ਜਾ ਰਹੀਆਂ ਹਨ। ਪੰਜਾਬ ਦੀਆਂ 13241 ਪੰਚਾਇਤਾਂ ਦੀ ਚੋਣ ਪਿੰਡਾਂ ਦੇ ਲੋਕ ਕਰਨਗੇ। ਸਰਪੰਚਾਂ, ਪੰਚਾਂ ਨੂੰ ਚੋਣ ਨਿਸ਼ਾਨ ਅਲਾਟ ਹੋ ਗਏ ਹਨ। ਧੜਿਆਂ, ਗਰੁੱਪਾਂ 'ਚ ਵੰਡੇ ਸਰਪੰਚਾਂ ਪੰਚਾਂ 'ਚ ਖਲਬਲੀ ਮਚੀ ਹੋਈ ਹੈ। ਆਪਸੀ ਸ਼ੰਕਾ, ਨਫ਼ਰਤੀ ਵਰਤਾਰਾ ਇਸ ਵੇਲੇ ਸਿਖਰਾਂ 'ਤੇ ਪਿੰਡਾਂ 'ਚ ਵੇਖਣ ਨੂੰ ਮਿਲ ਰਿਹਾ ਹੈ। ਲੋਕ ਸਭਾ, ਵਿਧਾਨ ਸਭਾ ਦੀਆਂ ਚੋਣਾਂ ਵਾਂਗਰ ਸਿਆਸੀ ਧੜਿਆਂ, ਗਰੁੱਪਾਂ ਵੱਲੋਂ ਲੋਕਾਂ ਨੂੰ ਲੁਭਾਉਣ, ਡਰਾਉਣ, ਧਮਕਾਉਣ ਦੇ ਯਤਨ ਆਰੰਭ ਹੋ ਗਏ ਹਨ। ਕੁਝ ਥਾਵਾਂ ਉੱਤੇ ਪੈਸਿਆਂ ਦੇ ਜ਼ੋਰ ਨਾਲ ਸਰਪੰਚੀ ਬੋਲੀ ਲਾ ਕੇ ਖਰੀਦਣ ਦੀਆਂ ਖਬਰਾਂ ਹਨ। ਪਰ ਕੁਝ ਥਾਵਾਂ ਉੱਤੇ ਸਰਬ-ਸੰਮਤੀ ਨਾਲ ਚੰਗੇ ਪਿਛੋਕੜ ਵਾਲੇ ਪਿੰਡ ਹਿਤੈਸ਼ੀ ਲੋਕ ਅੱਗੇ ਆ ਰਹੇ ਹਨ।

ਇਹ ਮੰਨਦਿਆਂ ਕਿ ਉਨ੍ਹਾਂ ਦਾ ਆਧਾਰ ਪਿੰਡਾਂ 'ਚ ਹੈ, ਸਿਆਸੀ ਪਾਰਟੀਆਂ ਦੇ ਆਗੂ ਸਿੱਧੇ-ਅਸਿੱਧੇ ਤੌਰ 'ਤੇ ਸਰਗਰਮ ਹਨ ਅਤੇ ਆਪਣੇ ਹਮਾਇਤੀਆਂ ਨੂੰ ਸਰਪੰਚੀ, ਪੰਚੀ ਦੀਆਂ ਚੋਣਾਂ ਲੜਾ ਰਹੇ ਹਨ। ਭਾਵੇਂ ਕਿ ਇੱਕ ਕਾਨੂੰਨ ਪਾਸ ਕਰਕੇ ਮੌਜੂਦਾ ਸਰਕਾਰ ਨੇ ਪੰਚਾਇਤੀ ਚੋਣਾਂ ਸਿਆਸੀ ਚੋਣ ਨਿਸ਼ਾਨ 'ਤੇ ਨਾ ਲੜਨ ਦਾ ਕਾਨੂੰਨ ਪਾਸ ਕੀਤਾ ਹੈ, ਪਰ ਇਹ ਖੁੱਲ੍ਹ ਦਿੱਤੀ ਹੈ ਕਿ ਉਮੀਦਵਾਰ ਆਪੋ-ਆਪਣੀ ਸਿਆਸੀ ਪਾਰਟੀ ਦੇ ਨੇਤਾ ਦੀ ਫੋਟੋ ਆਪਣੀ ਚੋਣ ਸਮੱਗਰੀ ਵਿਚ ਪ੍ਰਕਾਸ਼ਤ ਕਰ ਸਕਦਾ ਹੈ। ਅਸਲ ਵਿਚ ਵਿੰਗੇ ਢੰਗ ਨਾਲ ਇਹ ਪਿੰਡ ਪੰਚਾਇਤਾਂ 'ਚ ਆਪਣਾ ਸਿਆਸੀ ਅਧਾਰ ਵਿਖਾਉਣ ਜਾਂ ਵਧਾਉਣ ਦਾ ਯਤਨ ਹੈ।

ਸੰਵਿਧਾਨ ਦੀ 73ਵੀਂ ਤੇ 74ਵੀਂ ਸੋਧ ਅਨੁਸਾਰ ਪੰਚਾਇਤਾਂ ਨੂੰ ਸਥਾਨਕ ਸਰਕਾਰ ਦਾ ਦਰਜਾ ਮਿਲਿਆ। ਇਸ ਦਾ ਮੰਤਵ ਭਾਰਤ ਵਿਚ ਲੋਕਤੰਤਰ ਦੀ ਸਫ਼ਲਤਾ ਲਈ ਲੋਕਾਂ ਵਿਚ ਜਾਗ੍ਰਿਤੀ ਲਿਆਉਣਾ ਸੀ। ਸਥਾਨਕ ਸ਼ਾਸਨ ਨੂੰ ਇਸੇ ਕਰਕੇ ਸੰਵਿਧਾਨਕ ਮਾਨਤਾ ਦਿੱਤੀ ਗਈ ਅਤੇ ਉਨ੍ਹਾਂ ਨੂੰ ਹੋਰ ਜ਼ਿਆਦਾ ਪ੍ਰਸ਼ਾਸਨਿਕ ਅਤੇ ਵਿੱਤੀ ਜ਼ਿੰਮੇਵਾਰੀ ਸੌਂਪੀ ਗਈ। ਇਸ ਪਿੱਛੇ ਸੋਚ ਇਹ ਸੀ ਕਿ ਭਾਰਤ ਦਾ ਲੋਕਤੰਤਰੀ ਢਾਂਚਾ ਸਥਾਈ ਬਣਿਆ ਰਹੇ। ਲੋਕਾਂ ਨੂੰ ਸਥਾਨਕ ਸਮੱਸਿਆਵਾਂ ਦੇ ਹੱਲ ਕਰਨ ਅਤੇ ਦੇਸ਼ ਦੇ ਸਮਾਜਿਕ ਤੇ ਆਰਥਿਕ ਵਿਕਾਸ ਅਤੇ ਕਲਿਆਣਕਾਰੀ ਰਾਜ ਦੀ ਸਥਾਪਨਾ ਕਰਨ ਦਾ ਸਥਾਨਕ ਸ਼ਾਸਨ ਰਾਹੀਂ ਮੌਕਾ ਮਿਲੇ। ਇਹ ਸਮਝਦਿਆਂ ਕਿ ਇਹ ਪੰਚਾਇਤੀ ਜਾਂ ਸ਼ਹਿਰੀ ਸੰਸਥਾਵਾਂ ਲੋਕਾਂ ਦੇ ਬਹੁਤ ਨੇੜੇ ਹੁੰਦੀਆਂ ਹਨ, ਇਨ੍ਹਾਂ ਨੂੰ ਸਥਾਨਕ ਲੋੜਾਂ ਨਾਲ ਅਤੇ ਵਿਕਾਸ ਕਾਰਜਾਂ ਨਾਲ ਜੋੜਿਆ ਜਾਵੇ। ਭਾਵੇਂ ਕਿ ਇਹ ਮੰਨਿਆ ਗਿਆ ਕਿ ਇਹ ਸੰਸਥਾਵਾਂ ਕਾਨੂੰਨ ਘਾੜਨੀ ਸੰਸਥਾਵਾਂ ਨਹੀਂ ਹਨ।

ਪੰਚਾਇਤੀ ਰਾਜ ਸੰਸਥਾਵਾਂ ਕਿਉਂਕਿ ਭਾਰਤ ਵਿਚ ਲੰਮੇ ਸਮੇਂ ਤੋਂ ਕੰਮ ਕਰ ਰਹੀਆਂ ਸਨ। ਕਿਸੇ ਸਮੇਂ ਸਥਾਨਕ ਪੰਚਾਇਤਾਂ ਕੋਲ ਕਾਨੂੰਨੀ ਅਧਿਕਾਰ ਵੀ ਸਨ। ਪਰ ਸੰਵਿਧਾਨਕ ਸੋਧ ਅਨੁਸਾਰ ਪੰਚਾਇਤੀ ਸੰਸਥਾਵਾਂ ਨੂੰ ਚਾਰ ਹਿੱਸਿਆਂ 'ਚ ਵੰਡਿਆ ਗਿਆ। ਮੁੱਢਲੀ ਇਕਾਈ ਗ੍ਰਾਮ ਸਭਾ ਮਿੱਥੀ ਗਈ, ਜਿਸ ਵਿਚ ਪਿੰਡ ਦੇ ਸਾਰੇ ਵੋਟਰ ਮੈਂਬਰ ਮਿੱਥੇ ਗਏ। ਇਸੇ ਗ੍ਰਾਮ ਸਭਾ ਨੇ ਗ੍ਰਾਮ ਪੰਚਾਇਤ ਦੀ ਚੋਣ ਕਰਨੀ ਹੈ। ਇਸੇ ਗ੍ਰਾਮ ਸਭਾ ਨੇ ਪੰਚਾਇਤ ਸੰਮਤੀ ਅਤੇ ਜ਼ਿਲ੍ਹਾ ਪਰਿਸ਼ਦਾਂ ਦੀ ਚੋਣ ਕਰਨੀ ਹੈ। ਗ੍ਰਾਮ ਸਭਾ ਨੂੰ ਪੰਚਾਇਤ ਖੇਤਰ ਦੇ ਵਿਕਾਸ ਲਈ ਸਾਲਾਨਾ ਯੋਜਨਾਵਾਂ ਬਣਾਉਣ, ਬਜਟ ਤਿਆਰ ਕਰਨ, ਜਨਤਕ ਜਾਇਦਾਦਾਂ ਤੋਂ ਨਾਜਾਇਜ਼ ਕਬਜ਼ੇ ਹਟਾਉਣ ਅਤੇ ਸਮਾਜ ਦੇ ਸਾਰੇ ਤਬਕਿਆਂ ਵਿਚ ਏਕਤਾ ਅਤੇ ਸਦਭਾਵਨਾ ਨੂੰ ਬੜਾਵਾ ਦੇਣਾ ਮਿਥਿਆ ਗਿਆ। ਗ੍ਰਾਮ ਸਭਾ ਦੀਆਂ ਹਾੜੀ ਤੇ ਸਾਉਣੀ ਦੋ ਸਭਾਵਾਂ ਮਿੱਥੀਆਂ ਗਈਆਂ। ਪੰਚਾਇਤਾਂ ਨੂੰ ਪਿੰਡਾਂ ਦੇ ਵਿਕਾਸ ਦੇ ਮੁੱਖ ਕੰਮ ਤੋਂ ਬਿਨਾਂ ਕੁਝ ਦੀਵਾਨੀ, ਮਾਲੀਆ ਅਤੇ ਨਿਆਂਇਕ ਅਧਿਕਾਰ ਵੀ ਮਿਲੇ। ਬਲਾਕ ਸੰਮਤੀਆਂ ਬਲਾਕ ਲਈ ਅਤੇ ਜ਼ਿਲ੍ਹਾ ਪਰਿਸ਼ਦਾਂ ਜ਼ਿਲ੍ਹੇ ਦੇ ਵਿਕਾਸ ਲਈ ਜ਼ਿੰਮੇਵਾਰ ਮਿੱਥੀਆਂ ਗਈਆਂ।

ਪਰ ਅਫ਼ਸੋਸ ਦੀ ਗੱਲ ਹੈ ਕਿ ਪੰਚਾਇਤਾਂ ਨੂੰ ਮਿਲੇ ਹੱਕ, ਸਿਆਸਤਦਾਨਾਂ, ਹਾਕਮਾਂ ਨੇ ਤਹਿਸ-ਨਹਿਸ ਕਰ ਦਿੱਤੇ। 73ਵੀਂ ਸੰਵਿਧਾਨਿਕ ਸੋਧ ਦੀਆਂ ਧੱਜੀਆਂ ਉਡਾਉਂਦਿਆਂ ਮੌਜੂਦਾ ਸਰਕਾਰ ਨੇ ਪਹਿਲਾ ਪੰਜ ਸਾਲ ਦੀ ਮਿਆਦ ਤੋਂ ਪਹਿਲਾਂ ਹੀ ਪੰਚਾਇਤਾਂ ਭੰਗ ਕਰ ਦਿੱਤੀਆਂ ਅਤੇ ਬਾਅਦ 'ਚ ਜਦ ਦਸੰਬਰ 23 ਜਾਂ ਜਨਵਰੀ 2024 'ਚ ਪੰਜ ਸਾਲਾਂ ਮਿਆਦ ਖਤਮ ਹੋਣ ਤੋਂ ਲਗਭਗ 10 ਮਹੀਨੇ ਬਾਅਦ ਮਸਾਂ ਚੋਣਾਂ ਕਰਵਾਈਆਂ। ਕੀ ਇਹ ਪੰਚਾਇਤਾਂ ਅਤੇ ਪਿੰਡ ਦੇ ਲੋਕਾਂ ਨਾਲ ਮਜ਼ਾਕ ਨਹੀਂ ਸੀ?

ਇਹੋ-ਜਿਹੀ ਕਾਰਵਾਈ ਸਿਰਫ਼ ਮੌਜੂਦਾ ਸਰਕਾਰ ਨੇ ਹੀ ਨਹੀਂ ਕੀਤੀ, ਸਗੋਂ ਅਕਾਲੀ,ਕਾਂਗਰਸ ਸਰਕਾਰਾਂ ਵੱਲੋਂ ਵੀ ਪੰਚਾਇਤੀ ਚੋਣਾਂ ਨੂੰ ਲੈ ਕੇ ਲਾਪਰਵਾਹੀ, ਬੇਪਰਵਾਹੀ ਵਰਤੀ ਜਾਂਦੀ ਰਹੀ ਅਤੇ ਪੰਚਾਇਤਾਂ ਦੇ ਅਧਿਕਾਰ ਅਫ਼ਸਰਸ਼ਾਹੀ, ਬਾਬੂਸ਼ਾਹੀ ਰਾਹੀਂ ਹਥਿਆਏ ਜਾਂਦੇ ਰਹੇ।

ਇਹ ਰੁਝਾਨ ਹੁਣ ਵੀ ਲਗਾਤਾਰ ਵਧਿਆ ਹੈ। ਪਿਛਲੇ 10 ਮਹੀਨੇ ਪੰਚਾਇਤਾਂ ਦੇ ਪ੍ਰਬੰਧਕ ਲਗਾ ਕੇ ਸਥਾਨਕ ਸਰਕਾਰਾਂ ਦਾ ਸਾਰਾ ਕੰਮ-ਕਾਜ ਠੱਪ ਕਰ ਦਿੱਤਾ ਗਿਆ। ਵਿਕਾਸ ਕਾਰਜ ਰੁਕ ਗਏ, ਲੋਕ ਆਪਣੇ ਲਈ ਮਿਲੇ ਛੋਟੇ-ਮੋਟੇ ਹੱਕਾਂ ਤੋਂ ਵੀ ਵਿਰਵੇ ਹੋ ਗਏ, ਕਿਉਂਕਿ ਪੰਚਾਇਤ ਪ੍ਰਬੰਧਕਾਂ ਵੱਲੋਂ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਕੋਈ ਹੱਲ ਨਾ ਲੱਭਿਆ ਗਿਆ। ਇਨ੍ਹਾਂ ਦਸ ਮਹੀਨਿਆਂ 'ਚ ਪਿੰਡਾਂ 'ਚ ਸਫ਼ਾਈ ਦਾ ਕੰਮ ਠੱਪ ਹੋਇਆ,ਪਿੰਡਾਂ 'ਚ ਕੰਮ ਕਰਦੇ ਪਾਰਟ ਟਾਈਮ ਸਫ਼ਾਈ ਕਾਮਿਆਂ ਨੂੰ ਤਨਖਾਹਾਂ ਨਾ ਮਿਲੀਆਂ, ਮਗਨਰੇਗਾ ਦੇ ਕਾਮੇ, ਕੰਮ ਤੋਂ ਵਾਂਝੇ ਹੋ ਗਏ।

ਉਪਰੋਂ ਹੁਣ ਜਦੋਂ ਪੰਚਾਇਤੀ ਚੋਣਾਂ ਕਦੋਂ ਹੋਣਗੀਆਂ, ਬਾਰੇ ਅਨਿਸ਼ਚਿਤਤਾ ਬਣੀ ਹੋਈ ਸੀ, ਇੱਕ ਸਸਪੈਂਸ ਬਣਿਆ ਹੋਇਆ ਸੀ, ਅਚਾਨਕ ਚੋਣਾਂ ਦਾ ਐਲਾਨ "ਝੋਨੇ ਦੇ ਸੀਜਨ" 'ਚ ਕਰ ਦਿੱਤਾ ਗਿਆ। ਪਿੰਡਾਂ 'ਚ ਜਿਵੇਂ ਤਹਿਲਕਾ ਮਚ ਗਿਆ।

ਕਾਗਜ਼ ਭਰਨ ਲਈ ਪੰਚੀ, ਸਰਪੰਚੀ ਉਮੀਦਵਾਰ ਸ਼ਹਿਰਾਂ ਵੱਲ ਦੌੜੇ। ਕੋਈ ਇਤਰਾਜ਼ ਨਹੀਂ ਸਰਟੀਫ਼ਿਕੇਟ, ਚੁੱਲ੍ਹਾ ਟੈਕਸ, ਬੈਂਕਾਂ ਦੇ ਬੈਲੈਂਸ, ਹਲਫੀਆ ਬਿਆਨ ਦੇਣ-ਲੈਣ ਦੀ ਹੋੜ ਲੱਗ ਗਈ। ਇੰਨੇ ਗੁੰਝਲਦਾਰ ਢੰਗ-ਤਰੀਕੇ ਨੇ ਪੇਂਡੂਆਂ ਨੂੰ ਪਰੇਸ਼ਾਨ ਕਰ ਦਿੱਤਾ। ਕਚਹਿਰੀਆਂ 'ਚ ਭੀੜਾਂ ਲੱਗੀਆਂ। ਲੋੜੋਂ ਵੱਧ ਐਫੀਡੇਵਿਟ ਬਣਾਉਣ, ਅਟੈਸਟ ਕਰਾਉਣ 'ਤੇ ਮੂੰਹੋਂ ਮੰਗੀਆਂ ਫੀਸਾਂ ਲੱਗੀਆਂ। ਉਮੀਦਵਾਰਾਂ ਦੇ ਪੂਰੇ ਪੰਜਾਬ ਵਿਚ ਕਰੋੜਾਂ ਰੁਪਏ ਇਨ੍ਹਾਂ ਕਾਗਜ਼ਾਂ ਨੂੰ ਤਿਆਰ ਕਰਨ ਅਤੇ ਭਰਨ ਉੱਤੇ ਲੱਗੇ।

ਭਲਾ ਦੱਸੋ, ਕੋਈ ਸਾਧਾਰਨ ਬੰਦਾ, ਜਿਹੜਾ ਪੰਚੀ ਦੀ ਲੋੜ ਦੀ ਚੋਣ ਲੜਨ ਦਾ ਚਾਹਵਾਨ ਸੀ, ਇਸ ਖਰਚ ਦੀ ਝਾਲ ਝੱਲ ਸਕਿਆ ਹੋਏਗਾ? ਵੋਟਰ ਲਿਸਟਾਂ ਦੇ ਪੈਸੇ, ਟਾਈਪਿੰਗ ਦੇ ਪੈਸੇ ਅਤੇ ਆਉਣ-ਜਾਣ ਦੇ ਖਰਚੇ।

ਕਦੇ ਸਮਾਂ ਸੀ ਪੰਚਾਇਤਾਂ ਦੀਆਂ ਵੋਟਾਂ ਲਈ ਪੋਲਿੰਗ ਪਾਰਟੀਆਂ ਇੱਕ ਦਿਨ ਪਹਿਲਾਂ ਆਉਂਦੀਆਂ, ਕਾਗਜ਼ ਭਰੇ ਜਾਂਦੇ, ਕਾਗਜ਼ਾਂ ਦੀ ਪੜਤਾਲ ਹੁੰਦੀ, ਚੋਣ ਨਿਸ਼ਾਨ ਅਲਾਟ ਹੁੰਦੇ ਤੇ ਫਿਰ ਦੂਜੇ ਦਿਨ ਚੋਣ ਹੁੰਦੀ। ਜਿਸ ਵੀ ਬੰਦੇ ਨੇ ਕਾਗਜ਼ ਭਰਨੇ ਹੁੰਦੇ, ਤਜਵੀਜ਼ ਅਤੇ ਤਾਈਦ ਕਰਨ ਵਾਲੇ ਦੀ ਉਸਨੂੰ ਲੋੜ ਹੁੰਦੀ ਤੇ ਚੋਣ ਲੜੀ ਜਾਂਦੀ। ਪਰ ਇਹ ਖਰਚੀਲਾ ਢਾਂਚਾ ਕਿਸ ਲੋਕਤੰਤਰ ਦੀ ਗੱਲ ਕਰਦਾ ਹੈ? ਚੋਣਾਂ ਦੀ ਨਾਮਜ਼ਦਗੀ ਦੇ ਅੰਤਿਮ ਦਿਨ 4 ਅਕਤੂਬਰ 2024 ਨੂੰ ਚੋਣ ਲੜਨ ਵਾਲਿਆਂ ਦੀ ਭੀੜ ਆਪਣੇ ਸਮਰਥਨਾਂ ਸਮੇਤ ਸ਼ਹਿਰਾਂ 'ਚ ਅਫ਼ਸਰਾਂ ਦੇ ਦਫ਼ਤਰੀ ਢੁਕੀ ਵੇਖੀ।

ਬਿਨਾਂ ਸ਼ੱਕ ਪੰਚੀ ਸਰਪੰਚੀ ਦੀਆਂ ਇਨ੍ਹਾਂ ਚੋਣਾਂ 'ਚ ਪੋਲਿੰਗ ਵੱਧ ਤੋਂ ਵੱਧ ਹੋਏਗੀ। ਵੋਟਰ ਸਪੋਰਟਰ ਇਕੱਠੇ ਹੋਣਗੇ। ਧੜੇਬੰਦੀ ਵਧੇਗੀ। ਵੈਰ ਵਧੇਗਾ। ਇੱਕ ਦੂਜੇ ਪ੍ਰਤੀ ਮਨ-ਮੁਟਾਅ ਹੋਏਗਾ। ਚੋਣਾਂ 'ਚ ਝਗੜੇ ਵੀ ਹੋਣਗੇ, ਜਿਵੇਂ ਨਾਮਜ਼ਦਗੀ ਭਰਨ ਵੇਲੇ ਹੋਏ ਸਨ। ਪਰ ਕੀ ਇਹ ਚੋਣਾਂ ਲੋਕਾਂ ਨੂੰ ਆਪਣੇ ਹੱਕਾਂ ਪ੍ਰਤੀ ਜਾਗਰੂਕ ਕਰਨਗੀਆਂ? ਕੀ ਲੋਕ ਇਹ ਜਾਣ ਸਕਣਗੇ ਕਿ ਉਨ੍ਹਾਂ ਵੱਲੋਂ ਚੁਣੀ ਪੰਚਾਇਤ ਆਖਰ ਕਰਦੀ ਕੀ ਹੈ? ਕਿ ਉਨ੍ਹਾਂ ਵੱਲੋਂ ਚੁਣੀ ਪੰਚਾਇਤ ਨੂੰ ਨੇਤਾ ਲੋਕ ਕਿਸੇ ਬਾਗ਼ ਦੀ ਮੂਲੀ ਸਮਝਦੇ ਵੀ ਹਨ?

ਪਿੰਡ ਦੀ ਤਾਮੀਰ ਤੇ ਤਾਸੀਰ ਸਦਾ ਮਿੱਠੀ ਰਹੀ ਹੈ। ਆਪਸੀ ਭਾਈਚਾਰਾ ਡੂੰਘਾ ਰਿਹਾ ਹੈ। ਸੱਥਾਂ 'ਚ ਪੰਚਾਇਤਾਂ ਉਹ ਫ਼ੈਸਲੇ ਨਿਬੇੜਦੀਆਂ ਰਹੀਆਂ ਹਨ, ਜਿਹੜੇ ਅਦਾਲਤਾਂ 'ਚ ਹੱਲ ਨਹੀਂ ਸਨ ਹੁੰਦੇ। ਪੰਚਾਇਤਾਂ ਆਮ ਲੋਕਾਂ ਦੇ ਭਲੇ ਲਈ ਪਾਬੰਦ ਸਨ। ਉਹ ਵਿਰਵੇ ਜਾਂ ਥੋੜ੍ਹੇ ਸਾਧਨਾਂ ਵਾਲੇ ਲੋਕਾਂ ਦੇ ਹੱਕ 'ਚ ਖੜ੍ਹਨ ਵਾਲੀਆਂ ਰਹਿੰਦੀਆਂ ਸਨ। ਪਰ ਕੀ ਹੁਣ ਇਹ ਪੰਚਾਇਤਾਂ ਉਹ ਪੰਚਾਇਤਾਂ ਰਹੀਆਂ ਹਨ ਜਾਂ ਨੇਤਾਵਾਂ ਦੀ ਭੇਟ ਚੜ੍ਹ ਗਈਆਂ ਹਨ?

ਪਿੰਡਾਂ ਨੂੰ ਦਿੱਤੀਆਂ ਜਾਣ ਵਾਲੀਆਂ ਸਰਕਾਰੀ ਗ੍ਰਾਂਟਾਂ ਦੀ ਕਾਣੀ ਵੰਡ ਅਤੇ ਹਲਕਾ ਇੰਚਾਰਜਾਂ ਜਾਂ ਵਿਧਾਇਕਾਂ ਵੱਲੋਂ ਆਪਣੇ ਖ਼ਾਸ ਕਾਰਕੁੰਨਾਂ ਰਾਹੀਂ ਚੁਣੀਆਂ ਪੰਚਾਇਤਾਂ ਦੇ ਕੰਮਾਂ 'ਚ ਦਖਲ ਨੇ, ਚੰਗੇ ਪੰਚਾਇਤੀ ਪ੍ਰਬੰਧਨ ਦਾ ਲੱਕ ਤੋੜ ਦਿੱਤਾ। ਪਿੰਡ ਦੇ ਲੋਕਾਂ ਨੂੰ ਥਾਣੇ-ਕਚਹਿਰੀਆਂ ਦੇ ਚੱਕਰ 'ਚ ਪਾ ਕੇ ਪਿੰਡਾਂ ਦਾ ਭਾਈਚਾਰਾ ਨਸ਼ਟ ਕਰਨ ਦਾ ਯਤਨ ਵੀ ਸਿਆਸੀ ਲੋਕਾਂ ਦਾ ਆਪਣੇ ਹਿੱਤ ਪੂਰਨ ਲਈ ਵੱਡਾ ਕਾਰਾ ਹੈ।

ਅੱਜ ਵੀ ਕਈ ਵੱਡੇ ਮੋਹਤਬਰਾਂ ਵੱਲੋਂ ਪਿੰਡਾਂ ਦੀਆਂ ਸ਼ਾਮਲਾਟ ਜਮੀਨਾਂ 'ਤੇ ਨਾਜਾਇਜ਼ ਕਬਜ਼ੇ ਹਨ। ਅੱਜ ਵੀ ਪਿੰਡ ਪੰਚਾਇਤਾਂ ਦੀ ਵਾਹੀ ਯੋਗ ਜ਼ਮੀਨ ਮਾਲੀਏ ਉੱਤੇ ਦਿੱਤੀ ਜਾਂਦੀ ਹੈ, ਤਾਂ ਤਕੜਿਆਂ ਦਾ ਸੱਤੀ ਵੀਹੀਂ ਸੌ ਰਹਿੰਦਾ ਹੈ, ਜੋ ਤਕੜੀ ਬੋਲੀ ਲਾ ਕੇ ਵਰ੍ਹਿਆਂ ਤੋਂ ਜ਼ਮੀਨ ਹਥਿਆਈ ਬੈਠੇ ਹਨ। ਪਿੰਡਾਂ ਦੇ ਉਨ੍ਹਾਂ ਸਰਪੰਚਾਂ ਦੀ ਸਰਕਾਰੇ-ਦਰਬਾਰੇ ਕਦਰ ਨਹੀਂ ਰਹਿੰਦੀ, ਜਦੋਂ ਉਨ੍ਹਾਂ ਨੂੰ ਬਲਾਕ ਵਿਕਾਸ ਦਫ਼ਤਰਾਂ ਦੇ ਚੱਕਰ ਆਪਣੇ ਪਿੰਡ ਦੇ ਵਿਕਾਸ ਕਾਰਜ ਕਰਵਾਉਣ ਲਈ ਪੰਚਾਇਤ ਸਕੱਤਰਾਂ ਕੋਲ ਲਾਉਣੇ ਪੈਂਦੇ ਹਨ, ਜਿਹੜੇ ਬਹੁਤੀ ਵਾਰ ਸਰਪੰਚਾਂ ਦੀ ਪਰਵਾਹ ਨਹੀਂ ਕਰਦੇ।

ਹੈਰਾਨੀ ਦੀ ਗੱਲ ਤਾਂ ਇਹ ਵੀ ਹੈ ਕਿ ਸਰਪੰਚਾਂ ਜਾਂ ਪੰਚਾਇਤਾਂ ਨੂੰ ਆਪਣੇ ਪਿੰਡ ਦੀ ਆਮਦਨ ਆਪ ਖਰਚਣ ਦਾ ਅਧਿਕਾਰ ਨਹੀਂ, ਉਹ ਵੀ ਸਕੱਤਰ, ਬਲਾਕ ਪੰਚਾਇਤ ਅਫ਼ਸਰਾਂ ਦੀ ਮਨਜ਼ੂਰੀ ਅਤੇ ਦਸਤਖਤਾਂ ਬਿਨਾਂ ਖਰਚੀ ਨਹੀਂ ਜਾ ਸਕਦੀ, ਤਾਂ ਫਿਰ ਇਹੋ-ਜਿਹੀਆਂ ਪੰਚਾਇਤਾਂ, ਜਿਨ੍ਹਾਂ ਨੂੰ ਭਾਰਤੀ ਲੋਕਤੰਤਰ ਦਾ ਅਸੀਂ ਥੰਮ੍ਹ ਗਰਦਾਨਦੇ ਹਾਂ, ਉੱਪਰ ਉਸ ਦੀ ਅਸਲ ਸਥਿਤੀ ਵੇਖ ਕੇ ਕਈ ਸਵਾਲ ਜਾਂ ਸ਼ੰਕੇ ਤਾਂ ਖੜ੍ਹੇ ਹੋਣਗੇ ਹੀ।

ਪਿਛਲੇ ਦਿਨੀਂ ਪਿੰਡਾਂ ਦੇ ਲੋਕਾਂ ਨੂੰ ਪੰਚਾਇਤਾਂ ਦੇ ਹੱਕਾਂ, ਗ੍ਰਾਮ ਸਭਾ ਆਦਿ ਬਾਰੇ ਜਾਗਰੂਕ ਕਰਨ ਦਾ ਇੱਕ "ਪੰਜਾਬ ਬਚਾਓ ਕਾਫ਼ਲਾ" ਪਿੰਡਾਂ 'ਚ ਘੁੰਮ ਰਿਹਾ ਹੈ। ਉਸ ਵੱਲੋਂ ਅਸਲ ਵਿਚ ਸਰਬ-ਸੰਮਤ ਪੰਚਾਇਤਾਂ ਦੀ ਚੋਣ ਦਾ ਸੱਦਾ ਵੀ ਦਿੱਤਾ ਜਾ ਰਿਹਾ ਹੈ। ਮੌਜੂਦਾ ਸਰਕਾਰ ਵੀ ਸਰਬ-ਸੰਮਤੀ ਦੀ ਗੱਲ ਕਰਦੀ ਹੈ।

ਪਰ ਵੇਖਣਾ ਇਹ ਹੋਵੇਗਾ ਕਿ ਅਸੀਂ ਪਿੰਡ ਦੀ ਰੂਹ "ਭਾਈਚਾਰੇ" ਤੋਂ ਬੇਮੁਖ ਤਾਂ ਨਹੀਂ ਹੋ ਗਏ? ਕੀ ਅਸੀਂ ਆਪਣੇ ਪਿੰਡ ਨਾਲ ਗ਼ੱਦਾਰੀ ਤਾਂ ਨਹੀਂ ਕਰ ਰਹੇ?

ਉਂਞ ਪ੍ਰਤੱਖ ਨੂੰ ਪ੍ਰਮਾਣ ਦੀ ਲੋੜ ਨਹੀਂ ਹੈ, ਬਾਵਜੂਦ ਉੱਠ ਰਹੇ ਵੱਡੇ ਸਵਾਲਾਂ ਦੇ ਪਿੰਡ ਅੱਜ ਵੀ ਜਿਊਂਦਾ ਹੈ ਅਤੇ ਜਿਊਂਦਾ ਵੀ ਰਹੇਗਾ!





# ਐਂਟੀਬਾਇਓਟਿਕ ਪ੍ਰਤੀਰੋਧ 21ਵੀਂ ਸਦੀ ਦਾ ਇੱਕ ਨਵਾਂ ਮਹਾਂਮਾਰੀ ਖ਼ਤਰਾ ਹੈ



-ਡਾ. ਸਤਿਆਵਾਨ 'ਸੌਰਭ'
ਹਰਿਆਣਾ
ਕਵੀ, ਸੁਤੰਤਰ ਪੱਤਰਕਾਰ ਅਤੇ ਕਾਲਮਨਵੀਸ, ਆਲ ਇੰਡੀਆ ਰੇਡੀਓ ਅਤੇ ਟੀਵੀ ਪੈਨਲਿਸਟ, ਹਰਿਆਣਾ
ਮੋਬਾਈਲ : 94665-26148, 01255281381
(Punjab Mail USA)



ਵਿਸ਼ਵ ਸਿਹਤ ਸੰਗਠਨ (ਡਬਲਯੂ.ਐੱਚ.ਓ.) ਨੇ ਵਿਸ਼ਵ ਸਿਹਤ ਲਈ ਚੋਟੀ ਦੇ 10 ਖਤਰਿਆਂ ਨੂੰ ਜਾਰੀ ਕੀਤਾ, ਜਿਨ੍ਹਾਂ ਵਿਚੋਂ ਰੋਗਾਣੂਨਾਸ਼ਕ ਪ੍ਰਤੀਰੋਧ (ਏ.ਆਰ.) ਇੱਕ ਪ੍ਰਮੁੱਖ ਯੋਗਦਾਨ ਹੈ। ਹਰ ਸਾਲ 1.6 ਮਿਲੀਅਨ ਮੌਤਾਂ ਤਪਦਿਕ ਡਰੱਗ-ਰੋਧਕ ਬੈਕਟੀਰੀਆ ਕਾਰਨ ਹੁੰਦੀਆਂ ਹਨ। ਐਨਵਾਇਰਮੈਂਟ ਇੰਟਰਨੈਸ਼ਨਲ ਜਰਨਲ ਦੁਆਰਾ 'ਅੰਡਰਸਟੈਂਡਿੰਗ ਦ ਡ੍ਰਾਈਵਰਜ਼ ਆਫ਼ ਐਂਟੀਬਾਇਓਟਿਕ ਰੇਸਿਸਟੈਂਟ ਜੀਨ ਇਨ ਹਾਈ ਆਰਕਟਿਕ ਸੋਇਲ ਈਕੋਸਿਸਟਮ' ਦਾ ਅਧਿਐਨ ਦਰਸਾਉਂਦਾ ਹੈ ਕਿ ਕੁੱਲ 131 ਐਂਟੀਬਾਇਓਟਿਕ-ਰੋਧਕ ਜੀਨ (ਏ.ਆਰ.ਜੀ.) ਸਮੱਗਰੀਆਂ ਦਾ ਪਤਾ ਲਗਾਇਆ ਗਿਆ ਸੀ, ਜਿਨ੍ਹਾਂ ਵਿਚੋਂ ਬਲੈਂਡਮ-1 ਜੀਨ, ਜੋ ਕਿ ਪਹਿਲਾ ਸੀ। ਬਾਰ 2008 ਵਿਚ ਭਾਰਤ ਵਿਚ ਸਤਹ ਪਾਣੀਆਂ ਵਿਚ ਪਾਇਆ ਗਿਆ ਸੀ, ਸਿਰਫ 11 ਸਾਲਾਂ ਵਿਚ ਆਰਕਟਿਕ ਵਿਚ ਫੈਲ ਗਿਆ ਹੈ। ਇਹ ਦਰਸਾਉਂਦਾ ਹੈ ਕਿ ਐਂਟੀਬਾਇਓਟਿਕ ਪ੍ਰਤੀਰੋਧ 21ਵੀਂ ਸਦੀ ਦਾ ਇੱਕ ਨਵਾਂ ਮਹਾਂਮਾਰੀ ਖ਼ਤਰਾ ਹੈ। ਇਹ ਹੁਣ ਕੋਈ ਸਥਾਨਕ ਸਮੱਸਿਆ ਨਹੀਂ ਹੈ ਅਤੇ ਇਸ ਨੂੰ ਵਿਸ਼ਵਵਿਆਪੀ ਸਿਹਤ ਚਿੰਤਾ ਵਜੋਂ ਦੇਖਿਆ ਜਾਣਾ ਚਾਹੀਦਾ ਹੈ। "ਐਂਟੀ-ਮਾਈਕਰੋਬਾਇਲ ਰੇਸਿਸਟੈਂਸ ਬੈਂਚਮਾਰਕਸ" ਸਿਰਲੇਖ ਵਾਲੀ ਇੱਕ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਏ.ਆਰ. ਬੈਕਟੀਰੀਆ ਹਰ ਸਾਲ ਦੁਨੀਆਂ ਭਰ ਵਿਚ 700,000 ਮੌਤਾਂ ਦਾ ਕਾਰਨ ਬਣਦੇ ਹਨ। ਭਾਰਤ ਵਿਚ ਐਂਟੀਬਾਇਓਟਿਕਸ ਦੀ ਖਪਤ ਵਿਚ ਵਾਧਾ ਦੇਖਿਆ ਗਿਆ ਹੈ - 2000 ਦੇ ਮੁਕਾਬਲੇ 2015 ਵਿਚ ਲਗਭਗ 65 ਪ੍ਰਤੀਸ਼ਤ, ਜਦੋਂਕਿ ਉਸੇ ਸਮੇਂ ਦੌਰਾਨ ਖਪਤ ਦੀ ਦਰ 3.2 ਤੋਂ 6.5 ਬਿਲੀਅਨ ਰੋਜ਼ਾਨਾ ਨਿਰਧਾਰਤ ਖੁਰਾਕਾਂ (ਡੀ.ਡੀ.ਡੀ.) ਤੱਕ ਵਧ ਗਈ ਹੈ।

ਜੀਵ-ਵਿਗਿਆਨਕ ਅਤੇ ਸਮਾਜਿਕ ਕਾਰਨਾਂ ਕਰਕੇ ਸੂਖਮ ਜੀਵ ਨਸ਼ਿਆਂ ਪ੍ਰਤੀ ਰੋਧਕ ਬਣ ਸਕਦੇ ਹਨ। ਜਿਵੇਂ ਹੀ ਵਿਗਿਆਨੀ ਇੱਕ ਨਵੀਂ ਐਂਟੀਮਾਈਕਰੋਬਾਇਲ ਦਵਾਈ ਪੇਸ਼ ਕਰਦੇ ਹਨ, ਇਸ ਗੱਲ ਦੀ ਚੰਗੀ ਸੰਭਾਵਨਾ ਹੈ ਕਿ ਇਹ ਕਿਸੇ ਸਮੇਂ ਬੇਅਸਰ ਹੋ ਜਾਵੇਗੀ। ਇਹ ਮੁੱਖ ਤੌਰ 'ਤੇ ਸੂਖਮ ਜੀਵਾਂ ਦੇ ਅੰਦਰ ਹੋਣ ਵਾਲੀਆਂ ਤਬਦੀਲੀਆਂ ਕਾਰਨ ਹੁੰਦਾ ਹੈ। ਇਹ ਤਬਦੀਲੀਆਂ ਵੱਖ-ਵੱਖ ਤਰੀਕਿਆਂ ਨਾਲ ਹੋ ਸਕਦੀਆਂ ਹਨ। ਜਦੋਂ ਸੂਖਮ ਜੀਵ ਦੁਬਾਰਾ ਪੈਦਾ ਕਰਦੇ ਹਨ, ਤਾਂ ਜੈਨੇਟਿਕ ਪਰਿਵਰਤਨ ਹੋ ਸਕਦਾ ਹੈ। ਕਦੇ-ਕਦਾਈਂ, ਇਹ ਇੱਕ ਸੂਖਮ ਜੀਵ ਪੈਦਾ ਕਰੇਗਾ, ਜਿਸ ਵਿਚ ਜੀਨ ਹੁੰਦੇ ਹਨ, ਜੋ ਇਸਨੂੰ ਰੋਗਾਣੂਨਾਸ਼ਕ ਏਜੰਟਾਂ ਤੋਂ ਬਚਣ ਵਿਚ ਮਦਦ ਕਰਦੇ ਹਨ। ਇਨ੍ਹਾਂ ਪ੍ਰਤੀਰੋਧਕ ਜੀਨਾਂ ਨੂੰ ਰੱਖਣ ਵਾਲੇ ਸੂਖਮ ਜੀਵ ਜਿਉਂਦੇ ਰਹਿੰਦੇ ਹਨ ਅਤੇ ਦੁਹਰਾਉਂਦੇ ਹਨ। ਨਵੇਂ ਸਾਹਮਣੇ ਆਏ ਰੋਧਕ ਸੂਖਮ ਜੀਵ ਆਪਣੇ ਮਾਤਾ-ਪਿਤਾ ਤੋਂ ਜੀਨ ਲੈਂਦੇ ਹਨ ਅਤੇ ਅੰਤ ਵਿਚ ਪ੍ਰਮੁੱਖ ਕਿਸਮ ਬਣ ਜਾਂਦੇ ਹਨ। ਸੂਖਮ ਜੀਵ ਦੂਜੇ ਸੂਖਮ ਜੀਵਾਂ ਤੋਂ ਜੀਨ ਲੈ ਸਕਦੇ ਹਨ। ਜੀਨ ਜੋ ਡਰੱਗ ਪ੍ਰਤੀਰੋਧ ਪ੍ਰਦਾਨ ਕਰਦੇ ਹਨ, ਸੂਖਮ ਜੀਵਾਣੂਆਂ ਵਿਚਕਾਰ ਆਸਾਨੀ ਨਾਲ ਟਰਾਂਸਫਰ ਕੀਤੇ ਜਾ ਸਕਦੇ ਹਨ।

ਸੂਖਮ ਜੀਵ ਆਮ ਰੋਗਾਣੂਨਾਸ਼ਕ ਏਜੰਟਾਂ ਪ੍ਰਤੀ ਰੋਧਕ ਬਣਨ ਲਈ ਆਪਣੀਆਂ ਕੁਝ ਵਿਸ਼ੇਸ਼ਤਾਵਾਂ ਨੂੰ ਬਦਲ ਸਕਦੇ ਹਨ। ਇਹ ਪਹਿਲਾਂ ਤੋਂ ਹੀ ਰੋਧਕ ਸੂਖਮ ਜੀਵਾਂ ਦੇ ਵਾਤਾਵਰਣ ਵਿਚ ਵਾਪਰਦਾ ਹੈ। ਕੁਝ ਦਵਾਈਆਂ ਦੀ ਵਰਤੋਂ ਲਈ ਸਿਫ਼ਾਰਸ਼ਾਂ ਦੀ ਪਾਲਣਾ ਨਾ ਕਰਨਾ ਰੋਗਾਣੂਨਾਸ਼ਕ ਪ੍ਰਤੀਰੋਧ ਦੇ ਜ਼ੋਖਿਮ ਨੂੰ ਵਧਾ ਸਕਦਾ ਹੈ। ਲੋਕ ਐਂਟੀਮਾਈਕਰੋਬਾਇਲ ਦਵਾਈਆਂ ਦੀ ਵਰਤੋਂ ਕਰਨ ਦਾ ਤਰੀਕਾ ਇੱਕ ਮਹੱਤਵਪੂਰਨ ਯੋਗਦਾਨ ਪਾਉਣ ਵਾਲਾ ਕਾਰਕ ਹੈ। ਕੁਝ ਵਿਅਕਤੀਗਤ ਕਾਰਨ। ਡਾਕਟਰ ਕਦੇ-ਕਦਾਈਂ ਰੋਗਾਣੂਨਾਸ਼ਕ ਦਵਾਈਆਂ "ਸਿਰਫ਼ ਮਾਮਲੇ ਵਿਚ" ਲਿਖਦੇ ਹਨ ਜਾਂ ਜਦੋਂ ਕੋਈ ਖਾਸ ਦਵਾਈ ਵਧੇਰੇ ਢੁੱਕਵੀਂ ਹੁੰਦੀ ਹੈ, ਤਾਂ ਉਹ ਵਿਆਪਕ-ਸਪੈਕਟ੍ਰਮ ਐਂਟੀਮਾਈਕਰੋਬਾਇਲ ਦਵਾਈਆਂ ਦਾ ਨੁਸਖ਼ਾ ਦਿੰਦੇ ਹਨ। ਇਸ ਤਰੀਕੇ ਨਾਲ ਇਨ੍ਹਾਂ ਦਵਾਈਆਂ ਦੀ ਵਰਤੋਂ ਐਂਟੀਮਾਈਕਰੋਬਾਇਲ ਪ੍ਰਤੀਰੋਧ ਦੇ ਜ਼ੋਖਮ ਨੂੰ ਵਧਾਉਂਦੀ ਹੈ। ਜੇਕਰ ਕੋਈ ਵਿਅਕਤੀ ਰੋਗਾਣੂਨਾਸ਼ਕ ਦਵਾਈਆਂ ਦਾ ਕੋਰਸ ਪੂਰਾ ਨਹੀਂ ਕਰਦਾ ਹੈ, ਤਾਂ ਕੁਝ ਕੀਟਾਣੂ ਬਚ ਸਕਦੇ ਹਨ ਅਤੇ ਦਵਾਈ ਪ੍ਰਤੀ ਵਿਰੋਧ ਪੈਦਾ ਕਰ ਸਕਦੇ ਹਨ। ਵਿਰੋਧ ਉਦੋਂ ਵੀ ਵਿਕਸਤ ਹੋ ਸਕਦਾ ਹੈ, ਜਦੋਂ ਲੋਕ ਉਨ੍ਹਾਂ ਹਾਲਤਾਂ ਲਈ ਦਵਾਈਆਂ ਦੀ ਵਰਤੋਂ ਕਰਦੇ ਹਨ, ਜਿਨ੍ਹਾਂ ਦਾ ਉਹ ਇਲਾਜ ਨਹੀਂ ਕਰ ਸਕਦੇ। ਉਦਾਹਰਨ ਲਈ, ਲੋਕ ਕਈ ਵਾਰ ਵਾਇਰਲ ਲਾਗਾਂ ਲਈ ਐਂਟੀਬਾਇਓਟਿਕਸ ਲੈਂਦੇ ਹਨ। ਇਸ ਤੋਂ ਇਲਾਵਾ, ਕੁਆਕਸ ਜਾਂ ਫਾਰਮਾਸਿਸਟ ਦੁਆਰਾ ਨਿਰਧਾਰਤ ਐਂਟੀਬਾਇਓਟਿਕਸ ਵੀ ਇਸ ਮੁੱਦੇ ਨੂੰ ਵਧਾਉਣ ਵਿਚ ਯੋਗਦਾਨ ਪਾਉਂਦੇ ਹਨ।

ਫਾਰਮ ਜਾਨਵਰਾਂ ਵਿਚ ਐਂਟੀਬਾਇਓਟਿਕਸ ਦੀ ਵਰਤੋਂ ਡਰੱਗ ਪ੍ਰਤੀਰੋਧ ਨੂੰ ਵਧਾ ਸਕਦੀ ਹੈ। ਵਿਗਿਆਨੀਆਂ ਨੇ ਮੀਟ ਅਤੇ ਭੋਜਨ ਦੀਆਂ ਫਸਲਾਂ ਵਿਚ ਡਰੱਗ-ਰੋਧਕ ਬੈਕਟੀਰੀਆ ਲੱਭੇ ਹਨ, ਜੋ ਖਾਦਾਂ ਜਾਂ ਦੂਸ਼ਿਤ ਪਾਣੀ ਦੇ ਸੰਪਰਕ ਵਿਚ ਆਉਂਦੇ ਹਨ। ਇਸ ਤਰ੍ਹਾਂ, ਜਾਨਵਰਾਂ ਨੂੰ ਪ੍ਰਭਾਵਿਤ ਕਰਨ ਵਾਲੀਆਂ ਬਿਮਾਰੀਆਂ ਮਨੁੱਖਾਂ ਵਿਚ ਫੈਲ ਸਕਦੀਆਂ ਹਨ। ਜਿਹੜੇ ਲੋਕ ਗੰਭੀਰ ਰੂਪ ਵਿਚ ਬਿਮਾਰ ਹੁੰਦੇ ਹਨ, ਉਨ੍ਹਾਂ ਨੂੰ ਅਕਸਰ ਐਂਟੀਮਾਈਕਰੋਬਾਇਲ ਦਵਾਈਆਂ ਦੀਆਂ ਉੱਚ ਖੁਰਾਕਾਂ ਦਿੱਤੀਆਂ ਜਾਂਦੀਆਂ ਹਨ। ਇਹ ਏ.ਐੱਮ.ਆਰ. ਸੂਖਮ ਜੀਵਾਣੂਆਂ ਦੇ ਫੈਲਣ ਨੂੰ ਉਤਸ਼ਾਹਿਤ ਕਰਦਾ ਹੈ, ਖਾਸ ਤੌਰ 'ਤੇ ਵਾਤਾਵਰਣ ਵਿਚ ਜਿੱਥੇ ਵੱਖ-ਵੱਖ ਬਿਮਾਰੀਆਂ ਮੌਜੂਦ ਹੁੰਦੀਆਂ ਹਨ। ਐਂਟੀਬਾਇਓਟਿਕਸ ਦੀ ਦੁਰਵਰਤੋਂ ਅਤੇ ਜ਼ਿਆਦਾ ਵਰਤੋਂ, ਲਾਗ ਦੀ ਰੋਕਥਾਮ ਅਤੇ ਨਿਯੰਤਰਣ ਦੀ ਘਾਟ ਦੇ ਨਾਲ, ਐਂਟੀਬਾਇਓਟਿਕ ਪ੍ਰਤੀਰੋਧ ਨੂੰ ਤੇਜ਼ ਕਰਨ ਵੱਲ ਲੈ ਜਾਂਦੀ ਹੈ। ਵਿਰੋਧ ਦੇ ਪ੍ਰਭਾਵ ਨੂੰ ਘਟਾਉਣ ਅਤੇ ਇਸ ਦੇ ਫੈਲਾਅ ਨੂੰ ਸੀਮਤ ਕਰਨ ਲਈ ਸਮਾਜ ਦੇ ਹਰ ਪੱਧਰ 'ਤੇ ਕਦਮ ਚੁੱਕੇ ਜਾ ਸਕਦੇ ਹਨ।

ਐਂਟੀਬਾਇਓਟਿਕ ਪ੍ਰਤੀਰੋਧ ਦੇ ਫੈਲਣ ਨੂੰ ਰੋਕਣ ਅਤੇ ਕੰਟਰੋਲ ਕਰਨ ਲਈ, ਵਿਅਕਤੀਆਂ ਨੂੰ ਐਂਟੀਬਾਇਓਟਿਕਸ ਦੀ ਵਰਤੋਂ ਕੇਵਲ ਉਦੋਂ ਹੀ ਕਰਨੀ ਚਾਹੀਦੀ ਹੈ, ਜਦੋਂ ਇੱਕ ਪ੍ਰਮਾਣਿਤ ਸਿਹਤ ਪੇਸ਼ੇਵਰ ਦੁਆਰਾ ਤਜਵੀਜ਼ ਕੀਤੀ ਜਾਂਦੀ ਹੈ। ਜੇ ਤੁਹਾਡਾ ਸਿਹਤ ਕਰਮਚਾਰੀ ਕਹਿੰਦਾ ਹੈ ਕਿ ਤੁਹਾਨੂੰ ਐਂਟੀਬਾਇਓਟਿਕਸ ਦੀ ਲੋੜ ਨਹੀਂ ਹੈ, ਤਾਂ ਕਦੇ ਵੀ ਐਂਟੀਬਾਇਓਟਿਕਸ ਦੀ ਮੰਗ ਨਾ ਕਰੋ। ਐਂਟੀਬਾਇਓਟਿਕਸ ਦੀ ਵਰਤੋਂ ਕਰਦੇ ਸਮੇਂ ਹਮੇਸ਼ਾ ਆਪਣੇ ਸਿਹਤ ਕਰਮਚਾਰੀ ਦੀ ਸਲਾਹ ਦੀ ਪਾਲਣਾ ਕਰੋ। ਬਚੇ ਹੋਏ ਐਂਟੀਬਾਇਓਟਿਕਸ ਨੂੰ ਕਦੇ ਵੀ ਸਾਂਝਾ ਜਾਂ ਵਰਤੋਂ ਨਾ ਕਰੋ। ਨਿਯਮਿਤ ਤੌਰ 'ਤੇ ਹੱਥ ਧੋਣ, ਭੋਜਨ ਨੂੰ ਸਾਫ਼-ਸੁਥਰਾ ਢੰਗ ਨਾਲ ਤਿਆਰ ਕਰਨ, ਬਿਮਾਰ ਲੋਕਾਂ ਨਾਲ ਨਜ਼ਦੀਕੀ ਸੰਪਰਕ ਤੋਂ ਪਰਹੇਜ਼ ਕਰਨ, ਸੁਰੱਖਿਅਤ ਸੈਕਸ ਦਾ ਅਭਿਆਸ ਕਰਨ ਅਤੇ ਟੀਕਾਕਰਨ ਨੂੰ ਅੱਪ ਟੂ ਡੇਟ ਰੱਖਣ ਦੁਆਰਾ ਲਾਗ ਨੂੰ ਰੋਕੋ। ਸੁਰੱਖਿਅਤ ਭੋਜਨ ਲਈ ਡਬਲਯੂ.ਐੱਚ.ਓ. ਦੀਆਂ ਪੰਜ ਕੁੰਜੀਆਂ (ਸਾਫ਼ ਰੱਖੋ, ਕੱਚੇ ਅਤੇ ਪਕਾਏ ਨੂੰ ਵੱਖ ਕਰੋ, ਚੰਗੀ ਤਰ੍ਹਾਂ ਪਕਾਓ, ਭੋਜਨ ਨੂੰ ਸੁਰੱਖਿਅਤ ਤਾਪਮਾਨ 'ਤੇ ਰੱਖੋ, ਸੁਰੱਖਿਅਤ ਪਾਣੀ ਅਤੇ ਕੱਚੇ ਮਾਲ ਦੀ ਵਰਤੋਂ ਕਰੋ) ਦੀ ਪਾਲਣਾ ਕਰਦੇ ਹੋਏ ਭੋਜਨ ਨੂੰ ਸਵੱਛਤਾ ਨਾਲ ਤਿਆਰ ਕਰੋ ਅਤੇ ਵਿਕਾਸ ਨੂੰ ਵਧਾਉਣ ਜਾਂ ਬਿਮਾਰੀ ਨੂੰ ਰੋਕਣ ਲਈ ਐਂਟੀਬਾਇਓਟਿਕਸ ਦੀ ਵਰਤੋਂ ਤੋਂ ਬਿਨਾਂ ਪੈਦਾ ਕੀਤੇ ਭੋਜਨਾਂ ਦੀ ਚੋਣ ਕਰੋ। ਸਿਹਤਮੰਦ ਜਾਨਵਰਾਂ ਵਿਚ।

ਐਂਟੀਬਾਇਓਟਿਕ ਪ੍ਰਤੀਰੋਧ ਦੇ ਫੈਲਣ ਨੂੰ ਰੋਕਣ ਅਤੇ ਨਿਯੰਤਰਣ ਕਰਨ ਲਈ, ਨੀਤੀ ਨਿਰਮਾਤਾਵਾਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਐਂਟੀਬਾਇਓਟਿਕ ਪ੍ਰਤੀਰੋਧ ਦਾ ਮੁਕਾਬਲਾ ਕਰਨ ਲਈ ਇੱਕ ਮਜ਼ਬੂਤ ਰਾਸ਼ਟਰੀ ਕਾਰਜ ਯੋਜਨਾ ਲਾਗੂ ਹੈ। ਐਂਟੀਬਾਇਓਟਿਕ-ਰੋਧਕ ਲਾਗਾਂ ਦੀ ਨਿਗਰਾਨੀ ਵਿਚ ਸੁਧਾਰ ਕਰੋ। ਨੀਤੀਆਂ, ਪ੍ਰੋਗਰਾਮਾਂ ਅਤੇ ਲਾਗ ਦੀ ਰੋਕਥਾਮ ਅਤੇ ਨਿਯੰਤਰਣ ਉਪਾਵਾਂ ਨੂੰ ਲਾਗੂ ਕਰਨ ਨੂੰ ਮਜ਼ਬੂਤ ਕਰਨਾ, ਗੁਣਵੱਤਾ ਵਾਲੀਆਂ ਦਵਾਈਆਂ ਦੀ ਸਹੀ ਵਰਤੋਂ ਅਤੇ ਨਿਪਟਾਰੇ ਨੂੰ ਨਿਯੰਤ੍ਰਿਤ ਅਤੇ ਉਤਸ਼ਾਹਿਤ ਕਰਨਾ, ਐਂਟੀਬਾਇਓਟਿਕ ਪ੍ਰਤੀਰੋਧ ਦੇ ਪ੍ਰਭਾਵ ਬਾਰੇ ਜਾਣਕਾਰੀ ਪ੍ਰਦਾਨ ਕਰੋ। ਐਂਟੀਬਾਇਓਟਿਕ ਪ੍ਰਤੀਰੋਧ ਦੇ ਫੈਲਣ ਨੂੰ ਰੋਕਣ ਅਤੇ ਨਿਯੰਤਰਣ ਕਰਨ ਲਈ, ਸਿਹਤ ਸੰਭਾਲ ਪੇਸ਼ੇਵਰਾਂ ਨੂੰ ਇਹ ਯਕੀਨੀ ਬਣਾ ਕੇ ਲਾਗਾਂ ਨੂੰ ਰੋਕਣਾ ਚਾਹੀਦਾ ਹੈ ਕਿ ਉਨ੍ਹਾਂ ਦੇ ਹੱਥ, ਉਪਕਰਣ ਅਤੇ ਵਾਤਾਵਰਣ ਸਾਫ਼ ਹੈ। ਮੌਜੂਦਾ ਦਿਸ਼ਾ-ਨਿਰਦੇਸ਼ਾਂ ਦੇ ਅਨੁਸਾਰ, ਐਂਟੀਬਾਇਓਟਿਕਸ ਕੇਵਲ ਲੋੜ ਪੈਣ 'ਤੇ ਹੀ ਲਿਖੋ। ਨਿਗਰਾਨੀ ਟੀਮਾਂ ਨੂੰ ਐਂਟੀਬਾਇਓਟਿਕ-ਰੋਧਕ ਲਾਗਾਂ ਦੀ ਰਿਪੋਰਟ ਕਰੋ। ਆਪਣੇ ਮਰੀਜ਼ਾਂ ਨਾਲ ਇਸ ਬਾਰੇ ਗੱਲ ਕਰੋ ਕਿ ਐਂਟੀਬਾਇਓਟਿਕਸ ਨੂੰ ਸਹੀ ਢੰਗ ਨਾਲ ਕਿਵੇਂ ਲੈਣਾ ਹੈ, ਐਂਟੀਬਾਇਓਟਿਕ ਪ੍ਰਤੀਰੋਧ ਅਤੇ ਦੁਰਵਰਤੋਂ ਦੇ ਖ਼ਤਰੇ। ਲਾਗ ਨੂੰ ਰੋਕਣ ਬਾਰੇ ਆਪਣੇ ਮਰੀਜ਼ਾਂ ਨਾਲ ਗੱਲ ਕਰੋ (ਉਦਾਹਰਨ ਲਈ ਟੀਕੇ ਲਗਾਉਣਾ, ਹੱਥ ਧੋਣਾ, ਸੁਰੱਖਿਅਤ ਸੈਕਸ ਦਾ ਅਭਿਆਸ ਕਰਨਾ ਅਤੇ ਛਿੱਕਣ ਵੇਲੇ ਨੱਕ ਅਤੇ ਮੂੰਹ ਨੂੰ ਢੱਕਣਾ)।

ਐਂਟੀਬਾਇਓਟਿਕ ਪ੍ਰਤੀਰੋਧ ਦੇ ਫੈਲਣ ਨੂੰ ਰੋਕਣ ਅਤੇ ਕੰਟਰੋਲ ਕਰਨ ਲਈ, ਸਿਹਤ ਉਦਯੋਗ ਨੂੰ ਨਵੇਂ ਐਂਟੀਬਾਇਓਟਿਕਸ, ਟੀਕਿਆਂ, ਡਾਇਗਨੌਸਟਿਕਸ ਅਤੇ ਹੋਰ ਸਾਧਨਾਂ ਦੀ ਖੋਜ ਅਤੇ ਵਿਕਾਸ ਵਿਚ ਨਿਵੇਸ਼ ਕਰਨਾ ਚਾਹੀਦਾ ਹੈ। ਐਂਟੀਬਾਇਓਟਿਕ ਪ੍ਰਤੀਰੋਧ ਦੇ ਫੈਲਣ ਨੂੰ ਰੋਕਣ ਅਤੇ ਨਿਯੰਤਰਣ ਕਰਨ ਲਈ, ਖੇਤੀਬਾੜੀ ਸੈਕਟਰ ਨੂੰ ਸਿਰਫ ਵੈਟਰਨਰੀ ਨਿਗਰਾਨੀ ਹੇਠ ਜਾਨਵਰਾਂ ਨੂੰ ਐਂਟੀਬਾਇਓਟਿਕਸ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਸਿਹਤਮੰਦ ਜਾਨਵਰਾਂ ਵਿਚ ਵਿਕਾਸ ਜਾਂ ਬਿਮਾਰੀਆਂ ਨੂੰ ਰੋਕਣ ਲਈ ਐਂਟੀਬਾਇਓਟਿਕਸ ਦੀ ਵਰਤੋਂ ਨਾ ਕਰੋ। ਐਂਟੀਬਾਇਓਟਿਕਸ ਦੀ ਲੋੜ ਨੂੰ ਘਟਾਉਣ ਲਈ ਜਾਨਵਰਾਂ ਨੂੰ ਟੀਕਾ ਲਗਾਓ ਅਤੇ ਉਪਲਬਧ ਹੋਣ 'ਤੇ ਐਂਟੀਬਾਇਓਟਿਕਸ ਦੇ ਵਿਕਲਪਾਂ ਦੀ ਵਰਤੋਂ ਕਰੋ। ਜਾਨਵਰਾਂ ਅਤੇ ਪੌਦਿਆਂ ਦੇ ਸਰੋਤਾਂ ਤੋਂ ਭੋਜਨ ਦੇ ਉਤਪਾਦਨ ਅਤੇ ਪ੍ਰੋਸੈਸਿੰਗ ਦੇ ਸਾਰੇ ਪੜਾਵਾਂ 'ਤੇ ਚੰਗੇ ਅਭਿਆਸਾਂ ਨੂੰ ਉਤਸ਼ਾਹਿਤ ਅਤੇ ਲਾਗੂ ਕਰਨਾ। ਖੇਤਾਂ 'ਤੇ ਬਾਇਓਸੁਰੱਖਿਆ ਵਿਚ ਸੁਧਾਰ ਕਰੋ ਅਤੇ ਬਿਹਤਰ ਸਫਾਈ ਅਤੇ ਜਾਨਵਰਾਂ ਦੀ ਭਲਾਈ ਦੁਆਰਾ ਲਾਗਾਂ ਨੂੰ ਰੋਕੋ।

ਰੋਗਾਣੂਨਾਸ਼ਕ ਪ੍ਰਤੀਰੋਧ ਨੂੰ ਮਨੁੱਖ, ਜਾਨਵਰ ਅਤੇ ਵਾਤਾਵਰਣ ਦੀ ਸਿਹਤ ਦੇ ਨਜ਼ਰੀਏ ਤੋਂ ਤੁਰੰਤ ਸੰਬੋਧਿਤ ਕਰਨ ਦੀ ਜ਼ਰੂਰਤ ਹੈ। ਸਾਰੇ ਦੇਸ਼ਾਂ ਨੂੰ ਏ.ਆਰ.ਜੀਐੱਸ ਅਤੇ ਐਂਟੀਬਾਇਓਟਿਕਸ ਦੇ ਫੈਲਣ ਨੂੰ ਸੀਮਤ ਕਰਨ ਲਈ ਮਿਲ ਕੇ ਕੰਮ ਕਰਨ ਦੀ ਲੋੜ ਹੈ, ਜਿਸ ਵਿਚ ਅਸੀਂ ਰਹਿੰਦੇ ਹਾਂ। ਹਾਲਾਂਕਿ ਜ਼ਿਆਦਾਤਰ ਦੇਸ਼ਾਂ ਦੁਆਰਾ ਰਾਸ਼ਟਰੀ ਕਾਰਜ ਯੋਜਨਾਵਾਂ ਬਣਾਈਆਂ ਗਈਆਂ ਹਨ, ਪਰ ਇਹ ਯੋਜਨਾਵਾਂ ਅਜੇ ਵੀ ਕਾਗਜ਼ ਤੋਂ ਜ਼ਮੀਨ ਤੱਕ ਨਹੀਂ ਗਈਆਂ ਹਨ ਕਿਉਂਕਿ ਐਂਟੀਬਾਇਓਟਿਕਸ ਦੀ ਖੁੱਲ੍ਹ ਕੇ ਵਰਤੋਂ ਕੀਤੀ ਜਾਂਦੀ ਹੈ।




Editorial Board
Chief Editor
Gurjatinder Singh Randhawa
Sub Editors
Sandeep Kumar
Amit Saini
Distributor
Jai Singh
Website
Nikhil

Punjab Mail USA
9883 Novara Way,
Elk Grove, CA 95757
Ph: 916-320-9444
Fax : 916-209-8726
Email : punjabmailusa@yahoo.com
web : www.punjabmailusa.com

Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction.
ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

ਡਾ. ਸੁਰਿੰਦਰ ਮੰਡ
ਸੁੰਦਰ ਵਿਹਾਰ, ਤਲਵਾੜਾ
(ਜ਼ਿਲ੍ਹਾ ਹੁਸ਼ਿਆਰਪੁਰ)
94143-24543



ਪੰਜਾਬ ਮੇਲ USA

## ਮੱਧ ਪੂਰਬ ਜੰਗੀ ਸੰਕਟ

# ਇਜ਼ਰਾਈਲ-ਇਰਾਨ ਜੰਗ ਨਾਲ ਜੁੜੇ ਗੁੱਝੇ ਤੱਥ

**ਫਲਸਤੀਨ ਸਮੁੰਦਰ ਕੰਢੇ ਸਦੀਆਂ ਤੋਂ ਸੁੱਖੀਂ ਸਾਂਦੀ ਵੱਸ ਰਿਹਾ ਪ੍ਰਾਚੀਨ ਸੱਭਿਅਤਾ ਵਾਲਾ ਮੁਲਕ ਸੀ। ਜਿਸ ਉੱਤੇ 1948 ਵਿਚ ਬਸਤੀ ਵਜੋਂ ਇੰਗਲੈਂਡ ਦਾ ਕਬਜ਼ਾ ਸੀ। ਜਿੱਥੇ ਯੋਰੂਸ਼ਲਮ ਹੈ, ਜਿਸਨੂੰ ਈਸਾਈ, ਯਹੂਦੀ ਅਤੇ ਮੁਸਲਿਮ ਤਿੰਨਾਂ ਹੀ ਧਾਰਮਿਕ ਭਾਈਚਾਰਿਆਂ ਦਾ ਪਵਿੱਤਰ ਥਾਂ ਹੋਣ ਦਾ ਮਾਣ ਹਾਸਲ ਹੈ। ਮਿਸਰ, ਫਲਸਤੀਨ, ਇਰਾਕ, ਸਾਊਦੀ ਅਰਬ, ਇਰਾਨ, ਤੁਰਕੀ, ਅਫਗਾਨਿਸਤਾਨ, ਭਾਰਤ-ਪਾਕਿਸਤਾਨ, ਬੰਗਲਾ ਦੇਸ਼, ਚੀਨ, ਇਹ ਸਾਰੀ ਪੱਟੀ ਹੀ ਪ੍ਰਾਚੀਨ ਇਨਸਾਨੀ ਵਿਰਾਸਤ ਅਤੇ ਗਿਆਨ ਦਾ ਕੇਂਦਰ ਰਹੀ ਹੈ।**

ਇਜ਼ਰਾਈਲ ਅਤੇ ਇਰਾਨ ਦਾ ਯੁੱਧ ਛਿੜ ਪਿਆ ਹੈ। ਇਜ਼ਰਾਈਲ ਯਹੂਦੀ ਪ੍ਰਭੁਤਾ ਅਤੇ ਪਾਸਾਰ ਨੂੰ ਸਮਰਪਿਤ ਦੇਸ਼ ਹੈ, ਅਤੇ ਇਰਾਨ 1979 ਤੋਂ ਬਾਅਦ ਇਸਲਾਮਿਕ ਸੋਚ ਨੂੰ।

ਯਹੂਦੀ ਸਮੁਦਾਇ ਕੁੱਲ ਦੁਨੀਆਂ ਵਿਚ ਪੜ੍ਹੇ-ਲਿਖੇ ਖੁਸ਼ਹਾਲ ਵਪਾਰੀ, ਪਰ ਹਰ ਮੁਲਕ ਵਿਚ ਘੱਟ ਗਿਣਤੀ ਲੋਕ ਸਨ। ਆਪਣੀ ਨਸਲੀ ਸ਼ੁੱਧਤਾ ਤੋਂ ਸੁਚੇਤ।

ਯੂਰਪ ਵਿਚ ਯਹੂਦੀਆਂ ਨੂੰ ਧਾਰਮਿਕ ਨਸਲੀ ਵਖਰੇਵੇਂ ਅਤੇ ਆਰਥਿਕ ਸ਼ਰੀਕੇਬਾਜ਼ੀ ਦੇ ਚੱਲਦਿਆਂ ਖਤਰੇ ਵਜੋਂ ਵੇਖਦਿਆਂ ਨਿਸ਼ਾਨਾ ਬਣਾਇਆ ਜਾਂਦਾ ਰਿਹਾ। ਇਸਦੀ ਸਿਖਰ ਸੀ ਦੂਜੀ ਸੰਸਾਰ ਜੰਗ ਸਮੇਂ 1945 ਤੱਕ ਜਰਮਨ ਵਿਚ ਹਿਟਲਰ ਦੁਆਰਾ ਲੱਖਾਂ ਯਹੂਦੀਆਂ ਦਾ ਸਿੱਧਾ ਕਤਲੇਆਮ। ਯੂਰਪ ਅਤੇ ਹਿਟਲਰ ਈਸਾਈ ਸੀ। ਜ਼ਾਹਿਰ ਹੈ ਕਿ ਇਸ ਉਪਰੰਤ ਕਦੀ ਨਾ ਮੁੱਕਣ ਵਾਲਾ ਯਹੂਦੀ-ਈਸਾਈ ਕਲੇਸ਼ਖਾਨਾ ਸ਼ੁਰੂ ਹੋ ਜਾਂਦਾ। ਪਰ ਅਮਰੀਕਾ, ਇੰਗਲੈਂਡ, ਯੂਰਪੀ ਚਾਲਾਕ ਨਿਕਲੇ।

ਫਲਸਤੀਨ ਸਮੁੰਦਰ ਕੰਢੇ ਸਦੀਆਂ ਤੋਂ ਸੁੱਖੀਂ ਸਾਂਦੀ ਵੱਸ ਰਿਹਾ ਪ੍ਰਾਚੀਨ ਸੱਭਿਅਤਾ ਵਾਲਾ ਮੁਲਕ ਸੀ। ਜਿਸ ਉੱਤੇ 1948 ਵਿਚ ਬਸਤੀ ਵਜੋਂ ਇੰਗਲੈਂਡ ਦਾ ਕਬਜ਼ਾ ਸੀ। ਜਿੱਥੇ ਯੋਰੂਸ਼ਲਮ ਹੈ, ਜਿਸਨੂੰ ਈਸਾਈ, ਯਹੂਦੀ ਅਤੇ ਮੁਸਲਿਮ ਤਿੰਨਾਂ ਹੀ ਧਾਰਮਿਕ ਭਾਈਚਾਰਿਆਂ ਦਾ ਪਵਿੱਤਰ ਥਾਂ ਹੋਣ ਦਾ ਮਾਣ ਹਾਸਲ ਹੈ। ਮਿਸਰ, ਫਲਸਤੀਨ, ਇਰਾਕ, ਸਾਊਦੀ ਅਰਬ, ਇਰਾਨ, ਤੁਰਕੀ, ਅਫਗਾਨਿਸਤਾਨ, ਭਾਰਤ-ਪਾਕਿਸਤਾਨ, ਬੰਗਲਾ ਦੇਸ਼, ਚੀਨ, ਇਹ ਸਾਰੀ ਪੱਟੀ ਹੀ ਪ੍ਰਾਚੀਨ ਇਨਸਾਨੀ ਵਿਰਾਸਤ ਅਤੇ ਗਿਆਨ ਦਾ ਕੇਂਦਰ ਰਹੀ ਹੈ। ਧਰਤੀ ਹੇਠਲੇ ਲੱਭੇ ਤੇਲ ਭੰਡਾਰਾਂ ਇਸਨੂੰ ਹੋਰ ਲੁਭਾਉਣਾ ਬਣਾ ਦਿੱਤਾ। ਭਾਰਤ ਚੀਨ ਨੂੰ ਛੱਡ ਕੇ ਇਹ ਸਾਰਾ ਖਿੱਤਾ ਮੁਸਲਿਮ ਬਹੁਲ ਹੈ।

ਸੋ ਅਮਰੀਕਾ ਇੰਗਲੈਂਡ ਨੇ ਯੂ.ਐੱਨ. ਰਾਹੀਂ ਪੂਰਾ ਜੁਗਾੜ ਕਰਕੇ ਮੁਸਲਿਮ ਬਹੁਲ ਫਲਸਤੀਨ ਨੂੰ ਤਕਰੀਬਨ ਅੱਧਾ-ਅੱਧਾ ਵੰਡ ਕੇ 1948 'ਚ ਯਹੂਦੀ ਮੁਲਕ ਇਜ਼ਰਾਈਲ ਬਣਾ ਦਿੱਤਾ। ਉਸਦੇ ਸਰਪ੍ਰਸਤ ਬਣ ਗਏ। ਹੌਲੀ-ਹੌਲੀ ਬਹਾਨੇ ਬਣਾ-ਬਣਾ ਕੇ ਫਲਸਤੀਨੀਆਂ ਨੂੰ ਇਕ ਤਰ੍ਹਾਂ ਗੁਲਾਮ ਬਣਾ ਕੇ ਸਾਰੇ ਦੇਸ਼ ਉੱਤੇ ਕਬਜ਼ਾ ਕਰ ਲਿਆ, ਉਜਾੜਾ ਕੀਤਾ, ਜ਼ੁਲਮ ਕੀਤੇ, ਜੇਲ੍ਹੀਂ ਡੱਕਿਆ। ਅੱਜ ਫਲਸਤੀਨ ਨਾਮ ਦਾ ਕੋਈ ਆਜ਼ਾਦ ਦੇਸ਼ ਨਹੀਂ ਹੈ। 2012 ਤੋਂ ਫਲਸਤੀਨ ਦੀ ਯੂ.ਐੱਨ.ਓ. ਵਿਚ ਕੋਈ ਪ੍ਰਤੀਨਿਧਤਾ ਨਹੀਂ। ਉੱਜੜੇ ਲੱਖਾਂ ਫਲਸਤੀਨੀ ਦੂਜੇ ਮੁਲਕਾਂ ਵਿਚ ਸ਼ਰਨਾਰਥੀ ਹਨ। ਮਗਰੋਂ ਯੂ.ਐੱਨ.ਓ. ਨੇ ਸੈਂਕੜੇ ਮਤੇ ਫਲਸਤੀਨ ਦੇ ਹੱਕ ਵਿਚ ਪਾਸ ਕੀਤੇ, ਜੋ ਅਮਰੀਕਾ ਨੇ ਵੀਟੋ ਕੀਤੇ ਅਤੇ ਇਜ਼ਰਾਈਲ ਨੇ ਨਹੀਂ ਮੰਨੇ। ਇਹ ਹਾਲਾਤ ਸਾਰੀ ਪੁਆੜੇ ਦੀ ਜੜ੍ਹ ਹਨ। ਅੱਜ ਦੀ ਮੋਦੀ ਸਰਕਾਰ ਦੀ ਇਜ਼ਰਾਈਲ ਨਾਲ ਬੇਲਪੁਣੇ ਵਾਲੀ ਨੀਤੀ ਨੂੰ ਛੱਡ ਕੇ, ਭਾਰਤ ਹਮੇਸ਼ਾਂ ਫਲਸਤੀਨ ਦੇ ਹੱਕ ਵਿਚ ਸਪੱਸ਼ਟ ਖਲੋਤਾ ਹੈ। ਸੋ ਇੰਜ ਫਲਸਤੀਨ ਦਾ ਇਜ਼ਰਾਈਲ ਨਾਲ ਲੜਾਈ-ਝਗੜਾ ਪਿਛਲੇ ਸਾਲ ਹਮਾਸ ਦੇ ਹਮਲੇ ਤੋਂ ਸ਼ੁਰੂ ਨਹੀਂ ਹੋਇਆ, ਜਿਵੇਂ ਕਿ ਸਾਡਾ ਸ਼ਰਾਰਤੀ ਖਬਰ ਚੈਨਲ ਮੀਡੀਆ ਪ੍ਰਚਾਰਨ 'ਤੇ ਤੁੱਲਿਆ।

ਯੂ.ਐੱਨ.ਓ. ਨੇ ਜੂਨ 2024 ਵਿਚ ਵੀ ਮਤਾ ਪਾਸ ਕੀਤਾ ਹੈ ਕਿ ਫਲਸਤੀਨ ਪ੍ਰਭੂਸੱਤਾ ਸੰਪੰਨ ਦੇਸ਼ ਹੈ। 193 ਵਿਚੋਂ 146 ਮੈਂਬਰਾਂ ਇਸ ਦੇ ਹੱਕ ਵਿਚ ਵੋਟ ਪਾਈ। ਤਾਜ਼ੇ 17 ਸਤੰਬਰ ਨੂੰ ਪਾਸ ਕੀਤੇ ਮਤੇ ਵਿਚ ਵੀ ਇਕ ਸਾਲ ਦੇ ਅੰਦਰ ਫਲਸਤੀਨ ਦਾ ਕਬਜ਼ਾ ਛੱਡਣ ਦਾ ਇਜ਼ਰਾਈਲ ਨੂੰ ਨਿਰਦੇਸ਼ ਦਿੱਤਾ ਹੈ, ਜਿਸਨੂੰ ਮੰਨਣ ਤੋਂ ਉਸਨੇ ਇਨਕਾਰ ਕਰ ਦਿੱਤਾ ਹੈ।



ਕਿਸੇ ਵੇਲੇ 'ਅਰਬ ਲੀਗ' ਅਤੇ 'ਗੁੱਟ ਨਿਰਲੇਪ' ਮੁਲਕਾਂ ਦੇ ਸੰਗਠਨ ਸਨ, ਜੋ ਅਮਰੀਕੀ ਅਤੇ 'ਨਾਟੋ' ਫੌਜੀ ਧੌਂਸ ਦੇ ਚੱਲਦਿਆਂ ਮਰ ਮੁੱਕ ਗਏ। ਸੋਵੀਅਤ ਯੂਨੀਅਨ ਦੇ ਪਤਨ ਮਗਰੋਂ ਅਮਰੀਕਾ ਨੇ ਸਗੋਂ 'ਨਾਟੋ' ਦਾ ਹੋਰ ਬੇਲੋੜਾ ਵਿਸਥਾਰ ਕਰਦਿਆਂ ਆਪਣੇ ਨਾਲ ਅਸਹਿਮਤ ਦੇਸ਼ਾਂ ਨੂੰ ਫੌਰੀ ਮਸਲਨ ਦੀ ਨੀਤੀ ਫੜੀ। ਝੂਠੇ ਖੋਖਲੇ ਬਹਾਨੇ ਬਣਾ ਕੇ ਇਰਾਕ ਅਤੇ ਲਿਬੀਆ ਮਸਲ ਸੁੱਟੇ। ਇਰਾਕੀ ਰਾਸ਼ਟਰਪਤੀ ਸੱਦਾਮ ਹੁਸੈਨ ਅਰਬ ਏਕਤਾ ਦਾ ਨਾਹਰਾ ਦਿੰਦਾ ਸੀ। ਪਹਿਲਾਂ ਕਿਹਾ ਕਿ ਇਰਾਕ ਕੋਲ ਰਸਾਇਣਕ ਹਥਿਆਰਾਂ ਦੇ ਭੰਡਾਰ ਹਨ, ਉਸਦੇ ਘਰ ਦੀ ਵੀ ਤਲਾਸ਼ੀ ਲਈ। ਕੁਛ ਨਾ ਮਿਲਿਆ। ਫਿਰ ਨਾਦਰਸ਼ਾਹੀ ਫੁਰਮਾਨ ਦਿੱਤਾ ਕਿ ਤਿੰਨ ਦਿਨਾਂ 'ਚ ਗੱਦੀ ਛੱਡੋ, ਤੇ ਫਿਰ ਹਮਲਾ ਕਰ ਦਿੱਤਾ। ਸੱਦਾਮ ਹੁਸੈਨ ਫਾਹੇ ਟੰਗਤਾ। ਅੱਜ ਤੱਕ ਪੰਜ ਲੱਖ ਇਰਾਕੀ ਮਾਰੇ ਗਏ, ਦੇਸ਼ ਖਿੱਲਰ ਗਿਆ ਤੇ ਹੁਣ ਇਰਾਕ ਵਿਚ ਪੱਕਾ ਅਮਰੀਕੀ ਫੌਜੀ ਅੱਡਾ ਵੀ ਹੈ। ਲਿਬੀਆ ਦਾ ਰਾਸ਼ਟਰਪਤੀ ਕਰਨਲ ਗੱਦਾਫੀ 'ਗਰੀਨ ਬੁੱਕ' ਲਿਖ ਕੇ ਪੱਛਮੀ ਤਰਜ਼ ਦੇ ਵਿਕਾਸ ਮਾਡਲ ਦੀ ਬਜਾਏ ਸਥਾਨਕ ਹਿੱਤਾਂ ਅਨੁਕੂਲ ਵਿਕਾਸ ਮਾਡਲ ਨੂੰ ਪ੍ਰਚਾਰਦਾ ਸੀ। 1992 'ਚ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਚ ਲਿਬੀਆ ਸਰਕਾਰ ਵੱਲੋਂ ਸਪਾਂਸਰਡ ਇਕ ਸੈਮੀਨਾਰ ਵਿਚ, ਮੇਰੇ ਵਿਸ਼ਵ ਮੁੱਦਿਆਂ ਉੱਤੇ ਅਖਬਾਰਾਂ ਵਿਚ ਲੇਖ ਛਪਦੇ ਹੋਣ ਕਰਕੇ, ਮੈਨੂੰ ਵੀ ਬੋਲਣ ਲਈ ਬੁਲਾਇਆ ਗਿਆ ਸੀ। ਅਮਰੀਕੀਆਂ ਆਖਿਆ ਕਿ ਲਿਬੀਆ ਵਿਚ ਤਾਨਾਸ਼ਾਹੀ ਹੈ, ਗੱਦਾਫੀ ਨੂੰ ਬਹਾਨੇ ਬਣਾ ਕੇ ਮਾਰ ਮੁਕਾਇਆ। ਫਿਰ ਖਾਨਾਜੰਗੀ ਤੇ ਅੱਜ ਲਿਬੀਅਨ ਸ਼ਰਨਾਰਥੀ ਮੰਗਤੇ ਬਣੇ ਬੈਠੇ। ਇਸ ਤੋਂ ਬਾਅਦ ਫਿਰ ਤਾਨਾਸ਼ਾਹੀ ਵਾਲਾ ਬਹਾਨਾ ਲਾ ਕੇ ਰੂਸ ਪੱਖੀ ਮੁਲਕ ਸੀਰੀਆ ਦੀ ਸਰਕਾਰ ਡੇਗਣ ਲਈ ਧਾਵਾ ਬੋਲਿਆ ਪਰ ਵਿਚ ਰੂਸ ਆ ਖਲੋਤਾ। ਇੰਜ ਉੱਤਰੀ ਕੋਰੀਆ, ਇਰਾਨ ਅਤੇ ਕਿਊਬਾ ਬਚ ਨਿਕਲੇ, ਭਾਵੇਂ ਕਿ ਸਖਤ ਆਰਥਿਕ ਪਾਬੰਦੀਆਂ ਦੀ ਮਾਰ ਹੇਠ ਹਨ।



1979 ਤੱਕ ਇਰਾਨ ਦਾ ਸ਼ਾਸਕ ਮੁਹੰਮਦ ਰਜ਼ਾ ਪਹਿਲਵੀ ਅਮਰੀਕਾ ਇਜ਼ਰਾਈਲ ਪੱਖੀ ਸੀ, ਜਿਸ ਨੂੰ ਆਇਤੁਲਾ ਖੁਮੈਨੀ ਦੀ ਅਗਵਾਈ ਵਿਚ ਗੱਦੀ ਤੋਂ ਲਾਹ ਕੇ ਇਸਲਾਮਿਕ ਸਰਕਾਰ ਬਣੀ। ਇਰਾਨ ਉੱਤੇ ਸਖਤ ਅਮਰੀਕੀ ਪਾਬੰਦੀਆਂ ਲੱਗੀਆਂ। ਇਰਾਨ ਨੇ ਫਲਸਤੀਨ ਦੀ ਥਾਂ ਵਸਾਏ ਯਹੂਦੀ ਮੁਲਕ ਇਜ਼ਰਾਈਲ ਦੀ ਹੋਂਦ ਨੂੰ ਅਸਵੀਕਾਰ ਕੀਤਾ। ਤੇ ਇੰਜ ਵਧਦਾ-ਵਧਦਾ ਕਲੇਸ਼ ਅੱਜ ਦੀ ਜੰਗ ਤੱਕ ਪੁੱਜਾ। ਅੱਜ ਇਜ਼ਰਾਈਲ ਅਮਰੀਕਾ ਦਾ ਲੈਫਟੀਨੈਂਟ ਅਤੇ ਪੱਕੀ ਠਾਹਰ ਹੈ, ਲਾਕੜੀ ਹੈ। ਕਈ ਵਾਰ ਅਮਰੀਕਾ ਨਾਲ ਰਲ ਕੇ ਇਰਾਕ ਇਰਾਨ ਦੇ ਪ੍ਰਮਾਣੂ ਕੇਂਦਰਾਂ ਉੱਤੇ ਸਿੱਧਾ ਹਮਲਾ ਕਰ ਚੁੱਕਾ।

ਫਲਸਤੀਨੀਆਂ ਨੂੰ ਉਨ੍ਹਾਂ ਦੀ ਬਣਦੀ ਅੱਧੀ ਭੂਮੀ ਦੇ ਕੇ ਪ੍ਰਭੂਸੱਤਾ ਸੰਪੰਨ ਮੁਲਕ ਵਜੋਂ ਮਾਣ ਮਾਨਤਾ ਦੇਣ ਤੋਂ ਬਿਨਾ ਮਸਲੇ ਦਾ ਕੋਈ ਵੀ ਹੋਰ ਫੌਜੀ ਹੱਲ ਹੰਢਣਸਾਰ ਨਹੀਂ ਲੱਗਦਾ। ਫਲਸਤੀਨ ਨੂੰ ਹੱਕ ਦਿਵਾਉਣ ਦੀ ਕੋਈ ਚਰਚਾ ਨੀ ਹੋ ਰਹੀ। ਮੁੱਦਾ ਸਾਈਡ ਕਰ ਦਿੱਤਾ ਗਿਆ ਹੈ। ਚਰਚਾ ਇਹ ਫੈਲਾ ਦਿੱਤੀ ਗਈ ਹੈ ਕਿ ਇਹ ਤਾਂ ਕੋਈ ਹਮਾਸ ਅਤੇ ਹਿਜ਼ਬੁਲਾ ਵਰਗੇ ਅੱਤਵਾਦੀ ਸੰਗਠਨਾ ਨੂੰ ਕਾਬੂ ਕਰਨ ਦਾ ਮੁੱਦਾ ਹੈ।

ਕੈਦੀਆਂ ਦੇ ਵਟਾਂਦਰੇ ਨਾਲ ਇਜ਼ਰਾਈਲੀ ਬੰਧਕ ਛੁਡਾਏ ਜਾ ਰਹੇ ਸਨ, ਬਾਕੀ ਵੀ ਛੁਡਾਏ ਜਾ ਸਕਦੇ ਸਨ, ਪਰ ਰੋਕ ਕੇ ਗੱਲ ਲੜਾਈ ਵਧਾਉਣ ਵਾਲੇ ਬੰਨ੍ਹੇ ਤੋਰ ਕੇ ਗਾਜ਼ਾ ਦਾ ਮੁਕੰਮਲ ਉਜਾੜਾ, ਇਰਾਨ ਦੇ ਪਰਮਾਣੂ ਫੌਜੀ ਅਤੇ ਤੇਲ ਟਿਕਾਣਿਆਂ ਨੂੰ ਨਿਸ਼ਾਨਾ ਬਣਾਉਣ ਦਾ ਅਸਲ ਗੁੱਝਾ ਟੀਚਾ ਹਾਸਲ ਕਰਨ ਉੱਤੇ ਕੇਂਦਰਿਤ ਕੀਤੀ ਜਾ ਰਹੀ ਹੈ।

ਅਮਰੀਕਾ ਦੇ ਇਸ ਖਿੱਤੇ ਵਿਚ ਇਜ਼ਰਾਈਲ ਤੋਂ ਇਲਾਵਾ ਤੁਰਕੀ, ਇਰਾਕ, ਸੀਰੀਆ, ਬਹਿਰੀਨ, ਸਾਊਦੀ ਅਰਬ, ਕਤਰ, ਯੂ.ਏ.ਈ., ਓਮਾਨ, ਕੁਵੈਤ, ਸਾਈਪਰਸ ਵਿਚ ਪੱਕੇ ਫੌਜੀ ਅੱਡੇ ਹਨ, ਜਿੱਥੇ ਉਨ੍ਹਾਂ ਅਨੁਸਾਰ 40 ਹਜ਼ਾਰ ਫੌਜੀ ਤਾਇਨਾਤ ਹਨ, ਜੋ ਇਸ ਤੇਲ ਖਿੱਤੇ ਉੱਤੇ ਜ਼ੋਰਾਵਰੀ ਕਾਬੂ ਕਬਜ਼ੇ ਲਈ ਹਨ। ਸਾਡਾ ਮੀਡੀਆ ਚੇਤੇ ਰੱਖੇ ਕਿ ਬੰਗਲਾ ਦੇਸ਼ ਵਿਚ ਮੌਜੂਦਾ ਹਾਲਾਤ ਜੋ ਬਣੇ ਹਨ, ਜਿਵੇਂ ਉਥੇ ਹਿੰਦੂਆਂ ਨੂੰ ਵੀ ਨਿਸ਼ਾਨਾ ਬਣਾਇਆ ਜਾ ਰਿਹਾ, ਇਸ ਵਿਚ ਹੋਰ ਕਾਰਨਾਂ ਦੇ ਨਾਲ ਅਮਰੀਕਾ ਦਾ ਵੀ ਹੱਥ ਹੋਣ ਦੇ ਸਪੱਸ਼ਟ ਇਲਜ਼ਾਮ ਲੱਗੇ ਹਨ।

ਯੂਕਰੇਨ, ਫਲਸਤੀਨ, ਤਾਈਵਾਨ, ਉੱਤਰੀ ਕੋਰੀਆ ਆਦਿ ਸਭ ਵੱਡੇ ਕਲੇਸ਼ਖਾਨਿਆਂ ਵਿਚ ਹਰ ਥਾਂ ਇਕ ਪਾਸਿਉਂ ਅਮਰੀਕਾ ਮੋਹਰੀ ਹੈ। ਸਭ ਵਪਾਰਕ ਆਰਥਕ ਹਿੱਤਾਂ ਲਈ ਹੋ ਰਿਹਾ। ਇਹ ਆਮ ਅਮਰੀਕੀ ਲੋਕਾਂ ਦੇ ਹਿੱਤ ਵਿਚ ਵੀ ਨਹੀਂ। ਵੱਡੀ ਜੰਗ ਭੜਕੀ, ਤਾਂ ਵਪਾਰੀਆਂ ਨੇ ਤਾਂ ਨਹੀਂ ਮਰਨਾ, ਨਾ ਕਦੀ ਪਹਿਲਾਂ ਮਰੇ। ਦੇਸ਼ ਭਗਤੀ ਦਾ ਡੌਰੂ ਖੜਕਾ ਕੇ ਰੋਟੀ ਖਾਤਰ ਭਰਤੀ ਹੋਏ ਮਾਵਾਂ ਦੇ ਫੌਜੀ ਪੁੱਤਾਂ ਦਾ ਖੂਨ ਵਹਾਉਣਗੇ ਪਾਣੀ ਵਾਂਗ। ਤੇ ਫਿਰ ਪਹਿਲਾਂ ਵਾਂਗ ਬੈਠ ਕੇ ਸਮਝੌਤਾ ਕਰ ਲੈਣਗੇ, ਜਿਵੇਂ ਹੁਣ ਦੂਜੀ ਸੰਸਾਰ ਜੰਗ ਦੇ ਘੁਲਾਟੀਏ ਅਮਰੀਕਾ, ਜਪਾਨ, ਜਰਮਨ, ਇੰਗਲੈਂਡ, ਫਰਾਂਸ, ਇਟਲੀ ਜੱਫੀਆਂ ਪਾ ਰਹੇ ਨੇ। ਦੇਸ਼ ਭਗਤੀ ਖਾਤਰ ਮਰੇ ਫੌਜੀ ਦੱਸੋ ਕਿਹੜੇ ਖਾਤੇ ਗਏ? ਇਹੀ ਹੁਣ ਹੋਣਾ।

ਦੁਨੀਆਂ ਦੇ ਲੋਕਾਂ ਨੂੰ ਸਮਝਣਾ ਪਊ ਕਿ ਅਮਰੀਕਾ, ਇੰਗਲੈਂਡ ਵਰਗੇ 32 ਦੇਸ਼ਾਂ ਨੇ ਰਲ ਕੇ 'ਨਾਟੋ' ਫੌਜੀ ਗਠਜੋੜ ਮਾੜੇ ਮੁਲਕਾਂ ਨੂੰ ਲੁੱਟਣ ਕੁੱਟਣ ਲਈ ਬਣਾਇਆ ਹੈ, ਜੋ ਵਿਕਾਸਸ਼ੀਲ ਦੇਸ਼ਾਂ ਲਈ ਵੱਡਾ ਖਤਰਾ ਹੈ।

ਲੋਕੋ, ਬੇਭਰੋਸਗੀ ਏਨੀ ਹੈ ਕਿ ਹਥਿਆਰਾਂ ਦੀ ਦੌੜ ਕਦੀ ਨਹੀਂ ਜੇ ਰੁਕਣੀ। ਇਹ ਗੱਲ ਬਾਕੀ ਮੁਲਕਾਂ ਨਹੀਂ ਮੰਨਣੀ (ਭਾਰਤ ਨੇ ਵੀ ਨਹੀਂ ਸੀ ਮੰਨੀ) ਕਿ 8-10 ਮੁਲਕਾਂ ਕੋਲ ਪ੍ਰਮਾਣੂ ਹਥਿਆਰਾਂ ਦੀ ਕਾਨੂੰਨੀ ਧੌਂਸ ਹੋਵੇ ਅਤੇ ਬਾਕੀਆਂ ਨੂੰ ਵਰਜਿਆ ਜਾਵੇ ਕਿ ਇੰਜ ਕਰਨਾ ਗੈਰ ਕਾਨੂੰਨੀ ਹੈ। ਜੇ ਇਹ ਸੱਚ ਹੈ, ਤਾਂ ਕਿਸੇ ਨਾ ਕਿਸੇ ਦਿਨ ਵੱਡੀ ਤਬਾਹੀ ਅਟੱਲ ਹੈ। ਅਮੀਰਾਂ ਲੁੱਕ ਜਾਣਾ ਕਿਉਂਕਿ ਜਿੱਥੇ ਮਰਜ਼ੀ ਲੁੱਕ ਸਕਦੇ, ਤੇ ਮਰਨਾ ਆਮ ਲੋਕਾਂ। ਇਸ ਲਈ ਆਮ ਲੋਕਾਂ ਨੂੰ ਇਸ ਧਰਤੀ/ਇਨਸਾਨੀਅਤ ਵਿਰੋਧੀ ਚਲਨ ਵਿਰੁੱਧ ਫੌਰੀ ਉੱਠ ਖਲੋਣਾ ਚਾਹੀਦਾ।

ਦੁਖੀ ਯਹੂਦੀਆਂ ਦਾ, ਮੁਸਲਿਮ ਖਿੱਤੇ ਵਿਚ ਜਬਰੀ ਕਬਜ਼ੇ ਵਾਲਾ ਘਰ (ਇਜ਼ਰਾਈਲ ਦੇਸ਼) ਬਣਵਾ ਕੇ ਸ਼ੈਤਾਨ ਸਾਮਰਾਜੀਆਂ ਨੇ ਆਪਣੇ ਗਲੋਂ ਬਲਾ ਲਾਹੁਣ ਲਈ ਮੁਸਲਮਾਨਾਂ, ਯਹੂਦੀਆਂ ਦੋਹਾਂ ਨਾਲ ਜਾਣਬੁੱਝ ਕੇ ਧ੍ਰੋਹ ਕੀਤਾ ਹੈ। ਉਨ੍ਹਾਂ ਦੇ ਖਾਹਮਖਾਹ ਕੁੰਢ ਫਸਾ ਦਿੱਤੇ ਹਨ। ਖੁਸ਼ਹਾਲ ਯਹੂਦੀ ਇਥੇ ਹਮੇਸ਼ਾਂ ਤਨਾਓ ਬੇਯਕੀਨੀ ਦਾ ਸ਼ਿਕਾਰ ਰਹਿਣਗੇ। ਮਰਦੇ ਮਾਰਦੇ ਰਹਿਣਗੇ। ਧੱਕਾ ਸਦਾ ਨਹੀਂ ਚੱਲਦਾ ਹੁੰਦਾ। ਚੰਗੇ ਰਹਿਣਗੇ ਜੇ ਮੋੜਾ ਕੱਟਣ। ਫਲਸਤੀਨੀਆਂ ਨਾਲ ਸਨਮਾਨਜਨਕ ਸਮਝੌਤਾ ਕਰਨ ਦੀ ਖੁਦ ਪਹਿਲ ਕਰਨ। ਅਮੀਰ ਤਾਂ ਹਨ ਹੀ, ਸਿਆਣੇ ਬਣ ਕੇ ਅੱਗੇ ਲਈ ਆਪਣੇ ਬੱਚਿਆਂ ਦਾ ਹਿੱਤ ਸੋਚਣ। ਚੁੱਕਣ ਚੁਕਾਉਣ ਵਾਲਿਆਂ ਦਾ ਅਸਲੀ ਇਤਿਹਾਸਕ ਚਿਹਰਾ ਪਛਾਣਨ।

ਸ਼ਾਂਤੀ ਲਈ ਇਰਾਨ ਨੂੰ ਦਿੱਸਦਾ ਸੱਚ ਸਵੀਕਾਰਦਿਆਂ ਇਜ਼ਰਾਈਲ ਦੀ ਹੋਂਦ ਮੰਨਣੀ ਹੋਵੇਗੀ। ਅਤੇ ਇਜ਼ਰਾਈਲ ਨੂੰ ਹੰਕਾਰ ਛੱਡ ਕੇ ਦੂਰ ਦੀ ਸੋਚਦਿਆਂ ਫਲਸਤੀਨ ਨੂੰ ਪਿਆਰ ਨਾਲ ਆਜ਼ਾਦ ਦੇਸ਼ ਸਵੀਕਾਰਨਾ ਹੋਵੇਗਾ। ਬਾਕੀ ਸਭ ਰਸਤੇ ਤਬਾਹੀ ਵੱਲ ਨੂੰ ਜਾਂਦੇ ਹਨ। ਸਮਾਂ ਹੱਥੋਂ ਨਿਕਲਣ ਹੀ ਵਾਲਾ ਹੈ। ਵੇਖਦੇਂ ਲੀਡਰਾਂ ਦੀ ਅਕਲ!

## (430 ਸਾਲਾ ਵਰ ਦਿਵਸ 'ਤੇ ਵਿਸ਼ੇਸ਼)

# ਬਾਬਾ ਬੁੱਢਾ ਸਾਹਿਬ ਵਲੋਂ ਮਾਤਾ ਗੰਗਾ ਜੀ ਨੂੰ ਪੁੱਤਰ ਦੇ ਦਿੱਤੇ ਵਰ ਦਾ ਇਤਿਹਾਸ ?

ਲੇਖਕ:-ਬਾਬਾ ਬੁੱਢਾ ਵੰਸ਼ਜ-
ਪ੍ਰੋ: ਬਾਬਾ ਨਿਰਮਲ ਸਿੰਘ ਰੰਧਾਵਾ
ਗੁਰੂ ਕੀ ਵਡਾਲੀ, ਛੇਹਰਟਾ :
99880-66666

ਪੰਜਾਬ ਮੇਲ USA

ਬਾਬਾ ਬੁੱਢਾ ਸਾਹਿਬ ਜੀ 76 ਸਾਲ ਦੀ ਉਮਰ 'ਚ ਬੀੜ ਸਾਹਿਬ ਵਿਖੇ ਵਾਹੀ ਖੇਤੀ ਦਾ ਕਾਰਜ ਕਰੇ ਸਨ। ਬਾਬਾ ਬੁੱਢਾ ਸਾਹਿਬ ਜੀ ਨੇ 12 ਸਾਲ ਦੀ ਉਮਰ (1518 ਈ:) ਤੋਂ ਲੈ ਕੇ ਪਹਿਲੇ, ਦੂਸਰੇ, ਤੀਸਰੇ, ਚੌਥੇ ਅਤੇ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਤੱਕ 5 ਗੁਰੂ ਸਾਹਿਬਾਨ ਨਾਲ ਸੇਵਾਵਾਂ ਕਰਦਿਆਂ ਸੰਮਤ 1651 ਅੱਸੂ 21-22 (1594 ਈਸਵੀ) ਤੱਕ 76 ਸਾਲ ਪੂਰੇ ਕਰ ਲਏ ਸਨ। ਇਸ ਵੇਲੇ ਆਪ ਜੀ ਦੀ ਉਮਰ 88 ਸਾਲ ਦੀ ਹੋ ਚੁੱਕੀ ਸੀ ਅਤੇ ਆਪ ਜੀ ਇਸ ਉਮਰ ਵਿਚ ਵੀ ਗੁਰੂ ਸਾਹਿਬਾਨ ਜੀ ਵੱਲੋਂ ਬਖਸ਼ੀਆਂ ਹੋਰ ਸੇਵਾਵਾਂ ਤੋਂ ਇਲਾਵਾ ਅੰਮ੍ਰਿਤਸਰ ਤੋਂ ਲਗਭਗ 20-22 ਕਿਲੋਮੀਟਰ ਦੀ ਦੂਰੀ 'ਤੇ ਜੰਗਲ ਨੁਮਾ ਬੀੜ ਵਿਚ ਖੇਤੀਬਾੜੀ ਕਰਦੇ ਸਨ। ਇਥੇ ਬਾਬਾ ਜੀ ਵੱਲੋਂ ਸੇਵਾਵਾਂ ਕਰਨ ਕਰਕੇ ਇਸ ਦਾ ਸਥਾਨ ਦਾ ਨਾਮ 'ਬੀੜ ਬਾਬਾ ਬੁੱਢਾ ਸਾਹਿਬ' ਪੈ ਗਿਆ।

**ਬਾਬਾ ਜੀ ਵਲੋਂ ਮਾਤਾ ਗੰਗਾ ਜੀ ਨੂੰ ਸੂਰਬੀਰ ਪੁੱਤਰ ਹੋਣ ਦਾ ਵਰ ਦੇਣਾ** : ਇਕ ਦਿਨ ਪੰਚਮ ਪਾਤਸ਼ਾਹ ਜੀ ਦੇ ਮਹਿਲ ਮਾਤਾ ਗੰਗਾ ਜੀ ਗੁਰੂ ਘਰ ਦੇ ਕੀਮਤੀ ਦੁਸ਼ਾਲੇ ਅਤੇ ਆਪਣੇ ਬਸਤਰਾਂ ਨੂੰ ਧੁੱਪ ਵਿਚ ਸੁਕਾਅ ਰਹੀ ਸੀ, ਤਾਂ ਆਪ ਦੀ ਜੇਠਾਣੀ ਕਰਮੋਂ ਦੁਰਲੱਭ ਵਸਤੂਆਂ ਨੂੰ ਵੇਖ ਕੇ ਸੜ ਬਲ ਗਈ। ਸ਼ਾਮ ਵੇਲੇ ਘਰ ਆਏ ਆਪਣੇ ਪਤੀ ਪ੍ਰਿਥੀਚੰਦ ਨੂੰ ਈਰਖਾ ਵੱਸ ਹੋ ਕੇ ਕਹਿਣ ਲੱਗੀ ਕਿ ਜੇ ਆਪ ਜੀ ਨੇ ਆਪਣੇ ਪਿਤਾ ਸ੍ਰੀ ਗੁਰੂ ਰਾਮਦਾਸ ਜੀ ਦੀ ਸੇਵਾ ਕੀਤੀ ਹੁੰਦੀ, ਤਾਂ ਆਪ ਗੁਰਗੱਦੀ ਦੇ ਮਾਲਕ ਹੁੰਦੇ ਅਤੇ ਇਹ ਸਭ ਕੁਝ ਸਾਡੇ ਕੋਲ ਹੋਣਾ ਸੀ...।

ਹੇ ਪਤੀ ਜੇ ਪਿਤ ਸੇਵ ਕਮਾਵਤਿ। ਤਉ ਗੁਰਿਆਈ ਤੁਮ ਘਰਿ ਆਵਤਿ। ਏਸੇ ਤੇਵਰ ਦਰਬ ਅਪਾਰਾ। ਮਮ ਗ੍ਰਿਹਿ ਆਵਤਿ ਚਿੰਤਨ ਧਾਰਾ। ਪ੍ਰਿਥੀਚੰਦ ਨੇ ਕਰਮੋਂ ਦੀ ਭਾਵਨਾ ਨੂੰ ਸਮਝਦਿਆਂ ਧਰਵਾਸ ਦੇਂਦੇ ਹੋਏ ਆਪਣੀ ਭਰਜਾਈ ਮਾਤਾ ਗੰਗਾ ਜੀ ਅਤੇ ਛੋਟੇ ਭਰਾ ਸ੍ਰੀ ਗੁਰੂ ਅਰਜਨ ਦੇਵ ਜੀ ਲਈ ਬਹੁਤ ਮਾੜੇ ਕਬੋਲ ਬੋਲੇ ਕਿ ਇਨ੍ਹਾਂ ਦੇ ਘਰ ਕੋਈ ਸੰਤਾਨ ਨਹੀਂ ਹੈ, ਸੋ ਅਰਜਨ ਦੇ ਪਿਆਨਾ ਕਰਨ ਤੋਂ ਬਾਅਦ ਸਾਡਾ ਪੁੱਤਰ (ਮਿਹਰਬਾਨ) ਹੀ ਗੁਰਗੱਦੀ ਦਾ ਮਾਲਕ ਹੋਵੇਗਾ, ਤਦ ਏਹ ਸਾਰੀਆਂ ਕੀਮਤੀ ਵਸਤੂਆਂ ਤੇਰੀਆਂ ਹੀ ਹੋ ਜਾਣੀਆਂ ਹਨ...। ਦੋਹਰਾ- ਕਿਉਂ ਚਿੰਤਾ ਮਨ ਮੈ ਧਰੈ, ਸਭੀ ਬਸਤ ਹੈ ਤੋਰ। ਤਿਹ ਗ੍ਰਿਹਿ ਸੁਤ ਪ੍ਰਗਟਿਓ ਨਹੀ, ਸੁਤ ਪ੍ਰਗਟੇ ਗ੍ਰਿਹਿ ਮੋਰ। ਸੁਤ ਬਿਨ ਦਰਬ ਸੁ ਨਿਫਲ ਹੈ, ਅਰਜਨ ਗੁਰ ਪਹਿਚਾਂਨ। ਜਬ ਅਰਜਨ ਪਿਆਨਾ ਕਰੈ, ਸਭੈ ਵਸਤ ਨਿਜ ਮਾਨ। .... ਅਤੇ ਇਸ ਤੋਂ ਇਲਾਵਾ ਮਾਤਾ ਗੰਗਾ ਜੀ ਨੂੰ ਇਸ ਸੰਸਾਰ ਤੋਂ ਔਂਤਰੀ ਜਾਣ ਦੇ ਕਬੋਲ ਵੀ ਬੋਲੇ। ਕਰਮੋਂ ਅਤੇ ਪ੍ਰਿਥੀਚੰਦ ਦੀ ਇਹ ਸਾਰੀ ਵਾਰਤਾ ਮਾਤਾ ਗੰਗਾ ਜੀ ਦੀ ਨਿੱਜੀ ਸੇਵਾਦਾਰਨੀ ਨੇ ਸੁਣੇ ਸਨ, ਜੋ ਛੇਤੀ ਨਾਲ ਮਾਤਾ ਗੰਗਾ ਜੀ ਨੂੰ ਆ ਕੇ ਸੁਣਾ ਦਿੱਤੇ। ਇਸਤਰੀ ਜਾਤੀ ਲਈ ਇਹ ਸਾਰੀਆਂ ਨਾ ਸੁਣੀਆਂ ਜਾਣ ਵਾਲੀਆਂ ਬੋਲੀਆਂ ਅਤੇ ਮੇਹਣਿਆਂ ਨੂੰ ਮਾਤਾ ਗੰਗਾ ਜੀ ਵੀ ਸਹਾਰ ਨਾ ਸਕੀ, ਭਾਵ ਬੋਲੀ ਰੂਪੀ ਕਬੋਲਾਂ ਨੂੰ ਸੁਣ ਕੇ ਬਹੁਤ ਦੁੱਖੀ ਹੋਈ। ਮਾਤਾ ਗੰਗਾ ਜੀ ਨੇ ਆਪਣੇ ਪਤੀ ਪ੍ਰਮੇਸ਼ਰ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਹੱਥ ਜੋੜ ਕੇ ਨਿਮਰਤਾ ਨਾਲ ਬੇਨਤੀ ਕੀਤੀ ਕਿ "ਮੈਨੂੰ ਵੀ ਪੁੱਤਰ ਦੀ ਦਾਤ ਬਖਸ਼ੋ, ਤਾਂ ਕਿ ਮੈਨੂੰ ਵੀ ਇਸ ਸੰਸਾਰ ਦੀਆਂ ਹੋਰ ਇਸਤਰੀਆਂ ਵਾਂਗ ਸੌਂਤਰੀ ਹੋਣ ਦਾ ਮਾਣ ਮਿਲੇ ਅਤੇ ਸਾਡਾ ਕੋਈ ਮਜ਼ਾਕ ਨਾ ਉਡਾਏ"। ਪੰਚਮ ਗੁਰੂ ਜੀ ਨੇ ਆਪਣੀ ਸੁਪੱਤਨੀ ਗੰਗਾ ਜੀ ਦੇ ਦੁੱਖੀ ਹਿਰਦੇ ਦੀ ਵੇਦਨਾ ਨੂੰ ਸਮਝਦੇ ਹੋਏ ਬਚਨ ਕੀਤਾ ਕਿ ਆਪ ਜੀ ਪੁੱਤਰ ਦਾ ਅਸ਼ੀਰਵਾਦ ਲੈਣ ਲਈ ਬ੍ਰਹਮ ਗਿਆਨੀ ਬਾਬਾ ਬੁੱਢਾ ਸਾਹਿਬ ਜੀ ਕੋਲ ਜਾਉ, ਜੋ ਝਬਾਲ ਪਰਗਨੇ ਦੀ ਸੁਰੱਖਿਅਤ ਬੀੜ ਵਿਚ ਤੱਪ ਕਰਨ ਤੋਂ ਇਲਾਵਾ ਵਾਹੀ ਖੇਤੀ ਆਦਿ ਦੀਆਂ ਸੇਵਾਵਾਂ ਕਮਾ ਰਹੇ ਹਨ।

ਅਤਿ ਕ੍ਰਿਪਾਲ ਸ੍ਰੀ ਗੁਰ ਭਏ ਸ੍ਰੀ ਮੁਖ ਕੀਨ ਪ੍ਰਕਾਸ।

ਬੀੜ ਸੁ ਗੁਰ ਕੇ ਜਾਹੁ ਤੁਮ ਸਾਹਿਬ ਬੁੱਢੇ ਪਾਸ।

ਜਿਹਠਾਂ ਮਾਤਾ ਜਾਵਨ ਕਹਿਓ।

ਬੁੱਢਾ ਸਾਹਿਬ ਕਿਹਠਾਂ ਰਹਿਓ।

ਆਪਣੇ ਸੁਆਮੀ ਗੁਰੂ ਜੀ ਦੇ ਇਨ੍ਹਾਂ ਬਚਨਾਂ ਨੂੰ ਮੰਨਦੇ ਹੋਏ ਮਾਤਾ ਗੰਗਾ ਜੀ ਨੇ ਕਈ ਪ੍ਰਕਾਰ ਦੇ ਭੋਜਨ ਤੇ ਪਦਾਰਥ ਤਿਆਰ ਕਰਵਾ ਕੇ ਬਾਬਾ ਬੁੱਢਾ ਸਾਹਿਬ ਜੀ ਕੋਲ ਬੀੜ (ਪਿੰਡ ਠੱਠਾ, ਨੇੜੇ ਝਬਾਲ) ਜਾਣ ਦੀ ਤਿਆਰੀ ਕਰ ਲਈ, ਜੋ ਗੁਰੂ ਜੀ ਦੀ ਰਿਹਾਇਸ਼ 'ਗੁਰੂ ਕੇ ਮਹਿਲ' ਅੰਮ੍ਰਿਤਸਰ ਤੋਂ ਲਗਭਗ 20-22 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਸੀ। ਅਸ਼ੀਰਵਾਦ ਲੈਣ ਜਾਣ ਦੀ ਖੁਸ਼ੀ ਵਿਚ ਮਾਤਾ ਜੀ ਨੇ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਨੂੰ ਭੇਟਾ ਹੋਇਆ ਰੱਥ ਵੀ ਤਿਆਰ ਕਰਵਾ ਕੇ ਉਸ ਵਿਚ ਸੰਗਤਾਂ ਕੋਲੋਂ ਕਈ ਤਰ੍ਹਾਂ ਦੇ ਬਣਵਾਏ ਭੋਜਨ ਤੇ ਪਦਾਰਥ ਆਦਿ ਰਖਵਾ ਲਏ ਅਤੇ ਨਾਲ ਹੀ ਕਈ ਟਹਿਲਣਾ ਅਤੇ ਸੇਵਕਾਂ ਨੂੰ ਵੀ ਨਾਲ ਜਾਣ ਲਈ ਤਿਆਰ ਕਰ ਲਿਆ। ਇਸ ਤਰ੍ਹਾਂ ਮਾਤਾ ਗੰਗਾ ਜੀ ਰੱਥ 'ਤੇ ਚੜ੍ਹਕੇ ਪੂਰੇ ਠਾਠ-ਬਾਠ ਨਾਲ ਬੀੜ ਨੂੰ ਰਵਾਨਾ ਹੋਈ। ਉਸ ਸਮੇਂ ਬੀੜ ਨੂੰ ਜਾਣ ਵਾਲਾ ਪਹਿਆ (ਰਸਤਾ) ਕੱਚਾ ਹੋਇਆ ਕਰਦਾ ਸੀ। ਜਦੋਂ ਹੀ ਮਾਤਾ ਦਾ ਰੱਥ ਬਾਬਾ ਬੁੱਢਾ ਸਾਹਿਬ ਜੀ ਦੇ ਸਥਾਨ ਬੀੜ ਦੇ ਨੇੜੇ ਪਹੁੰਚਿਆ, ਤਾਂ ਰੱਥ ਨਾਲ ਬੰਨ੍ਹੇ ਹੋਏ ਟੱਲ੍ਹ ਅਤੇ ਬਲਦਾਂ ਦੇ ਗਲ ਵਿਚ ਪਾਏ ਘੂੰਗਰੂਆਂ ਦੀ ਆਵਾਜ਼ ਅਤੇ ਕੱਚੇ ਰਸਤੇ ਦੀ ਉੱਡ ਰਹੀ ਧੂੜ ਨੇ ਜੰਗਲ ਬੀਆਬਾਨ ਬੀੜ ਦਾ ਸ਼ਾਂਤ ਵਾਤਾਵਰਨ ਭੰਗ ਕਰ ਦਿੱਤਾ। ਦਰੱਖਤਾਂ 'ਤੇ ਬੈਠੇ ਪੰਛੀ ਅਤੇ ਬੀੜ ਵਿਚ ਰਹਿ ਰਹੇ ਜਾਨਵਰਾਂ ਆਦਿ ਨੇ ਵੀ ਆਪੋ ਆਪਣੀ ਬੋਲੀ ਵਿਚ ਉੱਚੀਆਂ ਆਵਾਜ਼ਾਂ ਨਾਲ ਸ਼ੋਰ ਪਾਉਣਾ ਸ਼ੁਰੂ ਕੀਤਾ ਕਿਉਂਕਿ ਅਜਿਹਾ ਖੜਾਕ ਉਨ੍ਹਾਂ ਨੇ ਪਹਿਲੀ ਵਾਰ ਸੁਣਿਆ ਸੀ। ਸ਼ੋਰ-ਸ਼ਰਾਬੇ ਵਾਲੇ ਮਾਹੌਲ ਨੂੰ ਮਹਿਸੂਸ ਕਰਦਿਆਂ ਬਾਬਾ ਬੁੱਢਾ ਸਾਹਿਬ ਜੀ ਨੇ ਆਪਣੇ ਸੇਵਕ ਨੂੰ ਪੁੱਛਣਾ ਕੀਤਾ ਕਿ ਰਾਮਦਾਸਪੁਰੇ (ਅੰਮ੍ਰਿਤਸਰ) ਵਾਲੇ ਪਾਸਿਉਂ ਕਾਹਦੀ ਧੂੜ ਉਡਦੀ ਆ ਰਹੀ ਹੈ।

ਘੂੰਘਰੂਆਂ ਰਥ ਸਬਦ ਸੁਨਾਏ। ਬੁੱਢਾ ਸਾਹਿਬ ਏਸ ਅਲਾਏ।

ਰਾਮਦਾਸ ਪੁਰੇ ਭਾਜੜ ਕਿਨ ਪਾਈ। ਸਭੈ ਲੋਕ ਕਿਹ ਓਰ ਸਿਧਾਈ।

ਬਾਬਾ ਜੀ ਦੇ ਕੋਲ ਖਲੋਤੇ ਹੋਏ ਸੇਵਕ ਨੇ ਸੁਆਲ ਦਾ ਜੁਆਬ ਦੇਂਦੇ ਹੋਏ ਕਿਹਾ ਕਿ 'ਬਾਬਾ ਜੀ ਅੰਮ੍ਰਿਤਸਰ ਤੋਂ ਗੁਰੂ ਕੇ ਮਹਿਲ ਆ ਰਹੇ ਹਨ'। ਤਦ ਬਾਬਾ ਬੁੱਢਾ ਸਾਹਿਬ ਜੀ ਦੇ ਮੂੰਹੋਂ ਸੁੱਤੇ ਸਿੱਧ ਹੀ ਬਚਨ ਨਿਕਲ ਗਿਆ ਕਿ ਗੁਰੂ ਕਿਆਂ ਨੂੰ ਕੀ ਭਾਜੜਾਂ ਪੈ ਗਈਆਂ ਹਨ, ਜੋ ਰਾਮਦਾਸ ਪੁਰਾ ਸ਼ਹਿਰ ਛੱਡ ਕੇ ਜੰਗਲਾਂ ਵਿਚ ਆ ਰਹੇ ਹਨ। ਜਦ ਬਾਬਾ ਜੀ ਨੇ ਇਹ ਕੌੜੇ ਬੋਲ ਬੋਲੇ, ਤਾਂ ਅਗੋਂ ਸਿੱਖ ਨੇ ਬਾਬਾ ਜੀ ਨੂੰ ਕਿਹਾ ਕਿ ਆਪ ਜੀ ਨੂੰ ਗੁਰੂ ਕਿਆਂ ਮਹਿਲਾਂ ਵਾਸਤੇ ਐਸੇ ਬਚਨ ਨਹੀਂ ਕਰਨੇ ਚਾਹੀਦੇ। ਬਾਬਾ ਜੀ ਉਸ ਸਿੱਖ ਨੂੰ ਗੁੱਸੇ ਵਿਚ ਬੋਲੇ, "ਅਸੀਂ ਜਾਣੀਏਂ ਗੁਰੂ ਹੈ ਜਾਣੀਏਂ, ਤੂੰ ਕਿਉਂ ਵਿਚ ਸੂਰ ਵਾਂਗ ਘੁਰਕਦਾਂ ਏਂ"। ਸੋ ਇਹ ਸਿੱਖ ਵੀ ਬਾਬਾ ਜੀ ਦੇ ਗੁੱਸੇ ਵਾਲੇ ਬੋਲ ਸੁਣਕੇ ਪਿਛਾਂਹ ਹੋ ਕੇ ਬੈਠ ਗਿਆ।

ਮਾਤਾ ਗੰਗਾ ਜੀ ਨੇ ਬਾਬਾ ਜੀ ਨੂੰ ਭੋਜਨ ਰੂਪੀ ਪਦਾਰਥ ਭੇਟ ਕਰਕੇ ਨਮਸ਼ਕਾਰ ਕਰਦੇ ਹੋਏ ਪੁੱਤਰ ਦੀ ਦਾਤ ਹਿੱਤ ਬੇਨਤੀ ਕੀਤੀ, ਤਾਂ ਬਾਬਾ ਬੁੱਢਾ ਸਾਹਿਬ ਜੀ ਨੇ ਮਾਤਾ ਗੰਗਾ ਜੀ ਨੂੰ ਬਚਨ ਕੀਤੇ ਕਿ 'ਪੁੱਤਰ ਦੀ ਦਾਤ ਅਸੀਂ ਨਹੀਂ ਦੇ ਸਕਦੇ, ਸਭ ਦੀਆਂ ਆਸਾਂ ਮੁਰਾਦਾਂ ਪੰਚਮ ਪਾਤਸ਼ਾਹ ਜੀ ਹੀ ਪੂਰੀਆਂ ਕਰ ਸਕਦੇ ਹਨ, ਅਸੀਂ ਤਾਂ ਗੁਰੂ ਘਰ ਦੇ ਘਾਹੀ ਸੇਵਕ ਹਾਂ'। ਮਾਤਾ ਜੀ ਨਿਰਾਸ਼ ਅਵਸਥਾ ਵਿਚ ਨਾਲ ਗਈ ਸੰਗਤ ਸਮੇਤ ਵਾਪਸ ਅੰਮ੍ਰਿਤਸਰ ਗੁਰੂ ਕੇ ਮਹਿਲ ਪਹੁੰਚ ਗਏ। ਮਾਤਾ ਜੀ ਨੇ ਜਦ ਗੁਰੂ ਜੀ ਨੂੰ ਸਾਰੀ ਵਾਰਤਾ ਬਿਆਨ ਕੀਤੀ, ਤਾਂ ਸਤਿਗੁਰੂ ਜੀ ਨੇ ਕਿਹਾ ਕਿ ਆਪ ਜੀ ਨੂੰ ਨਿਮਰਤਾ ਵਿਚ ਜਾਣਾ ਚਾਹੀਦਾ ਸੀ। ਦਿਆਲੂ ਅਤੇ ਕ੍ਰਿਪਾ ਦੇ ਸਾਗਰ ਗੁਰੂ ਜੀ ਨੇ ਮਾਤਾ ਗੰਗਾ ਜੀ ਨੂੰ ਜੁਗਤ ਸਮਝਾਉਂਦੇ ਹੋਏ ਬਚਨ ਕੀਤਾ ਕਿ ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਬਾਣੀ ਦਾ ਪਾਠ ਕਰਦਿਆਂ ਬਾਬਾ ਜੀ ਲਈ ਆਪਣੇ ਹੱਥੀਂ ਕਣਕ ਅਤੇ ਛੋਲਿਆਂ ਦਾ ਆਟਾ ਪੀਹ ਕੇ ਮਿੱਸੇ ਪ੍ਰਸ਼ਾਦੇ ਤਿਆਰ ਕਰੋ ਅਤੇ ਨਾਲ ਹੀ ਹੱਥੀਂ ਦੁੱਧ ਰਿੜਕ ਕੇ ਲੱਸੀ ਦਾ ਮਟਕਾ ਭਰਕੇ, ਮੱਖਣ ਤੇ ਗੰਢੇ ਨਾਲ ਲੈ ਕੇ ਨੰਗੇ ਪੈਰੀਂ ਇਕ ਟਹਿਲਣ ਨੂੰ ਸਾਥ ਲੈ ਕੇ ਬਾਣੀ ਪੜ੍ਹਦੇ ਹੋਏ ਬੀੜ ਵਿਖੇ ਬਾਬਾ ਜੀ ਕੋਲ ਜਾ ਕੇ ਨਿਮਰਤਾ ਨਾਲ ਪ੍ਰਸ਼ਾਦੇ ਛਕਾਅ ਕੇ ਅਰਦਾਸ ਬੇਨਤੀ ਕਰੋ, ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਰੋਸਾਈ ਹੋਏ ਬ੍ਰਹਮ ਗਿਆਨੀ ਜ਼ਰੂਰ ਅਸ਼ੀਰਵਾਦ ਦੇਣਗੇ। ਮਾਤਾ ਜੀ ਨੇ ਗੁਰੂ ਜੀ ਵਲੋਂ ਦੱਸੀ ਜੁਗਤ ਅਨੁਸਾਰ ਅਗਲੇ ਦਿਨ ਲੰਗਰ ਤਿਆਰ ਕਰਕੇ ਨੰਗੇ ਪੈਰੀਂ 20-22 ਕਿਲੋਮੀਟਰ ਤੁਰ ਕੇ ਬੀੜ ਵਿਖੇ ਬਾਬਾ ਬੁੱਢਾ ਸਾਹਿਬ ਜੀ ਕੋਲ ਪਹੁੰਚਣਾ ਕੀਤਾ। ਲੇਖਕ ਦਾਸ ਨੇ ਉਸ ਵੇਲੇ ਦਾ ਹਾਲ ਆਪਣੀ ਕਲਮ ਨਾਲ ਲਿਖਕੇ ਆਪਣੀ ਸ਼ਰਧਾ ਦਾ ਪ੍ਰਗਟਾਵਾ ਇਸ ਤਰ੍ਹਾਂ ਕੀਤਾ ਹੈ :-

ਗੰਗਾ ਮਾਤਾ ਬੀੜ ਨੂੰ ਚਲੀ, ਮਿੱਸ਼ੇ ਪ੍ਰਸ਼ਾਦੇ ਤੇ ਮਟਕੀ ਲੈ ਕੇ ਲੱਸੀ ਦੀ। ਗੰਗਾ ਮਾਤਾ...। ਹੱਥੀ ਦੁੱਧ ਰਿੜਕ ਕੇ ਮਾਤਾ, ਮੱਖਣ ਜੋ ਵੀ ਕੱਢਿਆ ਸੀ। ਸਾਰਾ ਹੀ ਲੈ ਲਿਆ ਮੱਖਣ ਮਾਤਾ ਨੇ, ਪਿੱਛੇ ਨਾ ਕੁੱਝ ਛੱਡਿਆ ਸੀ। ਗੰਢੇ ਤੇ ਗੁੜ ਵੀ ਲੈ ਕੇ ਮਾਤਾ ਜੀ ਬੀੜ ਨੂੰ ਜਾਵੇ ਧੱਸੀ ਦੀ। ...ਗੰਗਾ ਮਾਤਾ....। ਨੰਗੀ ਪੈਰੀਂ ਤੁਰਨ ਕਰਕੇ ਪੈਰਾਂ 'ਚ ਛਾਲੇ ਪੈ ਗਏ ਸੀ। ਪਹੁੰਚਕੇ ਬੀੜ ਮਾਤਾ ਜੀ ਕਹਿੰਦੇ, ਚਰਨੀ ਬੁੱਢੇ ਦੇ ਢੈਹ ਗਏ ਸੀ। ਬਾਬਾ ਜੀ ਪੁੱਤਰ ਦਾ ਵਰ ਦੇ ਦਿਓ, ਗੱਲ ਨਾ ਕਰੇ ਕੋਈ ਹੱਸੀ ਦੀ। ਗੰਗਾ ਮਾਤਾ ਬੀੜ ਨੂੰ ਚਲੀ, ਮਿੱਸ਼ੇ ਪ੍ਰਸ਼ਾਦੇ ਤੇ ਮਟਕੀ ਭਰਕੇ ਲੱਸੀ ਦੀ।

ਬਾਬਾ ਜੀ ਨੇ ਮਾਤਾ ਗੰਗਾ ਜੀ ਵਲੋ ਲਿਆਂਦੇ ਮਿੱਸ਼ੇ ਪ੍ਰਸ਼ਾਦੇ ਛਕਣ ਵੇਲੇ ਇਕ ਗੰਢੇ ਨੂੰ ਆਪਣੇ ਹੱਥਾਂ ਨਾਲ ਭੰਨਦੇ ਹੋਏ ਬਚਨ ਕੀਤਾ ਕਿ ਮਾਤਾ ਜੀ ਆਪ ਜੀ ਦੇ ਗ੍ਰਿਹਿ ਵਿਖੇ ਬਹੁਤ ਹੀ ਬਲਵਾਨ ਪੁੱਤਰ ਪ੍ਰਗਟ ਹੋਵੇਗਾ, ਜੋ ਦੁਨੀਆਂ 'ਤੇ ਜ਼ੁਲਮ ਕਰਨ ਵਾਲਿਆਂ ਦਾ ਨਾਸ਼ ਕਰੇਗਾ। 'ਗੁਰ ਬਿਲਾਸ ਪਾਤਸ਼ਾਹੀ ਛੇਵੀਂ' ਵਿਚ ਕਵੀ ਸੋਹਨ ਨੇ ਲਿਖਿਆ ਹੈ:-

"ਤੁਮਰੇ ਗ੍ਰਿਹਿ ਪ੍ਰਗਟੇਗਾ ਜੋਧਾ। ਜਾ ਕੋ ਬਲ ਗੁਣ ਕਿਨੂੰ ਨ ਸੋਧਾ।"

ਇਕ ਢਾਡੀ ਨੇ ਵੀ ਆਪਣੀ ਵਾਰ ਵਿਚ ਇਸ ਤਰ੍ਹਾਂ ਲਿਖਿਆ ਹੈ:-

"ਗੰਢਾ ਬਾਬਾ ਭੰਨੇ ਨਾਲੇ ਮੁੱਖ ਤੋਂ ਉਚਾਰੇ। ਤੇਰੇ ਘਰ ਆਉਣਾ ਮਾਤਾ ਪੁੱਤਰ ਪਿਆਰੇ।"

ਸੋ ਬਾਬਾ ਬੁੱਢਾ ਸਾਹਿਬ ਜੀ ਨੇ ਮਾਤਾ ਗੰਗਾ ਜੀ ਦੇ ਘਰ ਪ੍ਰਗਟ ਹੋਣ ਵਾਲੇ ਪੁੱਤਰ ਸੰਬੰਧੀ ਕਈ ਹੋਰ ਭਵਿੱਖਬਾਣੀਆਂ ਕੀਤੀਆਂ। ਬਾਬਾ ਜੀ ਵਲੋਂ ਆਸ਼ੀਰਵਾਦ (ਵਰ) ਲੈ ਕੇ ਇਕ ਟਹਿਲਣ (ਸੇਵਾਦਾਰਨੀ) ਸਮੇਤ ਮਾਤਾ ਗੰਗਾ ਜੀ ਨੰਗੇ ਪੈਰੀਂ ਵਾਪਸ ਅੰਮ੍ਰਿਤਸਰ ਗੁਰੂ ਕੇ ਮਹਿਲ ਆ ਗਏ। ਸ਼ਾਮ ਨੂੰ ਪੰਚਮ ਪਾਤਸ਼ਾਹ ਜੀ ਜਦੋਂ ਘਰ ਆਏ ਤਾਂ ਮਾਤਾ ਜੀ ਨੇ ਖੁਸ਼ੀ ਅਤੇ ਚਾਅ ਨਾਲ ਬਾਬਾ ਬੁੱਢਾ ਸਾਹਿਬ ਜੀ ਵਲੋਂ ਪੁੱਤਰ ਦੇ ਦਿੱਤੇ ਅਸ਼ੀਰਵਾਦ ਦੀ ਸਾਰੀ ਵਾਰਤਾ ਆਖ ਸੁਣਾਈ। ਬਾਬਾ ਬੁੱਢਾ ਸਾਹਿਬ ਜੀ ਵਲੋਂ ਮਿਲੇ ਵਰਦਾਨ ਸਦਕਾ ਪੰਚਮ ਪਾਤਸ਼ਾਹ ਜੀ ਦੇ ਗ੍ਰਿਹਿ ਅਤੇ ਮਾਤਾ ਗੰਗਾ ਜੀ ਦੀ ਕੁੱਖੋਂ ਸੰਮਤ 1652 ਹਾੜ 21 ਮੁਤਾਬਕ 1595 ਈ: ਨੂੰ ਗੁਰੂ ਕੀ ਵਡਾਲੀ (ਜ਼ਿਲ੍ਹਾ ਅੰਮ੍ਰਿਤਸਰ) ਵਿਖੇ ਅੱਧੀ ਰਾਤ ਨੂੰ ਸੋਹਣੇ ਮੁਖੜੇ ਵਾਲੇ ਬਾਲਕ ਦਾ ਪ੍ਰਕਾਸ਼ ਹੋਇਆ ਸੀ।

"ਸੰਮਤ ਸੋਰਹਿ ਸਹਸ ਬਵੰਜਾ। ਹਾੜ ਇਕੀ ਨਿਸ ਆਧੀ ਮੰਝਾ।"

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੇ ਘਰ ਬਾਲਕ ਦਾ ਪ੍ਰਕਾਸ਼ ਹੋਣ 'ਤੇ ਬਾਬਾ ਬੁੱਢਾ ਸਾਹਿਬ ਜੀ ਨੂੰ ਬੀੜ ਸਾਹਿਬ ਤੋਂ ਸਦਕੇ ਲਿਆਂਦਾ ਅਤੇ ਜਦ ਬਾਲਕ ਨੂੰ ਉਨ੍ਹਾਂ ਦੀ ਝੋਲੀ ਪਾਇਆ, ਤਾਂ ਬਾਬਾ ਜੀ ਨੇ ਬਾਲਕ ਦਾ ਨਾਮ 'ਹਰਿਗੋਬਿੰਦ' ਰੱਖ ਦਿੱਤਾ। ਬਾਲਕ ਹਰਿਗੋਬਿੰਦ ਨੂੰ ਬਾਬਾ ਜੀ ਨੇ ਕਈ ਹੋਰ ਵਰ ਵੀ ਦਿੱਤੇ ਸਨ।


(ਤਸਵੀਰ ਵਿਚ:- ਬਾਬਾ ਬੁੱਢਾ ਸਾਹਿਬ ਜੀ ਗੰਢਾ ਭੰਨ ਕੇ ਮਾਤਾ ਗੰਗਾ ਜੀ ਨੂੰ ਪੁੱਤਰ ਦਾ ਵਰ ਦੇ ਰਹੇ ਹਨ)

# ਰੂਸ ਨੂੰ ਘੱਟਦੀ ਆਬਾਦੀ ਤੇ ਕਨੇਡਾ ਨੂੰ ਗ੍ਰਹਿ ਯੁੱਧ ਦੀ ਚਿੰਤਾ

-ਦਿਲਜੀਤ ਸਿੰਘ ਬੇਦੀ
ਮੋ: 76579-68570
ਪੰਜਾਬ ਮੇਲ USA



ਇਸ ਸਮੇਂ ਜਿੱਥੇ ਵੱਧਦੀ ਆਬਾਦੀ ਨਾਲ ਜੂਝ ਰਹੇ ਦੁਨੀਆਂ ਦੇ ਕਈ ਦੇਸ਼ਾਂ 'ਚ ਆਬਾਦੀ ਨੂੰ ਕਾਬੂ ਕਰਨ ਲਈ ਉਪਾਅ ਕੀਤੇ ਜਾ ਰਹੇ ਹਨ, ਉਥੇ ਦੂਜੇ ਪਾਸੇ ਆਪਣੀ ਘਟਦੀ ਆਬਾਦੀ ਤੋਂ ਪ੍ਰੇਸ਼ਾਨ ਦੇਸ਼ ਆਬਾਦੀ ਵਧਾਉਣ ਲਈ ਜਤਨ ਕਰ ਰਹੇ ਹਨ। ਇਟਲੀ, ਜਾਪਾਨ, ਈਰਾਨ, ਬ੍ਰਾਜ਼ੀਲ ਆਦਿ ਦੇਸ਼ਾਂ 'ਚ ਘਟਦੀ ਆਬਾਦੀ ਕਾਰਨ ਬੱਚੇ ਪੈਦਾ ਕਰਨ ਨੂੰ ਉਤਸ਼ਾਹਿਤ ਕਰਨ ਲਈ ਜੋੜਿਆਂ ਨੂੰ ਆਰਥਿਕ ਸਹਾਇਤਾ ਦਿੱਤੀ ਜਾ ਰਹੀ ਹੈ। ਕਿਤੇ-ਕਿਤੇ ਨਸਬੰਦੀ 'ਤੇ ਵੀ ਰੋਕ ਲਾ ਦਿੱਤੀ ਗਈ ਹੈ। ਚੀਨ 'ਚ ਵਧਦੀ ਆਬਾਦੀ 'ਤੇ ਰੋਕ ਲਾਉਣ ਲਈ 1979 'ਚ 'ਇਕ ਬੱਚਾ ਨੀਤੀ' ਲਾਗੂ ਕਰ ਕੇ ਇਸ ਨੂੰ ਸਖਤੀ ਨਾਲ ਲਾਗੂ ਕੀਤਾ ਗਿਆ ਸੀ ਅਤੇ ਇਸ ਦੀ ਉਲੰਘਣਾ ਕਰਨ 'ਤੇ ਜੋੜੇ ਨੂੰ ਜੇਲ੍ਹ ਤੱਕ ਭੇਜਣ ਦੀ ਵਿਵਸਥਾ ਕੀਤੀ ਗਈ ਸੀ। ਹੁਣ 'ਇਕ ਬੱਚਾ ਨੀਤੀ' ਕਾਰਨ ਚੀਨ ਸਰਕਾਰ ਨੂੰ ਜਨਮ ਦਰ ਦੀ ਕਮੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਉਸ ਨੇ 2016 'ਚ ਢਿੱਲ ਦੇ ਕੇ 2 ਬੱਚੇ ਪੈਦਾ ਕਰਨ ਦੀ ਆਗਿਆ ਦਿੱਤੀ ਅਤੇ ਫਿਰ 2021 'ਚ ਇਸ 'ਚ ਹੋਰ ਢਿੱਲ ਦੇ ਕੇ 3 ਬੱਚੇ ਪੈਦਾ ਕਰਨ ਦੀ ਛੋਟ ਦੇ ਦਿੱਤੀ ਗਈ ਹੈ।

ਚੀਨ ਦੀ ਨੌਜਵਾਨ ਪੀੜ੍ਹੀ ਵਿਆਹ ਅਤੇ ਬੱਚੇ ਪੈਦਾ ਕਰਨ 'ਚ ਦਿਲਚਸਪੀ ਨਹੀਂ ਲੈ ਰਹੀ ਹੈ, ਇਸ ਲਈ ਚੀਨ ਸਰਕਾਰ ਨੇ ਨੌਜਵਾਨਾਂ ਨੂੰ ਆਰਥਿਕ ਸਹਾਇਤਾ ਅਤੇ ਟੈਕਸ ਛੋਟ ਵਰਗੀ ਯੋਜਨਾ ਵੀ ਸ਼ੁਰੂ ਕਰ ਦਿੱਤੀ ਹੈ। ਜਿੱਥੋਂ ਤੱਕ ਚੀਨ ਦੇ ਗੁਆਂਢੀ ਦੇਸ਼ ਰੂਸ ਦਾ ਸਬੰਧ ਹੈ, ਯੂਕਰੇਨ ਨਾਲ ਜੰਗ 'ਚ ਉਲਝੀ ਰੂਸ ਸਰਕਾਰ ਵੀ ਆਬਾਦੀ 'ਚ ਕਮੀ 'ਤੇ ਚਿੰਤਿਤ ਹੈ। ਇਸ ਸਮੇਂ ਰੂਸ 'ਚ ਜਨਮ ਦਰ 1999 ਪਿੱਛੋਂ ਹੁਣ ਤੱਕ ਦੇ ਸਭ ਤੋਂ ਹੇਠਲੇ ਪੱਧਰ 'ਤੇ ਪਹੁੰਚ ਗਈ ਹੈ। ਇਕ ਤਾਂ ਉੱਥੇ ਜੋੜੇ ਘੱਟ ਬੱਚੇ ਪੈਦਾ ਕਰ ਰਹੇ ਹਨ ਅਤੇ ਦੂਜਾ ਯੂਕਰੇਨ ਨਾਲ ਜੰਗ ਕਾਰਨ ਵੀ ਵੱਡੀ ਗਿਣਤੀ 'ਚ ਰੂਸੀ ਨੌਜਵਾਨਾਂ ਵਲੋਂ ਦੇਸ਼ ਜਾਣ ਕਾਰਨ ਇਹ ਸੰਕਟ ਹੋਰ ਵੀ ਵਧ ਗਿਆ ਹੈ। ਉੱਥੇ ਜਨਮ ਦਰ ਘੱਟ ਕੇ ਪ੍ਰਤੀ ਔਰਤ 1.5 ਦੇ ਚਿੰਤਾਜਨਕ ਪੱਧਰ 'ਤੇ ਪਹੁੰਚ ਗਈ ਹੈ, ਜਦਕਿ ਕਿਸੇ ਦੇਸ਼ ਦੀ ਆਬਾਦੀ ਨੂੰ ਸਥਿਰ ਰੱਖਣ ਲਈ ਉੱਥੇ ਪ੍ਰਜਨਣ ਦਰ ਘੱਟੋ-ਘੱਟ 2.1 ਹੋਣੀ ਚਾਹੀਦੀ ਹੈ। ਰੂਸ ਨੇ 2024 ਦੀ ਪਹਿਲੀ ਛਿਮਾਹੀ ਲਈ 25 ਸਾਲਾਂ 'ਚ ਆਪਣੀ ਸਭ ਤੋਂ ਘੱਟ ਜਨਮ ਦਰ ਦਰਜ ਕੀਤੀ ਹੈ। ਅੰਕੜਿਆਂ ਤੋਂ ਇਹ ਵੀ ਪਤਾ ਲੱਗਾ ਹੈ ਕਿ ਜੂਨ 'ਚ ਜਨਮ ਦਰ ਪਹਿਲੀ ਵਾਰ 1 ਲੱਖ ਤੋਂ ਹੇਠਾਂ ਆ ਗਈ ਹੈ, ਜੋ ਇਕ ਵੱਡੀ ਗਿਰਾਵਟ ਦਰਸਾਉਂਦੀ ਹੈ। ਰੂਸ ਦੇ ਸਿਹਤ ਮੰਤਰਾਲਾ ਵਲੋਂ 18 ਤੋਂ 40 ਸਾਲ ਦੀ ਉਮਰ ਦੀਆਂ ਔਰਤਾਂ ਨੂੰ ਉਨ੍ਹਾਂ ਦੀ ਪ੍ਰਜਨਣ ਸਿਹਤ ਅਤੇ ਸਮਰੱਥਾ ਦਾ ਮੁਲਾਂਕਣ ਕਰਨ ਲਈ ਮੁਫਤ ਪ੍ਰਜਨਣ ਜਾਂਚ 'ਚ ਹਿੱਸਾ ਲੈਣ ਲਈ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਏਨਾ ਹੀ ਨਹੀਂ, ਰੂਸ ਦੇ 'ਚੇਲਯਾਬਿੰਸਕ' ਇਲਾਕੇ 'ਚ ਅਧਿਕਾਰੀਆਂ ਨੇ ਜਨਮ ਦਰ ਵਧਾਉਣ ਲਈ ਲੋਕਾਂ ਦੀ ਆਰਥਿਕ ਮਦਦ ਕਰਨੀ ਵੀ ਸ਼ੁਰੂ ਕਰ ਦਿੱਤੀ ਹੈ। ਉੱਥੇ 24 ਸਾਲ ਤੋਂ ਘੱਟ ਉਮਰ ਦੀਆਂ ਔਰਤਾਂ ਨੂੰ ਉਨ੍ਹਾਂ ਦੇ ਪਹਿਲੇ ਬੱਚੇ ਦੇ ਜਨਮ 'ਤੇ 1.02 ਲੱਖ ਰੂਬਲ (9.40 ਲੱਖ ਰੁਪਏ) ਦਿੱਤੇ ਜਾ ਰਹੇ ਹਨ। ਰੂਸ 'ਚ ਗਰਭਪਾਤ ਕਰਵਾਉਣ ਦੇ ਰੁਝਾਨ 'ਤੇ ਲਗਾਤਾਰ ਪਾਬੰਦੀ ਲਾਈ ਜਾ ਰਹੀ ਹੈ ਅਤੇ ਜਨਤਕ ਹਸਤੀਆਂ ਅਤੇ ਧਾਰਮਿਕ ਆਗੂਆਂ ਵਲੋਂ ਜੋੜਿਆਂ ਨੂੰ ਇਹ ਸਮਝਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਔਰਤਾਂ ਦੀ ਪਹਿਲੀ ਜ਼ਿੰਮੇਵਾਰੀ ਬੱਚਿਆਂ ਨੂੰ ਜਨਮ ਦੇਣਾ ਅਤੇ ਉਨ੍ਹਾਂ ਦਾ ਪਾਲਣ-ਪੋਸ਼ਣ ਕਰਨਾ ਹੈ। ਇਸ ਲਈ ਰੂਸ 'ਚ ਤਲਾਕ ਨੂੰ ਨਿਰਉਤਸ਼ਾਹਿਤ ਕਰਨ ਲਈ ਅਦਾਲਤ ਦੀ ਫੀਸ ਵੀ ਵਧਾ ਦਿੱਤੀ ਗਈ ਹੈ। ਘਟਦੀ ਜਨਮ ਦਰ ਦੀ ਸਮੱਸਿਆ ਨਾਲ ਨਜਿੱਠਣ ਲਈ ਰੂਸੀ ਰਾਸ਼ਟਰਪਤੀ ਪੁਤਿਨ ਨੇ ਇਕ ਅਨੋਖੀ ਤਰਕੀਬ ਕੱਢੀ ਹੈ ਅਤੇ ਰੂਸ ਦੇ ਨਾਗਰਿਕਾਂ ਨੂੰ ਆਫਿਸ 'ਚ ਲੰਚ ਅਤੇ ਕੌਫੀ ਬ੍ਰੇਕ ਦੇ ਦੌਰਾਨ ਸੈਕਸ ਕਰਨ ਦੀ ਸਲਾਹ ਤੱਕ ਦੇ ਦਿੱਤੀ ਹੈ। ਸਿਹਤ ਮੰਤਰੀ ਡਾ. ਯੇਵਗੇਨੀ ਸਟੋਪਾਲੋਵ ਨੇ ਵੀ ਰੂਸ ਦੇ ਲੋਕਾਂ ਨੂੰ ਪਰਿਵਾਰ ਵਧਾਉਣ ਲਈ ਲੰਚ ਅਤੇ ਕੌਫੀ ਬ੍ਰੇਕ ਦੇ ਸਮੇਂ ਦਾ ਲਾਭ ਉਠਾਉਣ ਦੀ ਅਪੀਲ ਕੀਤੀ ਹੈ। ਇਸ ਦੇ ਨਾਲ ਹੀ ਉਨ੍ਹਾਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਹੈ ਕਿ ਬੱਚੇ ਪੈਦਾ ਕਰਨ ਦੀ ਇਸ ਪ੍ਰਕਿਰਿਆ 'ਚ ਦਫਤਰ ਦਾ ਕੰਮ ਰੁਕਾਵਟ ਨਹੀਂ ਬਣਨਾ ਚਾਹੀਦਾ। ਉਨ੍ਹਾਂ ਨੇ ਕਿਹਾ, "ਕੰਮ 'ਚ ਜ਼ਿਆਦਾ ਰੁੱਝਾ ਹੋਣਾ ਸੈਕਸ ਨਾ ਕਰਨ ਦਾ ਕੋਈ ਜਾਇਜ਼ ਕਾਰਨ ਨਹੀਂ ਹੈ। ਇਹ ਇਕ ਬੇਕਾਰ ਬਹਾਨਾ ਹੈ, ਤੁਸੀਂ ਬਰੇਕ ਦਰਮਿਆਨ ਸੈਕਸ ਕਰ ਸਕਦੇ ਹੋ ਕਿਉਂਕਿ ਜੀਵਨ ਬਹੁਤ ਤੇਜ਼ੀ ਨਾਲ ਬੀਤਦਾ ਹੈ।" ਜ਼ਿਕਰਯੋਗ ਹੈ ਕਿ ਰਾਸ਼ਟਰਪਤੀ ਪੁਤਿਨ ਆਪਣੇ ਦੇਸ਼ 'ਚ ਘਟਦੀ ਜਨਮ ਦਰ 'ਤੇ ਕਈ ਵਾਰ ਚਿੰਤਾ ਜਤਾ ਚੁੱਕੇ ਹਨ ਅਤੇ ਰੂਸੀ ਔਰਤਾਂ ਨੂੰ ਘੱਟੋ-ਘੱਟ 8 ਬੱਚਿਆਂ ਨੂੰ ਜਨਮ ਦੇਣ ਅਤੇ ਵੱਡੇ ਪਰਿਵਾਰ ਬਣਾਉਣ ਦੀ ਅਪੀਲ ਕਰ ਚੁੱਕੇ ਹਨ।



ਵਲਾਦੀਮੀਰ ਪੁਤਿਨ (ਰਾਸ਼ਟਰਪਤੀ ਰੂਸ)



ਜਸਟਿਨ ਟਰੂਡੋ (ਪ੍ਰਧਾਨਮੰਤਰੀ ਕਨੇਡਾ)

ਕੈਨੇਡਾ ਨੇ ਘਰੇਲੂ ਸੰਕਟ ਕਾਰਨ ਵਿਦੇਸ਼ੀਆਂ ਦੀ ਗਿਣਤੀ 'ਤੇ ਰੋਕ ਲਾਉਣ ਦੀ ਜਸਟਿਨ ਟਰੂਡੋ ਸਰਕਾਰ ਦੀ ਨੀਤੀ ਸਿਆਸੀ ਮੁੱਦਾ ਬਣ ਚੁੱਕੀ ਹੈ। ਦੇਸ਼ ਵਿਚ ਅਗਲੇ ਸਾਲ ਯਾਨੀ 2025 ਦੇ ਅਖੀਰ 'ਚ ਆਮ ਚੋਣਾਂ ਹੋਣੀਆਂ ਹਨ ਅਤੇ ਸਰਵੇਖਣ ਘਬਰਾਹਟ ਵਾਲੇ ਹਨ। ਅੰਦਰੂਨੀ ਸੰਕਟ ਤੋਂ ਪ੍ਰੇਸ਼ਾਨ ਟਰੂਡੋ ਦੀ ਅਗਵਾਈ ਵਾਲੀ ਸਰਕਾਰ ਨੇ ਇਕ ਵਾਰ ਫਿਰ ਵਿਦੇਸ਼ੀ ਵਿਦਿਆਰਥੀਆਂ ਲਈ ਸਟੱਡੀ ਪਰਮਿਟ ਦੀ ਗਿਣਤੀ ਨੂੰ 35 ਫੀਸਦੀ ਤੱਕ ਘੱਟ ਕਰ ਦਿੱਤਾ ਹੈ। ਨਾਲ ਹੀ ਵਿਦੇਸ਼ੀਆਂ ਲਈ ਵਰਕ ਪਰਮਿਟ ਵੀ ਘੱਟ ਕਰਨ ਅਤੇ ਇਸ ਦੇ ਲਈ ਯੋਗਤਾ ਦੇ ਨਿਯਮਾਂ ਨੂੰ ਸਖਤ ਕਰਨ ਦਾ ਫੈਸਲਾ ਲਿਆ ਹੈ। ਟਰੂਡੋ ਨੂੰ ਉਮੀਦ ਹੈ ਕਿ ਉਨ੍ਹਾਂ ਦੇ ਇਸ ਕਦਮ ਨਾਲ ਦੇਸ਼ 'ਚ ਘਰੇਲੂ ਸੰਕਟ ਘੱਟ ਹੋਵੇਗਾ ਅਤੇ ਆਮ ਚੋਣਾਂ 'ਚ ਇਸ ਦਾ ਉਨ੍ਹਾਂ ਨੂੰ ਫਾਇਦਾ ਮਿਲੇਗਾ।

ਕੈਨੇਡਾ ਸਰਕਾਰ ਦਾ ਇਹ ਕਦਮ ਵੱਡੀ ਗਿਣਤੀ 'ਚ ਉਨ੍ਹਾਂ ਭਾਰਤੀਆਂ ਨੂੰ ਸਿੱਧੇ ਤੌਰ 'ਤੇ ਪ੍ਰਭਾਵਿਤ ਕਰੇਗਾ, ਜੋ ਪੜ੍ਹਨ ਅਤੇ ਕੰਮ ਕਰਨ ਲਈ ਕੈਨੇਡਾ ਜਾਣ ਦਾ ਇਰਾਦਾ ਰੱਖਦੇ ਹਨ। ਕੈਨੇਡਾ 'ਚ ਵਿਦੇਸ਼ੀਆਂ ਦਾ ਸਭ ਤੋਂ ਵੱਡਾ ਹਿੱਸਾ ਭਾਰਤੀਆਂ ਦਾ ਹੈ। ਬਦਲੇ ਨਿਯਮਾਂ ਨਾਲ ਵਿਦਿਆਰਥੀਆਂ ਨੂੰ ਨਾ ਸਿਰਫ ਪੜ੍ਹਾਈ ਲਈ ਕੈਨੇਡਾ ਜਾਣ 'ਚ ਮੁਸ਼ਕਿਲ ਹੋਵੇਗੀ, ਬਲਕਿ ਕੰਮ ਲੱਭਣਾ ਵੀ ਆਸਾਨ ਨਹੀਂ ਹੋਵੇਗਾ। ਇਸ ਤਰ੍ਹਾਂ ਆਉਣ ਵਾਲੇ ਸਮੇਂ 'ਚ ਭਾਰਤੀ ਵਿਦਿਆਰਥੀ ਕੈਨੇਡਾ ਦੀ ਥਾਂ ਅਮਰੀਕਾ, ਬ੍ਰਿਟੇਨ, ਆਸਟ੍ਰੇਲੀਆ ਅਤੇ ਯੂਰਪੀ ਦੇਸ਼ਾਂ ਦੀ ਚੋਣ ਕਰਦੇ ਦਿਖ ਸਕਦੇ ਹਨ।

ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਇਸ ਸਾਲ 35 ਫੀਸਦੀ ਘੱਟ ਅੰਤਰਰਾਸ਼ਟਰੀ ਵਰਕ ਪਰਮਿਟ ਜਾਰੀ ਹੋਣਗੇ ਅਤੇ ਅਗਲੇ ਸਾਲ ਇਸ 'ਚ 10 ਫੀਸਦੀ ਹੋਰ ਕਮੀ ਹੋਵੇਗੀ। ਹਾਲ ਹੀ 'ਚ ਕੀਤੇ ਗਏ ਬਦਲਾਵਾਂ ਦੇ ਐਲਾਨ ਤੋਂ ਬਾਅਦ 2025 'ਚ ਅੰਤਰਰਾਸ਼ਟਰੀ ਸਟੱਡੀ ਪਰਮਿਟ ਦੀ ਗਿਣਤੀ ਘੱਟ ਹੋ ਕੇ 4,37,000 ਰਹਿ ਜਾਵੇਗੀ। ਉੱਥੇ ਹੀ ਇਕ ਸਾਲ ਪਹਿਲਾਂ 2023 'ਚ 5,09,390 ਪਰਮਿਟ ਮਨਜ਼ੂਰ ਕੀਤੇ ਗਏ ਸਨ। ਇਸ ਸਾਲ ਦੀ ਗੱਲ ਕੀਤੀ ਜਾਵੇ, ਤਾਂ 2024 ਦੇ ਪਹਿਲੇ 7 ਮਹੀਨਿਆਂ 'ਚ 175,920 ਸਟੱਡੀ ਪਰਮਿਟ ਨੂੰ ਮਨਜ਼ੂਰੀ ਦਿੱਤੀ ਗਈ ਹੈ। ਨਿਯਮਾਂ 'ਚ ਬਦਲਾਅ ਨਾਲ ਵਿਦਿਆਰਥੀਆਂ ਦੇ ਪਾਰਟਨਰ ਅਤੇ ਅਸਥਾਈ ਵਿਦੇਸ਼ੀ ਕੰਮ ਕਰਨ ਆਉਣ ਵਾਲਿਆਂ ਲਈ ਵਰਕ ਪਰਮਿਟ ਦੀ ਯੋਗਤਾ ਵੀ ਸੀਮਤ ਹੋ ਜਾਵੇਗੀ।

ਭਾਰਤ ਸਰਕਾਰ ਦੇ ਅੰਕੜਿਆਂ ਮੁਤਾਬਕ ਦੇਸ਼ ਦੇ ਲਗਭਗ 4.27 ਲੱਖ ਵਿਦਿਆਰਥੀ ਕੈਨੇਡਾ 'ਚ ਪੜ੍ਹ ਰਹੇ ਹਨ। ਸਾਲ 2023 ਵਿਚ ਕੈਨੇਡਾ 'ਚ ਭਾਰਤੀ ਵਿਦਿਆਰਥੀਆਂ ਦੀ ਗਿਣਤੀ 50 ਫੀਸਦੀ ਸੀ। ਜ਼ਿਕਰਯੋਗ ਹੈ ਮੌਜੂਦਾ ਸਮੇਂ ਕੈਨੇਡਾ ਵਿਚ ਭਾਰਤੀ ਭਾਈਚਾਰੇ ਦੀ ਗਿਣਤੀ ਲਗਾਤਾਰ ਵਧੀ ਹੈ। ਕੈਨੇਡਾ ਵਿਚ ਅਧਿਕਾਰਿਤ ਤੌਰ 'ਤੇ ਰਜਿਸਟਰਡ ਭਾਰਤੀਆਂ ਦੀ ਗਿਣਤੀ 2000 ਵਿਚ 6,70,000 ਸੀ, ਜੋ ਵਧ ਕੇ 2020 ਵਿਚ 10 ਲੱਖ ਤੋਂ ਜ਼ਿਆਦਾ ਹੋ ਗਈ ਹੈ । ਸਾਲ 2020 ਤੱਕ ਕੈਨੇਡਾ 'ਚ ਕੁੱਲ 1,021,356 ਭਾਰਤੀ ਰਜਿਸਟਰਡ ਸਨ।

ਕੈਨੇਡਾ ਇਮੀਗ੍ਰੇਸ਼ਨ 'ਚ ਸਭ ਤੋਂ ਵੱਡਾ ਵਾਧਾ ਅਸਥਾਈ ਨਿਵਾਸੀਆਂ, ਵਿਸ਼ੇਸ਼ ਤੌਰ 'ਤੇ ਮਜ਼ਦੂਰਾਂ ਅਤੇ ਵਿਦਿਆਰਥੀਆਂ ਕਾਰਨ ਹੋਇਆ ਹੈ। ਸਿਰਫ 2 ਸਾਲਾਂ 'ਚ ਇਹ ਗਿਣਤੀ ਦੋਗਣੀ ਹੋ ਗਈ ਹੈ। ਬੇਕਾਬੂ ਇਮੀਗ੍ਰੇਸ਼ਨ ਦੇਸ਼ ਦੀਆਂ ਰਿਹਾਇਸ਼ੀ, ਸਮਾਜਿਕ ਸੇਵਾਵਾਂ ਅਤੇ ਰਹਿਣ-ਸਹਿਣ ਦੀਆਂ ਵਧੀਆਂ ਕੀਮਤਾਂ 'ਤੇ ਵੀ ਬੋਝ ਪਾ ਰਹੀ ਹੈ। ਸਰਵੇਖਣ 'ਚ ਪਤਾ ਲੱਗਾ ਹੈ ਕਿ ਜਨਤਾ ਦਾ ਇਕ ਵੱਡਾ ਹਿੱਸਾ ਇਹ ਸੋਚਦਾ ਹੈ ਕਿ ਕੈਨੇਡਾ ਬਹੁਤ ਜ਼ਿਆਦਾ ਪ੍ਰਵਾਸੀਆਂ ਨੂੰ ਲਿਆ ਰਿਹਾ ਹੈ। ਇਸ ਨਾਲ ਸਥਾਨਕ ਲੋਕਾਂ ਨੂੰ ਕੰਮ ਨਹੀਂ ਮਿਲ ਰਿਹਾ ਹੈ। ਇਸ ਨੂੰ ਦੇਖਦੇ ਹੋਏ ਵੀ ਸਰਕਾਰ ਨਿਯਮਾਂ ਨੂੰ ਸਖਤ ਕਰ ਰਹੀ ਹੈ। ਕੈਨੇਡੀਅਨ ਲੋਕ ਭਾਰਤੀ ਦੇ ਬੇਟੋਕ ਦਾਖਲੇ ਕਾਰਨ ਸਖ਼ਤ ਨਾਰਾਜ਼ ਹਨ। ਨਾਰਾਜ਼ਗੀ ਦੀਆਂ ਖਬਰਾਂ ਲਗਾਤਾਰ ਟਰੂਡੋ ਦੀ ਨੀਂਦ ਹਰਾਮ ਕਰਨ ਵਾਲੀਆਂ ਹਨ, ਅਜਿਹੇ ਫੈਸਲੇ ਵੀ ਇਸੇ ਨੀਤੀ ਦਾ ਹਿੱਸਾ ਹਨ।





# ਪਾਕਿਸਤਾਨੀ ਪੰਜਾਬੀ ਫ਼ਿਲਮਾਂ ਦੀ ਹੀਰੋਇਨ ਸਨਾ ਨੂੰ ਭਾਰਤੀ ਪੰਜਾਬੀ ਫ਼ਿਲਮਾਂ ਵਿਚ ਸਭ ਤੋਂ ਪਹਿਲਾਂ ਲਿਆਏ ਡਾਇਰੈਕਟਰ ਠਾਕਰ ਤਪੱਸਵੀ

ਪੇਸ਼ਕਸ਼ : ਅੰਮ੍ਰਿਤ ਪਵਾਰ
ਪੰਜਾਬ ਮੇਲ USA


ਸਨਾ ਖਾਨ ਨਾਲ ਠਾਕਰ ਤਪੱਸਵੀ।


ਆਪਣੀ ਨਿਰਦੇਸ਼ਨ ਟੀਮ ਨਾਲ ਠਾਕਰ।


ਬਾਲੀਵੁੱਡ ਦਿੱਗਜ ਅਨੁਪਮ ਖੇਰ ਤੇ ਠਾਕਰ

ਅੱਜਕੱਲ੍ਹ ਕੁੱਝ ਪਾਕਸਤਾਨੀ ਪੰਜਾਬੀ ਫ਼ਿਲਮਾਂ ਦੇ ਕਲਾਕਾਰ ਸਾਡੀਆਂ ਪੰਜਾਬੀ ਫ਼ਿਲਮਾਂ ਵਿਚ ਆ ਰਹੇ ਹਨ ਪਰ ਪਹਿਲੀ ਵਾਰ ਪਾਕਸਤਾਨੀ ਪੰਜਾਬੀ ਫ਼ਿਲਮਾਂ ਦੀ ਸੁਪਰ ਸਟਾਰ ਨਾਇਕਾ ਸਨਾ ਖਾਨ ਨੂੰ ਸਾਡੀਆਂ ਪੰਜਾਬੀ ਫ਼ਿਲਮਾਂ ਵਿਚ ਲੇਖਕ ਤੇ ਨਿਰਦੇਸ਼ਕ ਠਾਕਰ ਤਪੱਸਵੀ ਨੇ ਲਿਆਂਦਾ ਸੀ। ਠਾਕਰ ਤਪੱਸਵੀ ਨੇ ਕਾਂਗਰਸ ਨੇਤਾ ਤੇ ਅਭਿਨੇਤਾ ਡਾਕਟਰ ਰਾਜ ਕੁਮਾਰ ਵੇਰਕਾ ਵੱਲੋਂ ਦੋਸਤੀ ਦਾ ਹੱਥ ਵਧਾਉਣ ਲਈ ਪੰਜਾਬੀ ਫ਼ਿਲਮ "ਦਿਲ ਪ੍ਰਦੇਸੀ ਹੋ ਗਿਆ" ਬਣਾਈ ਗਈ ਤੇ ਉਨ੍ਹਾਂ ਸਨਾ ਖਾਨ ਨੂੰ ਇੰਦਰਜੀਤ ਨਿੱਕੂ ਨਾਲ ਹੀਰੋਇਨ ਲਿਆ। ਠਾਕਰ ਤਪੱਸਵੀ ਦਰਅਸਲ ਅੰਮ੍ਰਿਤਸਰ ਨਾਲ ਸੰਬੰਧਿਤ ਨੇ ਤੇ ਫ਼ਿਲਮ ਗੀਤਕਾਰ ਵੱਜੋਂ ਉਹ ਮੁੰਬਈ ਗਏ ਸਨ। ਮਿਹਰ ਮਿੱਤਲ ਨਾਲ ਉਨ੍ਹਾਂ ਦਾ ਕਾਫੀ ਸੰਬੰਧ ਹੋ ਗਿਆ ਤੇ ਬਤੌਰ ਨਿਰਮਾਤਾ ਠਾਕਰ ਤਪੱਸਵੀ ਨੇ "ਮਾਤਾ ਦਾ ਦਰਬਾਰ" ਫ਼ਿਲਮ ਬਣਾਈ। ਇਸ ਤੋਂ ਬਾਅਦ ਉਨ੍ਹਾਂ "ਜੈ ਮਾਤਾ ਸ਼ੇਰਾਂ ਵਾਲੀ" ਹਿੰਦੀ ਫ਼ਿਲਮ ਡਾਇਰੈਕਟ ਕੀਤੀ। ਠਾਕਰ ਤਪੱਸਵੀ ਆਪਣੇ ਅਸੂਲਾਂ ਨਾਲ ਕਦੇ ਸਮਝੌਤਾ ਨਹੀਂ ਕਰਦੇ ਤੇ ਉਨ੍ਹਾਂ ਡਾਇਰੈਕਟਰ ਵਜੋਂ ਫ਼ਿਲਮ "ਦੁੱਲਾ ਭੱਟੀ" ਛੱਡ ਦਿੱਤੀ। ਠਾਕਰ ਤਪੱਸਵੀ ਨੇ ਫਿਰ ਸਾਊਥ ਦੀ ਨੇਤ੍ਰੀ ਅਭਿਨੇਤਰੀ ਨੂੰ ਮੁੱਖ ਰੱਖ ਕੇ ਪੰਜਾਬੀ ਫਿਲਮ "ਰਾਜਨੀਤੀ" ਡਾਇਰੈਕਟ ਕੀਤੀ। ਇਸ ਵਿਚ ਉਨ੍ਹਾਂ ਨੇ ਟੀਨਾ ਘਈ ਨੂੰ ਪਰਦੇ 'ਤੇ ਖ਼ੂਬ ਚਮਕਾਇਆ। ਉਹ ਵਕਤ ਦੀ ਨਬਜ਼ ਨਾਲ ਚੱਲਣ ਵਾਲੇ ਨਿਰਦੇਸ਼ਕ ਹਨ ਤੇ ਉਨ੍ਹਾਂ ਨੇ ਇੱਕ ਹਿੰਦੀ ਫ਼ਿਲਮ ਡਾਕੂ ਰਾਣੀ 'ਤੇ ਵੀ ਬਣਾਈ। ਠਾਕਰ ਤਪੱਸਵੀ ਨੇ ਫ਼ਿਲਮ ਨਿਰਦੇਸ਼ਕਾਂ ਵਿਚ ਆਪਣਾ ਕਾਫੀ ਪ੍ਰਭਾਵ ਬਣਾ ਲਿਆ ਤੇ ਇੰਡੀਅਨ ਫ਼ਿਲਮ ਟੈਲੀਵਿਜ਼ਨ ਡਾਇਰੈਕਟਰ ਐਸੋਸੀਏਸ਼ਨ ਦੇ ਉਹ ਬੋਰਡ ਆਫ ਡਾਇਰੈਕਟਰਜ਼ ਵਿਚ ਵੀ ਰਹੇ। ਇਹ ਬਹੁਤ ਵੱਡਾ ਅਹੁਦਾ ਹੈ। ਉਨ੍ਹਾਂ ਨੇ ਵਕਤ ਦੇ ਹਿਸਾਬ ਨਾਲ ਦਰਸ਼ਕਾਂ ਦਾ ਮੂਡ ਸਮਝ ਕੇ ਥੋੜੇ ਬਜਟ ਵਿਚ ਮਨੋਰੰਜਕ ਫ਼ਿਲਮਾਂ ਦਿੱਤੀਆਂ। "ਕਾਮ ਗ੍ਰੰਥ" ਫ਼ਿਲਮ ਲਈ ਉਨ੍ਹਾਂ ਦੀ ਆਲੋਚਣਾ ਵੀ ਹੋਈ ਪਰ ਉਨ੍ਹਾਂ ਕਿਹਾ ਕਿ ਕੀ ਸਿਕਸ਼ਾ ਦੇਣ ਵਾਲੀ ਕੋਈ ਵੀ ਖੇਤਰ ਹੋਏ, ਉਸ ਲਈ ਫ਼ਿਲਮ ਕਰਨੀ ਗੁਨਾਹ ਹੈ। ਠਾਕਰ ਤਪੱਸਵੀ ਨੇ "ਜੱਟ ਪਿੱਛੇ ਪੈ ਗਿਆ" ਫ਼ਿਲਮ ਵੀ ਨਿਰਦੇਸ਼ਤ ਕੀਤੀ ਤੇ ਚਰਚਿਤ ਹਿੰਦੀ ਫਿਲਮ "ਲੇਡੀ ਡਕੈਤ" ਵੀ ਨਿਰਦੇਸ਼ਤ ਕੀਤੀ। ਉਨ੍ਹਾਂ ਦੇ ਬੇਟੇ ਮਨਵੀਰ ਸਿੰਘ ਬਾਲੀਵੁੱਡ ਐਕਟਰ ਹਨ ਤੇ ਤੁਸ਼ਾਰ ਕਪੂਰ ਨਾਲ ਉਹ ਫ਼ਿਲਮ ਕਰ ਚੁੱਕੇ ਹਨ। ਪਾਕਸਤਾਨੀ ਨਾਇਕਾ ਸਨਾ ਵਾਲੀ ਫਿਲਮ ਤੇ ਉਨ੍ਹਾਂ ਕਿਹਾ ਕਿ ਸਾਡੇ ਨੇਤਾ ਫ਼ਿਲਮ ਰਾਹੀਂ ਦੋਸਤੀ ਦਾ ਹੱਥ ਵਧਾਉਣ ਲਈ ਸਰਗਰਮ ਹੋਏ, ਵੈਸੇ ਵੀ ਕਲਾ ਕਿਸੇ ਸਰਹੱਦ ਦੀ ਮੋਹਤਾਜ਼ ਨਹੀਂ ਹੈ। ਉਨ੍ਹਾਂ ਸ਼ਾਨ, ਮੋਆਮਰ ਰਾਣਾ ਨਾਲ ਫ਼ਿਲਮਜ਼ ਪਾਕਿਸਤਾਨੀ ਕਰਨ ਵਾਲੀ ਸਨਾ ਤੇ ਪਾਕਿਸਤਾਨੀ ਟੀ.ਵੀ. ਦੀ ਅਦਾਕਾਰਾ ਹਯਾ ਸਹਿਗਲ ਨੂੰ ਭਾਰਤੀ ਪੰਜਾਬੀ ਫ਼ਿਲਮ "ਦਿਲ ਪਰਦੇਸੀ ਹੋ ਗਿਆ" ਵਿਚ ਲਿਆ। ਠਾਕਰ ਤਪੱਸਵੀ ਆਖਦੇ ਨੇ ਕਿ ਨਾਸਿਰ ਚੁਣੌਤੀ ਤੇ ਇਫ਼ਤਖ਼ਾਰ ਠਾਕਰ ਤੇ ਹੁਣ ਇਧਰ ਕੰਮ ਕਰ ਰਹੇ ਪਾਕਸਤਾਨੀ ਕਲਾਕਾਰ ਹਨ, ਉਨ੍ਹਾਂ ਬਹੁਤ ਸਾਲ ਪਹਿਲੇ ਸਨਾ ਨੂੰ ਹੀਰੋਇਨ ਲਿਆ ਤੇ ਪਾਕਿਸਤਾਨੀ ਕਲਾਕਾਰਾਂ ਦੀ ਆਮਦ ਇਧਰਲੀਆਂ ਪੰਜਾਬੀ ਫ਼ਿਲਮਾਂ ਵਿਚ ਕੀਤੀ। ਅੱਜਕੱਲ੍ਹ ਉਹ ਨਵੀਂ ਫਿਲਮ ਨਿਰਦੇਸ਼ਤ ਕਰਨ ਦੀ ਤਿਆਰੀ ਵਿਚ ਹਨ ਤੇ ਖੇਤਰੀ ਭਾਸ਼ਾ ਦੀਆਂ ਫ਼ਿਲਮਜ਼ ਦੇ ਅਧਿਕਾਰ ਵੀ ਲੈਂਦੇ ਹਨ। ਠਾਕਰ ਤਪੱਸਵੀ ਨੇ ਕਿਹਾ ਕਿ ਅੱਜ ਪੰਜਾਬੀ ਫ਼ਿਲਮਜ਼ ਵਕਤ ਨਾਲ ਤੁਰ ਰਹੀਆਂ ਹਨ ਪਰ ਫਿਰ ਵੀ ਸਾਡੇ ਕਲਾਕਾਰਾਂ ਵਿਚ ਪ੍ਰੋਫੈਸ਼ਨਲ ਹੋਣ ਦੀ ਘਾਟ ਹੈ। ਪੰਜਾਬੀ ਫ਼ਿਲਮਾਂ ਦੇ ਮਸ਼ਹੂਰ ਗੀਤਕਾਰ ਤੇ ਨਿਰਦੇਸ਼ਕ ਠਾਕਰ ਤਪੱਸਵੀ ਦੀ ਲੰਬੀ ਉਮਰ ਤੇ ਸਿਹਤਯਾਬੀ ਲਈ ਦੁਆ ਤੇ ਆਸ ਕਰਾਂਗੇ ਕਿ ਉਹ ਨਵੇਂ ਚਿਹਰਿਆਂ ਨੂੰ ਉਭਾਰਨ ਵਿਚ ਆਪਣਾ ਪੂਰਾ ਸਹਿਯੋਗ ਕਰਨਗੇ।


ਫ਼ਿਲਮ ਨਿਰਦੇਸ਼ਕ ਯੂਨੀਅਨ ਦੇ ਮੈਂਬਰਾਂ ਨਾਲ।


ਠਾਕਰ ਦੀ ਫ਼ਿਲਮ 'ਚ ਪਾਕਿਸਤਾਨੀ ਹੀਰੋਇਨ ਸਨਾ ਖਾਂ ਤੇ ਤੇਜ਼ੀ।

# ਕੈਨੇਡਾ ਦੇ ਪੰਜਾਬੀ ਮੀਡੀਆ ਦਾ 114 ਸਾਲਾਂ ਦਾ ਸਫ਼ਰ

-ਪ੍ਰੋ. ਕੁਲਬੀਰ ਸਿੰਘ
94171-53513
ਪੰਜਾਬ ਮੇਲ USA





ਕੈਨੇਡਾ ਦੀ ਪੰਜਾਬੀ ਪੱਤਰਕਾਰੀ ਨੇ 114 ਸਾਲ ਦਾ ਮਾਣਮੱਤਾ ਸਫ਼ਰ ਤੈਅ ਕਰ ਲਿਆ ਹੈ। 1909-10 'ਚ ਕੁਝ ਹੱਥ-ਲਿਖਤ ਮਾਸਕ ਅਖ਼ਬਾਰਾਂ, ਸਮਾਚਾਰ ਪੱਤਰਾਂ ਦੇ ਰੂਪ 'ਚ ਹੋਈ ਸ਼ੁਰੂਆਤ ਅੱਜ ਵਿਸ਼ਾਲ ਕਾਫ਼ਲੇ ਦਾ ਰੂਪ ਧਾਰਨ ਕਰ ਗਈ ਹੈ।

ਪ੍ਰਵਾਸੀ ਪੰਜਾਬੀ ਮੀਡੀਆ ਅਤੇ ਵੱਖ-ਵੱਖ ਅਦਾਰਿਆਂ ਨਾਲ ਜੁੜੀਆਂ ਸ਼ਖਸੀਅਤਾਂ ਇਸ ਪੱਖੋਂ ਖੁਸ਼ ਤੇ ਸੰਤੁਸ਼ਟ ਹਨ ਅਤੇ ਕੈਨੇਡਾ ਦੇ ਵੱਖ-ਵੱਖ ਸ਼ਹਿਰਾਂ ਵਿਚ ਸਮੇਂ-ਸਮੇਂ ਇਸ ਵਿਸ਼ੇ 'ਤੇ ਸੈਮੀਨਾਰ ਤੇ ਵਿਚਾਰ-ਚਰਚਾ ਹੁੰਦੀ ਰਹਿੰਦੀ ਹੈ। ਕੈਨੇਡਾ ਦਾ ਪੰਜਾਬੀ ਮੀਡੀਆ ਕਿੱਥੋਂ ਤੁਰਿਆ ਸੀ ਅਤੇ ਕਿੱਥੇ ਪਹੁੰਚਿਆ ਹੈ ਅਤੇ ਇਸਦਾ ਗੁਣਾਤਮਕ ਤੇ ਗਿਣਾਤਮਕ ਪੱਖੋਂ ਮੂੰਹ-ਮੁਹਾਂਦਰਾ ਕਿੰਨਾ ਤਬਦੀਲ ਹੋਇਆ ਹੈ।

ਸੱਚਮੁਚ ਕੈਨੇਡਾ ਦੇ ਪੰਜਾਬੀ ਮੀਡੀਆ ਦਾ ਇਤਿਹਾਸ ਤੇ ਵਰਤਮਾਨ ਮਾਣਮੱਤਾ ਹੈ। ਜਿਵੇਂ-ਜਿਵੇਂ ਪੱਤਰਕਾਰੀ ਦੀ ਉਚੇਰੀ ਸਿੱਖਿਆ ਤੇ ਡਿਗਰੀਆਂ ਪ੍ਰਾਪਤ ਕਰਨ ਵਾਲੇ ਸਮਝਦਾਰ ਤੇ ਸਮਰੱਥ ਲੋਕ ਇਸ ਖੇਤਰ ਨਾਲ ਜੁੜਦੇ ਗਏ, ਤਿਵੇਂ-ਤਿਵੇਂ ਇਸਦੀ ਸਾਰਥਿਕਤਾ ਵਿਚ ਵਾਧਾ ਹੁੰਦਾ ਗਿਆ।

ਕੈਨੇਡਾ ਇਹੋ ਜਿਹਾ ਮੁਲਕ ਹੈ, ਜਿਸਦੇ ਇਕ-ਇਕ ਸ਼ਹਿਰ ਵਿਚ ਦਰਜਨਾਂ ਰੇਡੀਓ ਚੱਲਦੇ ਹਨ, ਦਰਜਨਾਂ ਪੰਜਾਬੀ ਟੈਲੀਵਿਜ਼ਨ ਪ੍ਰੋਗਰਾਮ ਪ੍ਰਸਾਰਿਤ ਹੁੰਦੇ ਹਨ ਅਤੇ ਦਰਜਨਾਂ ਅਖ਼ਬਾਰਾਂ ਪ੍ਰਕਾਸ਼ਿਤ ਹੁੰਦੀਆਂ ਹਨ।

ਕਦੇ-ਕਦੇ ਤਾਂ ਇਸ ਗੱਲ 'ਤੇ ਬਹਿਸ ਹੋਣ ਲੱਗਦੀ ਹੈ ਕਿ ਕੈਨੇਡਾ 'ਚ ਪੰਜਾਬੀ ਮੀਡੀਆ ਦੀ ਰਾਜਧਾਨੀ ਟੋਰਾਂਟੋ ਹੈ ਜਾਂ ਵੈਨਕੂਵਰ।

ਕੈਨੇਡਾ ਦੇ ਪੰਜਾਬੀ ਮੀਡੀਆ ਦੀ ਵਿਸ਼ੇਸ਼ਤਾ ਇਹ ਰਹੀ ਹੈ ਕਿ ਇਸਨੇ ਹਮੇਸ਼ਾ ਪ੍ਰਵਾਸੀ ਪੰਜਾਬੀਆਂ ਦੀਆਂ ਲੋੜਾਂ, ਮੰਗਾਂ, ਉਮੰਗਾਂ ਤੇ ਸਮੱਸਿਆਵਾਂ ਨੂੰ ਉਭਾਰਨ ਦੇ ਨਾਲ-ਨਾਲ ਪੰਜਾਬੀ ਦੀ ਉੱਭਰਵੇਂ ਰੂਪ ਵਿਚ ਗੱਲ ਕੀਤੀ ਹੈ। ਇਹ ਪੰਜਾਬ ਤੇ ਕੈਨੇਡਾ ਦੇ ਪੰਜਾਬੀਆਂ ਦਰਮਿਆਨ ਪੁਲ ਬਣ ਕੇ ਵਿਚਰਿਆ ਹੈ।

ਸਮੇਂ ਨਾਲ ਇਹ ਜਿੱਥੇ ਹੋਰ ਹੋਰ ਮਜ਼ਬੂਤ ਹੁੰਦਾ ਗਿਆ ਹੈ, ਉਥੇ ਵੱਖ-ਵੱਖ ਪ੍ਰਵਾਸੀ ਭਾਈਚਾਰਿਆਂ ਦੀ ਬਿਹਤਰ ਸੇਵਾ ਕਰਨ ਦੀ ਸਥਿਤੀ ਵਿਚ ਪਹੁੰਚ ਗਿਆ ਹੈ।

ਪੰਜਾਬ ਤੋਂ ਗਈਆਂ ਵੱਖ-ਵੱਖ ਖੇਤਰਾਂ ਵਿਚ ਨਾਮਣਾ ਖੱਟਣ ਵਾਲੀਆਂ ਸ਼ਖ਼ਸੀਅਤਾਂ ਨੂੰ ਇਸਨੇ ਹਮੇਸ਼ਾਂ ਭਰਪੂਰ ਕਵਰੇਜ ਦਿੱਤੀ ਹੈ। ਉਨ੍ਹਾਂ ਨਾਲ ਲੰਮੀਆਂ ਮੁਲਾਕਾਤਾਂ ਪ੍ਰਕਾਸ਼ਿਤ ਪ੍ਰਸਾਰਿਤ ਕੀਤੀਆਂ ਹਨ। ਸੈਮੀਨਾਰਾਂ, ਸਮਾਗਮਾਂ ਦੇ ਰੂਪ ਵਿਚ ਵਿਚਾਰ-ਚਰਚਾ ਅਤੇ ਮਾਣ-ਸਨਮਾਨ ਦਾ ਪ੍ਰਬੰਧ ਕੀਤਾ ਹੈ।

ਕੈਨੇਡਾ ਦੀ ਹਰੇਕ ਪੰਜਾਬੀ ਅਖ਼ਬਾਰ, ਰੇਡੀਓ ਅਤੇ ਟੈਲੀਵਿਜ਼ਨ ਨੇ ਆਪੋ-ਆਪਣੀ ਸੋਚ, ਸਮਝ, ਸਹੂਲਤ ਅਤੇ ਸਮਰੱਥਾ ਅਨੁਸਾਰ ਰੂਪ-ਰੇਖਾ ਉਲੀਕੀ ਹੋਈ ਹੈ ਪਰੰਤੂ ਉਸ ਰੂਪ-ਰੇਖਾ ਵਿਚ ਪੰਜਾਬ ਅਤੇ ਪੰਜਾਬੀਆਂ ਦਾ ਫਿਕਰ ਉੱਭਰਵੇਂ ਰੂਪ ਵਿਚ ਸ਼ਾਮਲ ਹੈ। ਉਥੇ ਬਰਫ਼ ਪਈ ਜਾਵੇ ਇਹ ਪਰਵਾਹ ਨਹੀਂ ਕਰਦੇ। ਪੰਜਾਬ ਵਿਚ ਤੇਜ਼ ਹਵਾਵਾਂ ਚੱਲਣ, ਉਹ ਚਿੰਤਤ ਹੋ ਜਾਂਦੇ ਹਨ।

ਕੈਨੇਡਾ ਦੇ ਪੰਜਾਬੀ ਮੀਡੀਆ ਨੇ ਪ੍ਰਵਾਸੀ ਪੰਜਾਬੀਆਂ ਨੂੰ ਪੰਜਾਬ, ਪੰਜਾਬੀ ਤੇ ਪੰਜਾਬੀਅਤ ਨਾਲ ਨੇੜੇ ਤੋਂ ਜੋੜਿਆ ਹੋਇਆ ਹੈ। ਪੰਜਾਬ ਦੀਆਂ ਸਿਆਸੀ, ਸਮਾਜਿਕ, ਸੱਭਿਆਚਾਰਕ ਸਰਗਰਮੀਆਂ ਤੋਂ ਉਨ੍ਹਾਂ ਨੂੰ ਜਾਣੂੰ ਕਰਵਾਉਣ ਦਾ ਮਾਧਿਅਮ ਬਣਿਆ ਹੋਇਆ ਹੈ। ਭਾਵੇਂ ਸੋਸ਼ਲ ਮਡੀਆ ਦੇ ਪ੍ਰਚਾਰ, ਪ੍ਰਸਾਰ ਨਾਲ ਕੁਝ ਫ਼ਰਕ ਪਿਆ ਹੈ, ਫਿਰ ਵੀ ਅਖ਼ਬਾਰਾਂ, ਰੇਡੀਓ ਅਤੇ ਟੈਲੀਵਿਜ਼ਨ ਨੇ ਆਪਣੀ ਪਹਿਚਾਣ ਗੂੜ੍ਹੀ ਕਰਨ ਦੇ ਨਾਲ ਨਾਲ ਆਪਣਾ ਮਾਣ-ਮੱਤਾ ਸਫ਼ਰ ਮਜ਼ਬੂਤ ਕਦਮੀਂ ਜਾਰੀ ਰੱਖਿਆ ਹੋਇਆ ਹੈ।

ਹਰੇਕ ਮੀਡੀਆ ਅਦਾਰਾ ਪੰਜਾਬ ਤੋਂ ਸਿੱਧੀਆਂ ਖ਼ਬਰਾਂ ਪ੍ਰਸਾਰਿਤ ਕਰਦਾ ਹੈ। ਇਨ੍ਹਾਂ ਖ਼ਬਰਾਂ ਪ੍ਰਤੀ ਕੈਨੇਡਾ ਦੇ ਪੰਜਾਬੀਆਂ ਵਿਚ ਵੱਡਾ ਉਤਸ਼ਾਹ, ਵੱਡੀ ਉਤਸੁਕਤਾ ਵੇਖਣ ਨੂੰ ਮਿਲਦੀ ਹੈ। ਇਸੇ ਤਰ੍ਹਾਂ ਚਲੰਤ ਮਾਮਲਿਆਂ ਸੰਬੰਧੀ ਵਿਚਾਰ-ਵਟਾਂਦਰਾ, ਮੁਲਾਕਾਤਾਂ ਜਾਂ ਪੰਜਾਬ ਤੋਂ ਕਿਸੇ ਸ਼ਖ਼ਸੀਅਤ ਨਾਲ ਵਿਸ਼ੇਸ਼ ਮੁੱਦੇ ਮਸਲੇ, ਕਿਸੇ ਸਰਗਰਮੀ ਸਮਾਰੋਹ ਸੰਬੰਧੀ ਸਵਾਲਾਂ ਜਵਾਬਾਂ ਨੂੰ ਸਰੋਤੇ, ਦਰਸ਼ਕ ਬੜੇ ਧਿਆਨ ਨਾਲ, ਬੜੇ ਉਚੇਚ ਨਾਲ ਸੁਣਦੇ ਹਨ।

ਵੱਖ-ਵੱਖ ਧਾਰਮਿਕ ਸਥਾਨਾਂ ਤੋਂ ਹੋਣ ਵਾਲੇ ਸਿੱਧੇ ਪ੍ਰਸਾਰਨ ਨੂੰ ਵੀ ਪ੍ਰਵਾਸੀ ਪੰਜਾਬੀ ਬੜੇ ਸਤਿਕਾਰ ਨਾਲ ਸੁਣਦੇ ਵੇਖਦੇ ਹਨ। ਵਰਤਮਾਨ ਸਥਿਤੀ ਇਹ ਹੈ ਕਿ ਕਈ ਨਿਰੋਲ ਧਾਰਮਿਕ ਰੇਡੀਓ, ਟੈਲੀਵਿਜ਼ਨ ਚੈਨਲ ਆਰੰਭ ਹੋ ਗਏ ਹਨ।

ਕੈਨੇਡਾ, ਅਮਰੀਕਾ, ਇੰਗਲੈਂਡ, ਆਸਟਰੇਲੀਆ ਤੋਂ ਬਾਅਦ ਨਿਊਜ਼ੀਲੈਂਡ, ਇਟਲੀ, ਜਰਮਨੀ, ਡੈਨਮਾਰਕ ਜਿਹੇ ਛੋਟੇ ਮੁਲਕਾਂ ਵਿਚ ਵੀ ਪੰਜਾਬੀ ਮੀਡੀਆ ਪੈਰ ਪਸਾਰ ਰਿਹਾ ਹੈ। ਉਹ ਦਿਨ ਦੂਰ ਨਹੀਂ, ਜਦ ਦੁਨੀਆਂ ਦੇ ਹਰੇਕ ਉਸ ਦੇਸ਼ ਵਿਚ ਪੰਜਾਬੀ ਮੀਡੀਆ ਦੀ ਹੋਂਦ ਹੋਵੇਗੀ ਜਿੱਥੇ-ਜਿੱਥੇ ਪੰਜਾਬੀ ਮੌਜੂਦ ਹਨ।

-ਮਾਸਟਰ ਨਿਰਮਲ ਸਿੰਘ ਲਾਲੀ
ਯੂਬਾ ਸਿਟੀ
530-777-0955
ਪੰਜਾਬ ਮੇਲ USA



# ਸਿੱਖ ਧਰਮ ਇਕ ਜੀਵਨ-ਜਾਚ ਹੈ, ਪਰ ਕੌਮ ਨੇ ਅੱਜ ਤੱਕ ਜੀਵਨ ਜਾਚ ਸਿੱਖੀ ਨਹੀਂ

ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ, "ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ॥" ਸੱਚ ਸਭੁ ਤੋਂ ਉਤਮ ਹੈ ਪਰ ਆਚਾਰਿ ਸਚੁ ਤੋਂ ਵੀ ਉਪਰ ਹੈ। ਸਿੱਖੀ ਸਰੂਪ ਅਤੇ ਸਿੱਖੀ ਕਿਰਦਾਰ ਅਤੇ ਕਿਰਤ ਕਰਨੀ, ਨਾਮ ਜਪਣਾ ਤੇ ਵੰਡ ਛਕਣਾ ਸਿੱਖ ਧਰਮ ਦੇ ਮੁੱਢਲੇ ਸਿਧਾਂਤ ਹਨ। ਚਰਿੱਤਰ ਅਤੇ ਆਚਾਰ ਨੂੰ ਅੰਗਰੇਜ਼ੀ ਕਵੀ ਕੈਂਸਰ ਇਸ ਪ੍ਰਕਾਰ ਵਰਣਨ ਕਰਦੇ ਹਨ:

If wealth is lost, nothing is lost.

If health is lost, something is lost.

If character is lost, everything is lost.

ਮਨੁੱਖ ਦੇ ਅਮਲ ਚੰਗੇ ਹੋਣੇ ਚਾਹੀਦੇ ਹਨ। ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ, "ਸ਼ੁਭ ਅਮਲਾਂ ਤੇ ਹੋਣੇ ਨੇ ਨਿਬੇੜੇ ਤੇ ਜ਼ਾਤ ਕਿਸੇ ਪੁੱਛਣੀ ਨਹੀਂ।" ਜਦੋਂ ਸ੍ਰੀ ਗੁਰੂ ਜੀ ਮੱਕੇ-ਮਦੀਨੇ ਗਏ ਸਨ, ਤਾਂ ਕਾਜ਼ੀਆਂ ਨੇ ਗੁਰੂ ਜੀ ਨੂੰ ਪੁੱਛਿਆ ਸੀ ਕਿ ਹਿੰਦੂ ਵੱਡਾ ਕੇ ਮੁਸਲਮਾਨ, ਤਾਂ ਗੁਰੂ ਜੀ ਦਾ ਉੱਤਰ ਸੀ ਕਿ 'ਸ਼ੁਭ ਅਮਲਾਂ ਬਾਝੋਂ ਦੋਨੋਂ ਰੋਈ'। ਸ੍ਰੀ ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ, "ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ।" ਪਰ ਦੁੱਖ ਦੀ ਗੱਲ ਇਹ ਹੈ ਕਿ ਸਦੀਆਂ ਬੀਤ ਗਈਆਂ ਹਨ, ਅਜੇ ਤੱਕ ਇਸ ਬਾਰੇ ਭਾਵ ਕਿਰਦਾਰ ਬਾਰੇ ਸਿੱਖਾਂ ਨੇ ਛਿੱਕੂ ਵਿਚੋਂ ਇਕ ਪੂਣੀ ਵੀ ਨਹੀਂ ਕੱਤੀ। ਇਸ ਵਿਚ ਕੋਈ ਸ਼ੱਕ ਨਹੀਂ ਕਿ ਸਿੱਖਾਂ ਨੇ ਆਰਥਿਕ ਪੱਖੋਂ ਬਹੁਤ ਵੱਡੀਆਂ ਮੱਲ੍ਹਾਂ ਮਾਰੀਆਂ ਨੇ। ਪਰ ਕਿਰਦਾਰ ਪੱਖੋਂ ਮਨੁੱਖ ਨੇ ਕੁੱਝ ਨਹੀਂ ਸਿੱਖਿਆ। ਕਿਰਦਾਰ ਬਾਰੇ ਬਹੁਤ ਹੀ ਸੰਖੇਪ ਵਿਚ ਇਸ ਪ੍ਰਕਾਰ ਹੈ:

1. ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਤੇ ਈਰਖਾ ਤੋਂ ਬਚੋ।



2. ਹਮਦਰਦੀ, ਦਇਆ, ਪਿਆਰ, ਸਤਿਕਾਰ, ਸਹਿਣਸ਼ੀਲਤਾ ਤੇ ਨਿਮਰਤਾ ਦੇ ਧਾਰਨੀ ਬਣੋ।

3. ਕਿਸੇ ਦਾ ਦਿਲ ਨਾ ਦੁਖਾਓ।

4. ਕਿਸੇ ਨਾਲ ਧੋਖਾ ਨਾ ਕਰੋ।

5. ਕਿਸੇ ਦਾ ਹੱਕ ਨਾ ਖਾਓ, ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ, "ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸ ਗਾਇ॥"

6. ਭੈੜੀ ਸੰਗਤ ਤੋਂ ਬਚੋ। ਜੈਸੀ ਸੰਗਤਿ ਵੈਸੀ ਰੰਗਤ।

7. ਕਦੀ ਗਲਤ ਕੰਮ ਨਾ ਕਰੋ, ਜਿਵੇਂ ਸ੍ਰੀ ਗੁਰੂ ਅਮਰਦਾਸ ਜੀ ਫੁਮਰਾਉਂਦੇ ਹਨ, "ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ॥"

8. ਨੇਕ ਕੰਮ ਕਰੋ, ਜਿਵੇਂ ਸ੍ਰੀ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ, "ਕਰਤੂਤਿ ਪਸੂ ਕੀ ਮਾਨਸ ਜਾਤਿ॥"

9. ਝੂਠ ਨਾ ਬੋਲੋ।

10. ਦੂਜਿਆਂ ਨੂੰ ਸਵੀਕਾਰ ਕਰੋ, ਨਾ ਕਿ ਅਹੰਕਾਰ ਤੇ ਈਰਖਾ ਕਰੋ।

11. ਬੰਦਾ ਬੰਦੇ ਦਾ ਬੁਰਾ ਨਾ ਕਰੇ, ਜਿੰਨਾ ਹੋ ਸਕੇ, ਦੂਜਿਆਂ ਦਾ ਭਲਾ ਕਰੋ, ਕਰ ਭਲਾ ਹੋ ਭਲਾ, ਅੰਤ ਭਲੇ ਦਾ ਭਲਾ।

ਅਜੇ ਵੀ ਡੁੱਲ੍ਹੇ ਬੇਰਾਂ ਦਾ ਕੁੱਝ ਨਹੀਂ ਬਿਗੜਿਆ।

ਸਿੱਖਾਂ ਨੂੰ ਗੁਰੂ ਜੀ ਦੀ ਸਿੱਖਿਆ ਅਨੁਸਾਰ ਜੀਵਨ ਬਤੀਤ ਕਰਨਾ ਆਰੰਭ ਕਰ ਦੇਣਾ ਚਾਹੀਦਾ ਹੈ। ਕੁਦਰਤ ਦੀਆਂ ਬਿਮਾਰੀਆਂ ਅਤੇ ਕੁਦਰਤੀ ਆਫਤਾਂ ਦਾ ਬੰਦੇ ਦੇ ਕੋਲ ਕੋਈ ਹੱਲ ਨਹੀਂ। ਪਰ ਬੰਦਾ ਬੰਦੇ ਦਾ ਬੁਰਾ ਨਾ ਕਰੇ। ਮਨੁੱਖੀ ਦੁਖਾਂਤ ਮਨੁੱਖ ਦੇ ਹੱਥੋਂ ਨਹੀਂ ਹੋਣਾ ਚਾਹੀਦਾ। ਦੁੱਖ ਦੀ ਗੱਲ ਇਹ ਹੈ ਕਿ ਸਿੱਖ ਹੀ ਸਿੱਖ ਦਾ ਦੁਸ਼ਮਣ ਹੈ। ਸਿੱਖ ਭਾਈਚਾਰੇ ਨੂੰ ਇਕੱਠੇ ਹੋਣ ਦੀ ਲੋੜ ਹੈ, ਜਿਵੇਂ ਕਈ ਸਦੀਆਂ ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ ਹੋਣੀਂ ਫੁਰਮਾਇਆ ਸੀ:

"ਹੋਇ ਇਕਤ੍ਰ ਮਿਲਹੁ ਮੇਰੇ ਭਾਈ, ਦੁਬਿਧਾ ਦੂਰਿ ਕਰਹੁ ਲਿਵ ਲਾਇ॥

ਹਰਿ ਨਾਮੈ ਕੀ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ॥

ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ॥"

ਪਰ ਦੇਖਣਾ ਇਹ ਹੈ ਕਿ ਸਿੱਖਾਂ ਨੇ ਹੁਣ ਤੱਕ ਇਸ ਸ਼ਬਦ 'ਤੇ ਕਿੰਨਾ ਕੁ ਅਮਲ ਕੀਤਾ ਹੈ। ਕੌਮ ਵੱਖ-ਵੱਖ ਧੜਿਆਂ ਵਿਚ ਵੰਡੀ ਹੋਈ ਹੈ। ਗੁਰੂ ਘਰਾਂ ਵਿਚ ਲੜਾਈਆਂ ਝਗੜੇ ਹੁੰਦੇ ਰਹਿੰਦੇ ਹਨ। ਕੌਮ ਵਿਚ ਕੋਈ ਏਕਾ ਨਹੀਂ। ਕੌਮ ਪਾਸ ਕੋਈ ਏਜੰਡਾ ਨਹੀਂ। ਕੌਮ ਨੂੰ ਇਕੱਠੇ ਹੋ ਕੇ ਕੋਈ ਏਜੰਡਾ ਚੁਣਨਾ ਚਾਹੀਦਾ ਹੈ। ਕੌਮ ਦੀ ਦਸ਼ਾ ਕੀ ਹੈ? ਕੌਮ ਨੂੰ ਹੁਣ ਤੱਕ ਕੋਈ ਇਨਸਾਫ ਨਹੀਂ ਮਿਲਿਆ। ਕੌਮ ਨੂੰ ਆਪਣੇ ਹੱਕਾਂ ਅਤੇ ਇਨਸਾਫ ਲੈਣ ਲਈ ਕੁੱਝ ਕਰਨਾ ਚਾਹੀਦਾ ਹੈ।

ਪਰ ਕੌਮ ਨੇ ਹੁਣ ਤੱਕ ਜੀਵਨ ਜਾਚ ਸਿੱਖੀ ਕਿਉਂ ਨਹੀਂ? ਇਸ ਦੇ ਲਈ ਜਨਤਾ ਹੀ ਇਕੱਲੀ ਜ਼ਿੰਮੇਵਾਰ ਨਹੀਂ। ਇਸ ਦੇ ਲਈ ਸਾਡੇ ਧਾਰਮਿਕ ਆਗੂ ਅਤੇ ਪੰਥ ਦੇ ਪ੍ਰਚਾਰਕ ਭਾਵ ਕਥਾਵਾਚਕ ਅਤੇ ਕੀਰਤਨੀ ਜੱਥੇ ਵੀ ਜ਼ਿੰਮੇਵਾਰ ਹਨ ਕਿਉਂਕਿ ਉਹ ਠੀਕ ਪ੍ਰਚਾਰ ਨਹੀਂ ਕਰ ਸਕੇ, ਕਿਉਂਕਿ ਉਨ੍ਹਾਂ ਦਾ ਆਪਣਾ ਜੀਵਨ ਠੀਕ ਨਹੀਂ।

ਲੋੜ ਹੈ ਸਿੱਖੀ ਸਰੂਪ ਅਤੇ ਸਿੱਖੀ ਕਿਰਦਾਰ ਦੇ ਧਰਨੀ ਹੋਣ ਦੀ ਅਤੇ ਗੁਰੂ ਸਾਹਿਬਾਨ ਦੀ ਸਿੱਖਿਆ ਅਤੇ ਸਿਧਾਂਤਾਂ 'ਤੇ ਚੱਲਣ ਦੀ, ਭਾਵ ਗੁਰਬਾਣੀ ਦੇ ਆਸ਼ੇ ਅਨੁਸਾਰ ਆਪਣਾ ਅਮਲੀ ਜੀਵਨ ਗੁਜ਼ਾਰਨ ਦੀ। ਤਦ ਉਹ ਦਿਨ ਦੂਰ ਨਹੀਂ, ਜਦੋਂ ਰਾਜ ਕਰੇਗਾ, ਖਾਲਸਾ ਆਕੀ ਰਹੇ ਨਾ ਕੋਈ ਦਾ ਸੰਕਲਪ ਪੂਰਾ ਨਾ ਹੋਵੇ। ਲੋੜ ਹੈ ਉੱਚਾ-ਸੁੱਚਾ ਕਿਰਦਾਰ ਬਣਾਉਣ ਦੀ। ਅੱਜ ਨਿੱਤ ਦਿਹਾੜੇ ਬਲਾਤਕਾਰ, ਕਤਲੋਗਾਰਤ ਤੇ ਲੁੱਟਾਂ-ਖੋਹਾਂ ਵਰਗੀਆਂ ਘਟਨਾਵਾਂ ਵਾਪਰ ਰਹੀਆਂ ਹਨ।

**Be honest, humble, helpful, kind, responsible, respectful, diligent, sympathetic, wise, idealistic, polite, sweet, gentle, and humanitarian.**

**Be a nice person, nice person is he who possesses a good moral character and good conscience**

ਸਿੱਖ ਤੋਂ ਭਾਵ ਸਿੱਖਿਆਰਥੀ, ਭਾਵ ਜਿਹੜਾ ਸਦਾ ਸਿੱਖਦਾ ਹੈ। ਸਿੱਖ ਧਰਮ ਵਿਚ ਸਿੱਖਣ ਦੀ ਬਹੁਤ ਮਹਾਨਤਾ ਹੈ, ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ:

"ਸਿੱਖੀ ਸਿੱਖਿਆ ਗੁਰ ਵੀਚਾਰੁ॥"

ਆਦਮੀ ਮੇਂ ਲਾਖੋਂ ਜੌਹਰ ਹੋ;

ਅਗਰ ਆਦਮੀਅਤ ਨਹੀਂ, ਤੋਂ ਕੁੱਛ ਭੀ ਨਹੀਂ।

ਕਦਰਦਾਨ, ਪਾਰਖੂ ਤੇ ਪ੍ਰਸ਼ੰਸਕ ਬਣੋ।

ਔਰ ਭੀ ਗਮ ਹੈ ਜ਼ਮਾਨੇ ਮੇਂ ਮੁਹੱਬਤ ਕੇ ਸਿਵਾ,

ਰਾਹਤੇਂ ਔਰ ਭੀ ਹੈ ਵਸਲ ਕੀ ਰਾਹਤ ਕੇ ਸਿਵਾ।

ਪੂਰਨ ਮਨੁੱਖ ਬਣੋ। ਪੂਰਨ ਮਨੁੱਖ ਬਣਨਾ ਸੌਖਾ ਨਹੀਂ। "ਫਰਿਸ਼ਤੋਂ ਸੇ ਬਿਹਤਰ ਹੈ ਇਨਸਾਨ ਬਣਨਾ, ਮਗਰ ਇਸ ਮੇਂ ਲਗਤੀ ਹੈ ਮਿਹਨਤ ਜ਼ਿਆਦਾ।"

ਪੂਰਨ ਮਨੁੱਖ ਉਹ ਹੁੰਦਾ ਹੈ, ਜਿਹੜਾ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਤੇ ਈਰਖਾ ਤੋਂ ਰਹਿਤ ਹੋਵੇ ਅਤੇ ਜਿਸ ਵਿਚ ਹਮਦਰਦੀ, ਦਇਆ, ਪਿਆਰ, ਸਤਿਕਾਰ, ਸਹਿਣਸ਼ੀਲਤਾ, ਨਿਮਰਤਾ, ਅਣਖ, ਜ਼ਮੀਰ ਅਤੇ ਨੈਤਿਕਤਾ ਹੋਵੇ। ਤੁਸੀਂ ਗੁਰਬਾਣੀ ਦੀ ਸਿੱਖਿਆ ਲੈ ਕੇ ਅਤੇ ਸਿਮਰਨ ਕਰਕੇ ਆਪਣੇ ਆਪ ਨੂੰ ਪੂਰਨ ਮਨੁੱਖ ਬਣਾ ਸਕਦੇ ਹੋ। ਮਨੁੱਖ ਨੂੰ ਸੱਚ-ਝੂਠ, ਚੰਗਾ-ਮਾੜਾ ਤੇ ਠੀਕ-ਗਲਤ ਦਾ ਪਤਾ ਹੋਣਾ ਚਾਹੀਦਾ ਹੈ ਕਿਉਂਕਿ ਅੱਜ ਤੱਕ ਜਿਹੜਾ ਮਾੜਾ ਹੋਇਆ ਹੈ, ਉਹ ਮਾੜੇ ਬੰਦਿਆਂ ਕਰਕੇ ਹੋਇਆ ਹੈ ਅਤੇ ਜਿਹੜਾ ਚੰਗਾ ਹੋਇਆ ਹੈ, ਉਹ ਚੰਗਿਆਂ ਬੰਦਿਆਂ ਕਰਕੇ ਹੋਇਆ ਹੈ।

---

# ਬਹਾਰ ਨਾਲੋਂ ਵੀ ਖ਼ੂਬਸੂਰਤ ਏ ਕੈਨੇਡਾ ਵਿਚ ਪਤਝੜ ਦਾ ਮੌਸਮ

ਬਹਾਰ ਨਾਲੋਂ ਵੀ ਪਰਪੱਕ ਖ਼ੂਬਸੂਰਤ ਹੈ ਕੈਨੇਡਾ ਵਿਚ ਪਤਝੜ ਦਾ ਰੁਮਾਂਚਿਕ ਮੌਸਮ। ਪਿਛਲੇ ਦਿਨੀਂ ਐਡਮਿੰਟਨ ਤੋਂ ਕਈ-ਕਈ ਸੌ ਮੀਲ ਦੂਰ ਘੁੰਮਣ ਫਿਰਨ ਦਾ ਮੌਕਾ ਮਿਲਿਆ। ਇੱਥੇ ਪਤਝੜ ਸਿਤੰਬਰ ਮਹੀਨੇ ਦੇ ਦੂਸਰੇ ਹਫਤੇ ਤੋਂ ਵੱਖ-ਵੱਖ ਰੰਗਾਂ ਦੀ ਸਿਰਜਨਾਤਮਿਕ ਵਿਖਾਇਆ ਦਾ ਢੋਲ ਵਜਾਅ ਦਿੰਦੀ ਹੈ।

ਕੈਨੇਡਾ ਦੇ ਲੈਂਡ ਸਕੇਪਿੰਗ ਦੇ ਮਾਹਿਰ ਵਿਗਿਆਨੀਆਂ ਨੇ ਕਈ ਪ੍ਰਕਾਰ ਦੀਆਂ ਜਾਤੀਆਂ, ਸਵਰੂਪਾਂ, ਅਕਾਰਾਂ, ਪ੍ਰਕਾਰਾਂ ਦੇ ਰੁੱਖਾਂ ਨੂੰ ਇਸ ਵਿਉਂਤਬੰਦੀ ਨਾਲ ਸੜਕਾਂ, ਝੀਲਾਂ, ਨਹਿਰਾਂ, ਚੌਂਕਾਂ, ਜੰਗਲਾਂ ਦੁਆਲੇ, ਪਰਬਤਾਂ ਵਿਚ ਲਗਾਇਆ ਹੈ ਕਿ ਰੁੱਖਾਂ ਦੀ ਤਰਤੀਬ, ਤਾਮੀਰ, ਤਾਸੀਰ, ਦਿਸ਼ਾ, ਉਚੀ-ਨੀਵੀਂ ਤਕਸੀਮ ਸ਼ੈਲੀ ਨੂੰ ਇਸ ਖ਼ੂਬਸੂਰਤ ਪ੍ਰਯੋਗਮਈ ਖੋਜਮਈ ਢੰਗ ਨਾਲ ਸ਼ਿਲਪਗਤ ਕੀਤਾ ਹੈ ਕਿ ਅੱਖਾਂ ਜਦ ਇਨ੍ਹਾਂ ਸੁੰਦਰ ਰੰਗ-ਬਿਰੰਗੇ ਰੱਖਾਂ ਨੂੰ ਅਪਣਾਉਂਦੀਆਂ ਹੋਈਆਂ, ਦਿਲ, ਦਿਮਾਗ, ਰੂਹ ਵਿਚ ਪ੍ਰਵੇਸ਼ ਕਰਦੀਆਂ ਹਨ, ਤਾਂ ਰੰਗਾਂ ਦੀ ਨਵੀਨ ਵਿਰਾਸਤ, ਰੰਗਾਂ ਦਾ ਸੱਭਿਆਚਾਰ ਸ਼ੋਖੀਆ ਵਿਚ ਤਬਦੀਲ ਹੋ ਕੇ ਸਵਰਣਯੁੱਗ ਵਿਚ ਆ ਜਾਂਦਾ ਹੈ।

ਐਡਮਿੰਟਨ ਤੋਂ ਲੈ ਕੇ ਵੈਨਕੂਵਰ ਤੱਕ ਬਾਈ ਰੋਡ ਜਾਂਦਿਆਂ ਰੁੱਖਾਂ 'ਤੇ ਰੰਗੀਲੀ, ਫਬੀਲੀ, ਨਸ਼ੀਲੀ ਅਹਿਮੀਅਤ ਵੇਖ ਕੇ ਰੂਹ ਆਨੰਦਿਤ ਹੋ ਜਾਂਦੀ ਹੈ। ਇਸ ਤਰ੍ਹਾਂ ਮਹਿਸੂਸ ਹੁੰਦਾ ਹੈ, ਜਿਵੇਂ ਕੁਦਰਤ ਨੇ ਸਾਰੀ ਸੁੰਦਰਤਾ ਪਤਝੜ 'ਚ ਵਿਭਾਜਨ ਕਰ ਦਿੱਤੀ ਹੋਵੇ। ਜਿਸ ਤਰ੍ਹਾਂ ਕੁਦਰਤੀ ਮੁਸਵਿੱਰ ਨੇ ਅਮੂਰਤ ਬਿੰਬਾਂ ਦਾ ਵਿਆਪਕ ਯਥਾਰਥ ਚਿੱਤਰਣ ਕੀਤਾ ਹੋਵੇ।

ਜਿੱਥੇ ਬਹਾਰਾਂ ਦੇ ਮੌਸਮ 'ਚ ਵੱਖ-ਵੱਖ ਦਿਲਕਸ਼-ਦਿਮਾਗਕਸ਼ ਖ਼ੁਸ਼ਬੂਆਂ ਦਾ ਸੰਤੋਸ਼ਜਨਕ ਆਨੰਦ ਉਥੇ ਪਤਝੜ 'ਚ ਬਹਾਰਾਂ ਨਾਲੋਂ ਕਿਤੇ ਜ਼ਿਆਦਾ ਰੰਗਾਂ ਦੀ ਸੁੰਦਰ ਨਿਰਾਲੇਪਨ ਵਿਚ ਇਕ ਫਿੱਕੀ-ਫਿੱਕੀ ਅਜੀਬ ਜਿਹੀ ਬੀਅਰ ਦੇ ਸਵਾਦ ਵਰਗੀ ਸੁਗੰਧ ਫੈਲਦੀ ਹੋਈ ਸਾਰੇ ਜਿਸਮ ਵਿਚ ਇਕ ਸਕੂਨ ਉਤਪੰਨ ਕਰ ਦਿੰਦੀ ਹੈ।

ਤੜਕ ਸਵੇਰ ਦੀ ਪਤਝੜ ਦਾ ਮੌਸਮ ਠੰਢਾ ਅਲਬੇਲਾ, ਮਰਮਸਪਰਸ਼ੀ ਅਨੁਭਵ ਨੂੰ ਮੰਥਨ ਕਰਕੇ ਕੋਈ ਹਿਲੋਰਾ ਆਤਮਸਾਤ ਕਰਦਾ ਹੈ।

ਜਦ ਤਰ੍ਹਾਂ-ਤਰ੍ਹਾਂ ਦੇ ਰੁੱਖਾਂ ਦੇ ਪੱਤਿਆਂ ਉਪਰ ਸੂਰਜ ਦੀਆਂ ਉਜਵਲ ਕੋਸੀਆਂ-ਕੋਸੀਆਂ ਕਿਰਨਾਂ ਆਪਣੇ ਗੁਨਗਨੇ ਚੁੰਮਣ ਧਰਦੀਆਂ ਹਨ, ਤਾਂ ਰੰਗੀਨ ਪੱਤਿਆਂ ਉਪਰ ਪਈਆਂ ਸ਼ਬਨਮ ਦੀਆਂ ਬੂੰਦਾਂ ਆਲਿੰਗਨਤਾ ਵਿਚ ਓਤ-ਪੋਤ ਹੋ ਕੇ ਮੌਸਮ ਤੋਂ ਸਭ ਕੁਝ ਨੌਛਾਵਰ ਕਰ ਦਿੰਦੀਆਂ ਹਨ। ਕੂਲੇਪਣ ਦਾ ਅਹਿਸਾਸ ਅੰਗੜਾਈ ਲੈ ਕੇ ਕੁਦਰਤ ਦੇ ਅਨੋਖੇ ਸਿਰਜਨ ਦੀ ਤਪੱਸਿਆ ਵਿਚ ਮਗਨ ਹੋ ਜਾਂਦਾ ਹੈ।

ਇਸ ਮੌਸਮ ਵਿਚ ਲੋਕੀਂ ਸੈਰ ਦਾ ਪੂਰਾ-ਪੂਰਾ ਲੁਤਫ਼ ਉਠਾਉਂਦੇ ਹੋਏ ਰੰਗਾਂ ਦੇ ਤਲਿਸਮੀ ਨਜ਼ਾਰੇ ਨੂੰ ਧਮਣੀਆਂ-ਸਿਰਾਵਾਂ ਵਿਚ ਸ਼ਾਮਿਲ ਕਰਦੇ ਹੋਏ ਆਨੰਦਵਿਭੋਰ ਹੋ-ਹੋ ਜਾਂਦੇ ਹਨ। ਸੁੰਦਰ ਦ੍ਰਿਸ਼, ਠੰਢਕਦਾਰ ਮੌਸਮ ਜਿਸਮ ਨੂੰ ਤਾਜ਼ਗੀ, ਸਫੂਰਤੀ ਨਾਲ ਨਿਹਾਲ ਕਰ ਦਿੰਦਾ ਹੈ।

ਸੁੰਦਰ ਮੌਸਮ ਵਰਗੇ ਸੁੰਦਰ ਲੋਕ ਹਨ ਏਧਰ। ਰੁੱਖਾਂ ਦੇ ਸੁਭਾਅ ਵਰਗੇ, ਰੰਗ-ਢੰਗ ਵਰਗੇ।

ਦੁਪਹਿਰ ਨੂੰ ਰੰਗ-ਬਿਰੰਗੇ ਰੁੱਖਾਂ ਉਪਰ



ਚਮਕਦਾਰ ਰੰਗੀਨੀ ਆਪਣੇ ਪਹਿਲੇ ਅਹਿਸਾਸ ਦੇ ਸੁਖਦ ਪਲਾਂ ਦੀ ਮਹਿਸੂਸਨ ਹਿਰਦੇ ਵਿਚ ਛੱਡਦੀ ਹੈ। ਦੁਪਹਿਰ ਵੇਲੇ ਗਿਰਗਿਟ ਵਾਂਗੂ ਰੰਗ ਬਦਲਦੇ ਪੱਤੇ ਇਵੇਂ ਪ੍ਰਤੀਤ ਹੁੰਦੇ, ਜਿਵੇਂ ਰੰਗ-ਬਿਰੰਗੇ ਦੀਵੇ ਝਿਲਮਿਲਾ ਰਹੇ ਹੋਣ।

ਸ਼ਾਮ ਦਾ ਮੌਸਮ ਪਤਝੜ ਨੂੰ ਖਾਮੋਸ਼ ਲਹਿਰੀਏ ਦੇ ਨਿਰਾਲੇਪਣ ਵਿਚ ਠੰਢੀਆਂ ਠਾਰ ਹਵਾਵਾਂ ਨਾਲ ਹੋਰ ਝੂਮਦੇ ਪਲਾਂ ਦਾ ਅਹਿਸਾਸ ਕਰਵਾ ਕੇ ਆਪਣੀ ਸਾਰੇ ਬੀਤੇ ਜੀਵਨ ਦੀ ਵਰਤਮਾਨ ਆਤਮਕਥਾ ਰੰਗਾਂ ਦੀ ਛਹਿਬਰ ਵਿਚ ਪਿਰੋ ਦਿੰਦਾ ਹੈ। ਸ਼ਾਮ ਦਾ ਡੁੱਬ ਰਿਹਾ ਸੂਰਜ ਜਦ ਰੰਗ-ਬਿਰੰਗੇ ਰੁੱਖਾਂ ਵਿਚ ਮੱਧਮ-ਮੰਥਨ ਲੋਅ ਵਿਚ ਪਰਿਪੂਰਨ ਹੋ ਕੇ ਰੁੱਖਾਂ ਦੀਆਂ ਰੰਗੀਨ ਟਹਿਣੀਆਂ ਵਿਚਕਾਰ ਫਸ ਜਾਂਦਾ ਹੈ, ਤਾਂ ਆਲੌਕਿਕਤਾ ਦੀ ਪ੍ਰਭੁਸੱਤਾ ਨਾਲ ਧਰਦੀ ਦੀ ਗੋਦੀ ਵਿਚ ਵਿਆਪਕ ਸੁੰਦਰਤਾ ਮਾਨਵਤਾ-ਸਾਂਝੀਵਾਲਤਾ ਦਾ ਸੰਦੇਸ਼ ਦਿੰਦੀ ਹੈ।

ਬਲਵਿੰਦਰ ਬਾਲਮ
ਉਂਕਾਰ ਨਗਰ, ਗੁਰਦਾਸਪੁਰ (ਪੰਜਾਬ)
ਮੋ: 98156-25409
ਪੰਜਾਬ ਮੇਲ USA



ਕੁਦਰਤ ਜੀਵਨ ਦਾ ਨਾਮ ਹੈ ਅਤੇ ਖੁਸ਼ਬੂ ਉਸ ਦੀ ਮਿਠਾਸ, ਇਕ ਜੀਵਨ ਨੂੰ ਸੁਰਖਿਅਤ ਰੱਖਦਾ ਹੈ ਤੇ ਦੂਸਰਾ ਉਸ ਨੂੰ ਮਧੁਰ ਬਣਾਉਂਦਾ ਹੈ।

ਚਾਂਦਨੀ ਰਾਤ ਵਿਚ ਰੰਗ-ਬਿਰੰਗੇ ਲਹਿ-ਲਹਿਰਾਂਦੇ ਰੁੱਖਾਂ ਦੇ ਪੱਤੇ ਚਾਂਦਨੀ ਨੂੰ ਅਪਣਾਉਂਦੇ ਹੋਏ ਗਠੀਲਾ ਆਕਰਸ਼ਣ ਅਤੇ ਸੁਗਬੁਗਾਹਟ ਦਾ ਗੁਨਗੁਨਾ ਜਿਹਾ ਸਵਾਦ, ਸੰਤੋਸ਼ ਤੇ ਸੁੱਖ ਦੇ ਸੰਸਕਾਰ ਨਿਰਮਾਣ ਕਰਦਾ ਹੈ। ਕੁਦਰਤ ਦੇ ਰੰਗ ਹੀ ਧਰਮ ਭੂਮੀ, ਕਰਮ ਭੂਮੀ, ਪੁੰਨ ਭੂਮੀ ਨੂੰ ਸਵਰਗ ਦਾ ਰੂਪ ਦੇ ਕੇ ਸੁੰਦਰਤਾ ਨੂੰ ਮਨੁੱਖ ਲਈ ਮਖਮੂਰ ਕਿਰਿਆਵਾਂ ਦੀ ਲੱਜ਼ਤ ਦਿੰਦੀ ਹੈ।

ਪਤਝੜ ਦੇ ਰੁੱਖ ਬਰਫ ਦੇ ਤੋਂਦਿਆਂ ਦੀ ਭਰਮਾਰ ਨਾਲ ਲੱਧੇ ਜਾਂਦੇ ਹਨ। ਸਫ਼ੇਦ ਰੰਗ ਦੀ ਬਰਫ਼ੀਲੀ ਚਾਦਰ ਆਪਣੇ ਆਸ਼ੀਰਵਾਦ ਨਾਲ ਇਕ ਬੇਇੰਤਹਾ ਨਜ਼ਾਰਾ ਦੇ ਕੇ ਭਵਿੱਖ ਦੀ ਮੁੱਖ ਕ੍ਰਿਤੀ ਤੋਂ ਵਾਕਿਫ਼ ਕਰਵਾ ਦਿੰਦੀ ਹੈ। ਇਹ ਮੌਸਮ ਮੁਸ਼ਕਿਲਾਂ ਅਤੇ ਪਰਵਾਹ ਦਾ ਮੌਸਮ ਹੁੰਦਾ ਹੈ।

ਝੀਲਾਂ ਦੁਆਲੇ ਰੰਗ-ਬਿਰੰਗੇ ਰੁੱਖਾਂ ਦੇ ਝੁਰਮਟ ਪਾਣੀਆਂ ਦੀ ਹਿੱਕ ਉਪਰ ਪਰਛਾਇਆ ਦੀ ਲੈਆਤਮਿਕ ਕ੍ਰਿਤੀ ਬਣਾ ਕੇ ਪਾਣੀ 'ਤੇ ਨੰਗੀ ਚਿੱਤਰਕਾਰੀ ਉਕੇਰ ਦਿੰਦੇ ਹਨ।

ਪਹਾੜਾਂ ਉਪਰ ਤਰ੍ਹਾਂ-ਤਰ੍ਹਾਂ ਦੇ ਰੁੱਖਾਂ ਦੀਆਂ ਪ੍ਰਜਾਤੀਆਂ ਤੋਂ ਇਲਾਵਾ ਇਕ ਹੀ ਸ਼੍ਰੇਣੀ ਦੇ ਅਨੇਕਾਂ ਰੁੱਖਾਂ ਨੂੰ ਆਇਤਕਾਰ, ਗੋਲਾਕਾਰ, ਚੌਰਸ, ਚੌਪਟ ਆਦਿ ਰੂਪਾਂ ਵਿਚ ਅਲੰਕਾਰਿਤ ਕੀਤਾ ਹੋਇਆ ਹੈ। ਦੂਰ ਤੋਂ ਪਤਝੜ ਦੇ ਰੰਗਾਂ ਦੀ ਖਾਮੋਸ਼ੀ ਇਕ ਸਿਮਰਤੀ ਦਾ ਜਨਮ ਉਤਪਨ ਕਰਕੇ ਦਿਮਾਗ਼ ਵਿਚ ਸਦੀਵੀ ਸੁੰਦਰ ਚਿਤਰਨ ਉਕੇਰ ਦਿੰਦੀ ਹੈ, ਜੋ ਸਾਲਾਂ ਤੱਕ ਮਸਤਕ ਵਿਚ ਜੀਵੰਤ ਰਹਿੰਦੀ ਹੈ।

ਕੈਨੇਡਾ ਵਿਚ ਰੁੱਖਾਂ ਦੀ ਮਨੁੱਖ ਨਾਲੋਂ ਵੀ ਜ਼ਿਆਦਾ ਸਮਰਥਵਾਨ ਕਦਰਾਂ ਕੀਮਤਾਂ ਹਨ। ਕੈਨੇਡਾ ਦਾ ਰਾਸ਼ਟਰੀਏ ਝੰਡਾ ਇਸ ਗੱਲ ਦੀ ਸਹਿਮਤੀ ਭਰਦਾ ਹੈ। ਕੈਨੇਡਾ ਦੇ ਝੰਡੇ ਵਿਚ ਗਿਆਰਾਂ ਨੁਕਰੀ ਲਾਲ ਰੰਗ ਦਾ ਪੱਤਾ ਹੈ। ਦੋਵੇਂ ਪਾਸੇ ਲਾਲ ਰੰਗ ਵਿਚਕਾਰ ਚਿੱਟੇ ਰੰਗ ਉਪਰ ਲਾਲ ਰੰਗ ਦਾ ਪੱਤਾ ਹੈ, ਜਿਸ ਦਾ ਮਤਲਬ ਕਿ ਸਾਰੀ ਦੁਨੀਆਂ, ਕਾਇਨਾਤ ਦੇ ਪ੍ਰਾਣੀਆਂ ਦੇ ਲਹੂ ਦਾ ਰੰਗ ਲਾਲ ਹੁੰਦਾ ਹੈ। ਸਾਂਝੀਵਾਲਤਾ ਦਾ ਸੰਦੇਸ਼। ਲਾਲ ਰੰਗ ਗੌਰਵ ਸ਼ਕਤੀ ਦਾ ਪ੍ਰਤੀਕ। ਖ਼ੂਨ ਦਾ ਰੰਗ ਲਾਲ, ਟਮਾਟਰ ਦਾ ਰੰਗ ਲਾਲ ਜੋ ਸੂਖਮ ਹੈ। ਫਾਇਰ ਇੰਜ਼ਨ ਦਾ ਰੰਗ ਲਾਲ, ਤਰੱਕੀ ਪਸੰਦ ਪ੍ਰਤੀਕ ਹੈ ਇਹ ਪਤਝੜ ਦਾ ਪੱਤਾ।

# ਪੰਜਾਬ ਸਰਕਾਰ ਵੱਲੋਂ ਸੂਚਨਾ ਐਕਟ ਨੂੰ ਖਤਮ ਕਰਨ ਲਈ ਹਰ ਹੀਲਾ ਵਸੀਲਾ ਵਰਤਿਆ ਜਾ ਰਿਹਾ ਹੈ

## 12 ਅਕਤੂਬਰ ਲਈ ਵਿਸ਼ੇਸ਼




-ਬ੍ਰਿਸ ਭਾਨ ਬੁਜਰਕ
ਕਾਹਨਗੜ੍ਹ ਰੋਡ,
ਪਾਤੜਾਂ, ਜ਼ਿਲ੍ਹਾ ਪਟਿਆਲਾ
98761-01698
ਪੰਜਾਬ ਮੇਲ USA




ਦੇਸ਼ ਅੰਦਰ ਸੂਚਨਾ ਦਾ ਅਧਿਕਾਰ ਲਾਗੂ ਹੋਇਆਂ 19 ਵਰ੍ਹੇ ਹੋ ਚੁੱਕੇ ਹਨ। ਪੰਜਾਬ 'ਚ ਆਮ ਆਦਮੀ ਪਾਰਟੀ ਦੀ ਵਜ਼ਾਰਤ ਵਾਲੀ ਪੰਜਾਬ ਸਰਕਾਰ ਨੇ ਪਿਛਲੇ ਢਾਈ ਸਾਲਾਂ ਅੰਦਰ ਸੂਚਨਾ ਦੇ ਅਧਿਕਾਰ ਐਕਟ ਨੂੰ ਖਤਮ ਕਰਨ ਦੀ ਹਰ ਕੋਸ਼ਿਸ਼ ਕੀਤੀ ਹੈ। ਪੰਜਾਬ ਰਾਜ ਅੰਦਰ ਕੰਮ ਕਰ ਰਹੇ ਸੂਚਨਾ ਕਮਿਸਨ ਦੇ ਮੈਂਬਰਾਂ ਦੀ ਅਸਾਮੀਆਂ ਨੂੰ ਖਤਮ ਕੀਤਾ ਗਿਆ। ਅਗਸਤ 2024 'ਚ ਪੰਜਾਬ ਹਰਿਆਣਾ ਹਾਈਕੋਰਟ 'ਚ ਰਿੱਟ ਪਾ ਕੇ ਤਿੰਨ ਮੈਬਰਾਂ ਦੀ ਨਿਯੁਕਤੀ ਕਰਵਾਉਣੀ ਇਨਕਲਾਬੀਆਂ ਦੀ ਸਰਕਾਰ ਦੇ ਮੱਥੇ 'ਤੇ ਸਭ ਤੋਂ ਵੱਡਾ ਕਲੰਕ ਹੈ। ਕਿਉਂਕਿ ਪੰਜਾਬ ਦੇ ਲੋਕਾਂ ਨੂੰ ਪਾਰਦਰਸ਼ਤਾ ਵਾਲਾ ਪ੍ਰਸ਼ਾਸਨ ਅਤੇ ਸਰਕਾਰ ਦੇਣ ਦੇ ਦਾਅਵੇ ਕਰਨ ਵਾਲੀ ਆਮ ਆਦਮੀ ਪਾਰਟੀ ਨੇ ਸਭ ਤੋਂ ਪਹਿਲਾਂ ਸੂਚਨਾ ਅਧਿਕਾਰ ਐਕਟ ਨੂੰ ਲੰਗੜਾ ਕੀਤਾ। ਪੰਜਾਬ ਰਾਜ ਸੂਚਨਾ ਕਮਿਸਨ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਘੱਟੋ-ਘੱਟ 11 ਮੈਬਰਾਂ ਦੀ ਨਿਯੁਕਤੀ ਹੋਣੀ ਜ਼ਰੂਰੀ ਹੈ। ਤਾਂ ਹੀ ਠੀਕ ਢੰਗ ਨਾਲ ਸੁਣਵਾਈ ਹੋ ਸਕਦੀ ਹੈ। ਪਰ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਅਜਿਹਾ ਨਹੀਂ ਕੀਤਾ, ਸਗੋਂ 2 ਸਾਲ ਤੱਕ ਸਿਰਫ 2 ਕਮਿਸ਼ਨਰ ਹੀ ਸੁਣਵਾਈਆਂ ਕਰਦੇ ਰਹੇ। ਜੇਕਰ ਕਾਂਗਰਸ ਜਾਂ ਸ਼੍ਰੋਮਣੀ ਅਕਾਲੀ ਦਲ ਬਾਦਲ ਵੇਲੇ ਦੇ ਸੂਚਨਾ ਐਕਟ ਪ੍ਰਣਾਲੀ ਦੀ ਗੱਲ ਕੀਤੀ ਜਾਵੇ, ਤਾਂ ਮੌਜੂਦਾ ਦੌਰ 'ਚ ਚੱਲ ਰਹੀ ਇਨਕਲਾਬੀਆਂ ਦੀ ਸਰਕਾਰ ਨਾਲੋਂ ਸੌ ਗੁਣਾਂ ਵਧੀਆ ਸੀ। ਪੰਜਾਬ ਰਾਜ ਸੂਚਨਾ ਕਮਿਸ਼ਨ ਦੀ ਘਾਟ ਕਾਰਨ ਲੋਕ ਸੂਚਨਾ ਅਧਿਕਾਰੀ ਵੀ ਲੋਕਾਂ ਨੂੰ ਲੋੜੀਦਾਂ ਰਿਕਾਰਡ ਨਹੀਂ ਦੇ ਰਹੇ। ਕਿਉਂਕਿ ਇਸ ਐਕਟ ਦੇ ਲਾਗੂ ਹੋਣ ਨਾਲ ਪ੍ਰਸ਼ਾਸਕੀ ਸੁਧਾਰ ਕਾਫੀ ਹੱਦ ਤੱਕ ਹੋਣੇ ਸ਼ੁਰੂ ਹੋ ਗਏ ਸਨ। ਸੂਚਨਾ ਅਧਿਕਾਰ ਐਕਟ ਤੋਂ ਸਭ ਤੋਂ ਵੱਧ ਡਰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਲੱਗ ਰਿਹਾ ਹੈ। ਜਿਸ ਨੇ ਆਪਣੀ ਸ਼ੋਸ਼ੇਬਾਜ਼ੀ ਨੂੰ ਕਾਇਮ ਰੱਖਣ ਲਈ ਸਭ ਤੋਂ ਵੱਧ ਪ੍ਰਚਾਰ ਕੀਤਾ ਹੈ। ਪੰਜਾਬ ਦੇ ਲੋਕ ਸੰਪਰਕ ਵਿਭਾਗ ਵਲੋਂ ਭਗਵੰਤ ਮਾਨ ਨਾਲ ਸਬੰਧਤ ਕੋਈ ਵੀ ਰਿਕਾਰਡ ਮੁਹੱਈਆ ਨਹੀਂ ਕਰਵਾਇਆ ਜਾਂਦਾ, ਜਿਸ ਕਰਕੇ ਇਨਕਲਾਬੀਆਂ ਦੀ ਸਰਕਾਰ ਦਾ ਅਸਲ ਚਿਹਰਾ ਲੋਕਾਂ ਦੇ ਸਾਹਮਣੇ ਆ ਚੁੱਕਿਆ ਹੈ। ਇਸੇ ਕਰਕੇ ਰਾਜਨੀਤਿਕ ਪਾਰਟੀਆਂ ਨੂੰ ਵੀ ਇਸ ਐਕਟ ਦੇ ਘੇਰੇ ਵਿਚ ਲੈ ਲਿਆ ਜਾਣਾ ਚਾਹੀਦਾ ਹੈ, ਤਾਂ ਦੇਸ਼ ਅੰਦਰ ਵਧ ਰਹੇ ਭ੍ਰਿਸ਼ਟਾਚਾਰ ਨੂੰ ਕਾਫੀ ਹੱਦ ਤੱਕ ਰੋਕਣ ਦੇ ਨਾਲ ਹੀ ਵਿਕਾਸ ਕਾਰਜਾਂ ਵਿਚ ਕੀਤੇ ਜਾਣ ਵਾਲੇ ਘਪਲਿਆਂ ਨੂੰ ਰੋਕਣ ਵਿਚ ਸਫਲਤਾ ਮਿਲ ਸਕਦੀ ਹੈ। ਹਾਲਾਤ ਅਜਿਹੇ ਹਨ ਕਿ ਸਰਕਾਰੀ ਤੰਤਰ ਨਾਲ ਰਾਜਨੀਤਿਕ ਲੋਕਾਂ ਦੀ ਯਾਰੀ ਹੋਣ ਕਰਕੇ ਵਿਕਾਸ ਕਾਰਜਾਂ ਵਾਸਤੇ ਆਉਂਦੇ ਪੈਸੇ ਜਾਂ ਸਰਕਾਰੀ ਅਦਾਰਿਆਂ ਨੂੰ ਨਿੱਜੀ ਤੌਰ 'ਤੇ ਹੋਣ ਵਾਲੀ ਆਮਦਨ ਵਿਚੋਂ ਅੱਧੇ ਤੋਂ ਵੱਧ ਪੈਸਾ ਹਿੱਸਿਆਂ ਵਿਚ ਹੀ ਉਡ ਜਾਂਦਾ ਹੈ। ਅਜਿਹੇ ਕੰਮਾਂ ਨੂੰ ਪਾਰਦਰਸ਼ਤਾ ਢੰਗ ਨਾਲ ਕਰਵਾਉਣ ਲਈ ਅਤੇ ਦੇਸ਼ ਅੰਦਰ ਬੈਠੇ ਚੋਰਾਂ 'ਤੇ ਪਹਿਰਾਂ ਦੇਣ ਲਈ ਸੂਚਨਾ ਐਕਟ ਬਹੁਤ ਵੱਡਾ ਹਥਿਆਰ ਹੈ। ਪਰ ਇਸ ਨੂੰ ਚੋਰਾਂ ਨਾਲ ਰਲਣ ਵਾਲੇ ਪਹਿਰੇਦਾਰਾਂ ਤੋਂ ਬਚਾ ਕੇ ਰੱਖਣ ਦੀ ਲੋੜ ਮਹਿਸੂਸ ਹੋਣ ਲੱਗ ਪਈ ਹੈ।

12 ਅਕਤੂਬਰ 2005 ਨੂੰ ਕੇਂਦਰ ਸਰਕਾਰ ਨੇ ਸੂਚਨਾ ਦਾ ਹੱਕ ਕਾਨੂੰਨ ਲਾਗੂ ਕੀਤਾ ਸੀ। ਜਿਸ ਦੇ ਤਹਿਤ ਦੇਸ਼ ਦਾ ਹਰ ਨਾਗਰਿਕ ਇਸ ਅਧਿਕਾਰ ਦੀ ਵਰਤੋਂ ਕਰਕੇ ਕਿਸੇ ਵੀ ਸਰਕਾਰੀ ਅਤੇ ਅਰਧ ਸਰਕਾਰੀ ਅਦਾਰੇ ਵਿਚੋਂ ਲੋੜੀਂਦੀ ਜਾਣਕਾਰੀ ਪ੍ਰਾਪਤ ਕਰ ਸਕਦਾ ਹੈ। ਇਸ ਤੋਂ ਪਹਿਲਾਂ ਸਰਕਾਰੀ ਦਫਤਰਾਂ ਵਿਚ ਬੈਠੇ ਬਾਬੂ ਸਰਕਾਰੀ ਰਿਕਾਰਡ ਕਹਿ ਕੇ ਜਵਾਬ ਦੇ ਦਿੰਦੇ ਸਨ। ਪਰ ਹੁਣ ਉਨ੍ਹਾਂ ਨੂੰ ਜਵਾਬਦੇਹ ਬਣਾਉਣ ਲਈ ਇਹ ਐਕਟ ਲਾਗੂ ਕੀਤਾ ਗਿਆ ਜਾਂ ਫਿਰ ਇਵੇਂ ਕਹਿ ਲਈਏ ਕਿ ਆਜ਼ਾਦੀ ਤੋ ਬਾਅਦ ਵੀ ਗੁਲਾਮੀ ਭਰੀ ਜ਼ਿੰਦਗੀ ਬਤੀਤ ਕਰ ਰਹੇ ਭਾਰਤ ਵਾਸੀਆਂ ਨੂੰ ਥੋੜੀ ਜਿਹੀ ਆਜ਼ਾਦੀ ਮਿਲੀ ਕਿ ਉਹ ਕਿਸੇ ਵੀ ਵਿਕਾਸ ਕਾਰਜਾਂ ਜਾਂ ਫਿਰ ਹੋਰ ਕੰਮਾਂ/ਕਾਰਾਂ ਜਿਨ੍ਹਾਂ 'ਤੇ ਉਨ੍ਹਾਂ ਦਾ ਆਪਣਾ ਹੱਕ ਹੈ ਅਤੇ ਲੋਕਾਂ ਦੀ ਆਪਣੀ ਕਿਰਤ ਵਿਚੋਂ ਆਏ ਪੈਸੇ ਨਾਲ ਸਭ ਕੁਝ ਚੱਲ ਰਿਹਾ ਹੈ, ਉਸ ਬਾਰੇ ਜਾਣਕਾਰੀ ਲੈ ਸਕਣ। ਇਸ ਸੂਚਨਾ ਦੇ ਅਧਿਕਾਰ 'ਤੇ ਕਿਸੇ ਖਾਸ ਆਰ.ਟੀ.ਆਈ. ਕਾਰਕੁੰਨ/ਪੱਤਰਕਾਰ/ਰਾਜਨੀਤਿਕ ਪਾਰਟੀ ਦਾ ਕੋਈ ਕਬਜ਼ਾ ਨਹੀਂ ਹੈ। ਕੁਝ ਲੋਕ ਸੂਚਨਾ ਅਧਿਕਾਰ ਦੇ ਮਾਮਲੇ ਵਿਚ ਗੁੰਮਰਾਹ ਕਰ ਜਾਂਦੇ ਹਨ ਕਿ ਸੂਚਨਾ ਕੋਈ ਖਾਸ ਵਿਅਕਤੀ ਹੀ ਲੈ ਸਕਦਾ ਹੈ। ਅਸਲ ਵਿਚ ਇਹ ਅਧਿਕਾਰ ਆਮ ਵਿਅਕਤੀ ਲਈ ਹੀ ਲਾਗੂ ਕੀਤਾ ਗਿਆ ਹੈ। ਜ਼ਿਆਦਾਤਰ ਲੋਕ ਇਸ ਐਕਟ ਦੀ ਵਰਤੋਂ ਆਪਣੇ ਕੰਮਾਂ ਲਈ ਹੀ ਕਰਦੇ ਹਨ। ਬਹੁਤ ਘੱਟ ਅਜਿਹੇ ਵਿਅਕਤੀ ਨਜ਼ਰ ਆ ਰਹੇ ਹਨ, ਜਿਹੜੇ ਸੂਚਨਾ ਅਧਿਕਾਰ ਐਕਟ ਨੂੰ ਸਮਾਜਿਕ/ਪ੍ਰਸ਼ਾਸਨਿਕ/ ਰਾਜਨੀਤਿਕ ਸੁਧਾਰਾਂ ਲਈ ਵਰਤ ਰਹੇ ਹਨ। ਜਦੋਂਕਿ ਚਾਹੀਦਾ ਤਾਂ ਇਹ ਸੀ ਕਿ ਵੱਡੀ ਗਿਣਤੀ ਵਿਚ ਲੋਕ ਇਸ ਅਧਿਕਾਰ ਦੀ ਵਰਤੋਂ ਕਰਦੇ। ਸੂਚਨਾ ਦੇ ਅਧਿਕਾਰ ਤਹਿਤ ਜਾਣਕਾਰੀ ਲੈਣ ਲਈ ਇੱਕ ਪੱਤਰ ਅਤੇ ਦਸ ਰੁਪਏ ਅਰਜ਼ੀ ਫੀਸ ਸਬੰਧਤ ਵਿਭਾਗ ਨੂੰ ਭੇਜਣੀ ਪੈਂਦੀ ਹੈ। ਦਸ ਰੁਪਏ ਫੀਸ ਪੰਜਾਬ ਵਿਚ ਭਰੀ ਜਾਂਦੀ ਹੈ। ਦੇਸ਼ ਦੇ ਬਾਕੀ ਰਾਜਾਂ ਨੇ ਆਪਣੇ ਹਿਸਾਬ ਨਾਲ ਫੀਸ ਰੱਖੀ ਹੋਈ ਹੈ। ਸੂਚਨਾ ਐਕਟ ਦੇ ਮੁਤਾਬਿਕ ਇਸ ਨਾਲ ਸਬੰਧਤ ਸੂਚਨਾ ਅਫਸਰ ਨੂੰ 20 ਦਿਨਾਂ ਦੇ ਅੰਦਰ ਜਵਾਬ ਅਤੇ 30 ਦਿਨਾਂ ਦੇ ਅੰਦਰ ਖਰਚਾ ਭਰਵਾ ਕੇ ਲੋੜੀਂਦੀ ਜਾਣਕਾਰੀ ਮੁਹੱਈਆ ਕਰਵਾਉਣੀ ਹੁੰਦੀ ਹੈ, ਜਿਹੜੀ ਉਸ ਕੋਲੋਂ ਮੰਗੀ ਗਈ ਹੈ। ਸੂਚਨਾ ਲੰਬੀ ਹੋਣ ਜਾਂ ਦਫਤਰ ਵਿਚ ਸਟਾਫ ਦੀ ਘਾਟ ਹੋਣ ਕਾਰਨ ਹੋਣ ਵਾਲੀ ਦੇਰੀ ਬਾਰੇ ਸੂਚਨਾ ਮੰਗਣ ਵਾਲੇ ਨੂੰ ਸੂਚਿਤ ਕੀਤਾ ਜਾ ਸਕਦਾ ਹੈ। ਪਰ ਸਰਕਾਰੀ ਤੰਤਰ ਵੱਲੋਂ ਅਜਿਹਾ ਨਹੀਂ ਕੀਤਾ ਜਾਂਦਾ। ਕਿਸੇ ਵੀ ਵਿਭਾਗ ਨਾਲ ਸਬੰਧਤ ਸੂਚਨਾ ਅਫਸਰ, ਸੂਚਨਾ ਲਏ ਜਾਣ ਦਾ ਕਾਰਨ ਨਹੀਂ ਪੁੱਛ ਸਕਦਾ। ਫਿਰ ਵੀ ਇਸ ਭ੍ਰਿਸ਼ਟ ਤੰਤਰ ਵੱਲੋਂ ਵੱਧ ਤੋਂ ਵੱਧ ਖੱਜਲ-ਖੁਆਰ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ, ਤਾਂ ਕਿ ਸੂਚਨਾ ਮੰਗਣ ਵਾਲਾ ਵਿਅਕਤੀ ਥੱਕ ਹਾਰ ਕੇ ਆਪਣੇ ਘਰ ਹੀ ਬੈਠ ਜਾਵੇ। ਸੂਚਨਾ ਦੇ ਅਧਿਕਾਰ ਦੀ ਵਰਤੋਂ ਨਾਲ ਦੇਸ਼ ਪੱਧਰ 'ਤੇ ਵੱਡੇ-ਵੱਡੇ ਘਪਲੇ ਉਜਾਗਰ ਹੋਏ ਹਨ। ਦੇਸ਼ ਪੱਧਰ 'ਤੇ ਦਰਜਨ ਭਰ ਵਿਅਕਤੀਆਂ ਨੂੰ ਆਪਣੀ ਜਾਨ ਤੋਂ ਵੀ ਹੱਥ ਧੋਣਾ ਪਿਆ ਹੈ ਅਤੇ ਇਹ ਐਕਟ ਸਰਕਾਰਾਂ ਅਤੇ ਅਫਸਰਸ਼ਾਹੀ ਲਈ ਮਾਰੂ ਹਥਿਆਰ ਵੀ ਸਾਬਤ ਹੋਇਆ ਹੈ। ਕਿਉਂਕਿ ਸੂਚਨਾ ਨਾ ਦੇਣ ਦੀ ਸੂਰਤ ਵਿਚ ਉਸ ਦਫਤਰੀ ਬਾਬੂ ਨੂੰ ਪੱਚੀ ਹਜ਼ਾਰ ਤੱਕ ਜੁਰਮਾਨਾ ਹੋ ਸਕਦਾ ਹੈ। ਪਰ ਸਰਕਾਰ ਇਸ ਐਕਟ ਨੂੰ ਪੂਰੀ ਤਰ੍ਹਾਂ ਲਾਗੂ ਕਰਵਾਉਣ ਵਿਚ ਕਾਮਯਾਬ ਨਹੀਂ ਹੋ ਸਕੀ, ਜਿਸ ਦਾ ਸਭ ਤੋਂ ਵੱਡਾ ਕਾਰਨ ਇਹ ਹੈ ਕਿ ਇਸ ਨਾਲ ਸਰਕਾਰਾਂ ਦੇ ਆਪਣੇ ਨੁਮਾਇੰਦੇ ਵੀ ਜੁੜੇ ਹੋਏ ਹਨ। ਖਾਸ ਕਰਕੇ ਪੰਜਾਬ ਰਾਜ ਦੇ ਇਹ ਹਲਾਤ ਹਨ ਕਿ ਸਰਕਾਰ ਦੇ ਆਪਣੇ ਰਾਜਨੀਤਿਕ ਲੋਕਾਂ ਦੀ ਵਿਕਾਸ ਕਾਰਜਾਂ ਵਿਚ ਸਭ ਤੋਂ ਪਹਿਲਾਂ ਹਿੱਸੇਦਾਰੀ ਰੱਖੀ ਜਾਂਦੀ ਹੈ, ਜਿਸ ਕਰਕੇ ਸੂਚਨਾ ਐਕਟ ਤਹਿਤ ਸਾਰਾ ਰਿਕਾਰਡ ਮਿਲਣ ਨਾਲ ਵਰਤੋਂ ਕੀਤੇ ਗਏ ਪੈਸੇ ਦੀ ਗਿਣਤੀ/ਮਿਣਤੀ ਹੁੰਦੀ ਹੈ। ਤੇ ਵਿਕਾਸ ਕਾਰਜਾਂ ਦੇ ਕੰਮਾਂ ਵਿਚ ਪਾਰਦਰਸ਼ਿਤਾ ਪੈਦਾ ਹੁੰਦੀ ਹੈ, ਜਿਸ ਨੂੰ ਸਰਕਾਰੀ ਤੰਤਰ/ਰਾਜਨੀਤਿਕ ਲੋਕ ਵੇਖਣਾ ਨਹੀਂ ਚਾਹੁੰਦੇ। ਜੇਕਰ ਪੰਜਾਬ ਰਾਜ ਸੂਚਨਾ ਕਮਿਸ਼ਨ ਦੀ ਗੱਲ ਕੀਤੀ ਜਾਵੇ, ਜਿਸ ਨੇ ਸੂਚਨਾ ਐਕਟ ਦੀ ਉਲੰਘਣਾ ਕਰਨ ਵਾਲੇ ਅਫਸਰਾਂ ਨੂੰ ਜੁਰਮਾਨੇ ਕਰਨੇ ਹੁੰਦੇ ਹਨ, ਉਹ ਵੀ ਅਫਸਰਸ਼ਾਹੀ ਦੀਆਂ ਲਗਾਮਾਂ ਖਿੱਚ ਕੇ ਰੱਖਣ ਦੀ ਬਜਾਏ ਆਮ ਲੋਕਾਂ ਦੇ ਹੱਥਾਂ ਵਿਚ ਨਵੇਂ ਤੋਂ ਨਵੇਂ ਨਿਯਮ ਲਾਗੂ ਕਰਕੇ ਬੇੜੀਆਂ ਪਾਉਣ ਦਾ ਕੰਮ ਕਰ ਰਿਹਾ ਹੈ। ਦੂਸਰੇ ਪਾਸੇ ਪੰਜਾਬ ਸਰਕਾਰ ਵਲੋਂ ਇਸ ਐਕਟ ਨੂੰ ਖਤਮ ਕਰਨ ਲਈ ਹਰ ਹੀਲਾ ਵਰਤਿਆ ਜਾ ਰਿਹਾ ਹੈ, ਜਿਸ ਕਰਕੇ ਸੂਚਨਾ ਦੇ ਅਧਿਕਾਰ ਨੂੰ ਬਚ੍ਹਾ ਕੇ ਰੱਖਣ ਲਈ ਜਿੱਥੇ ਮੁੱਖ ਸੂਚਨਾ ਕਮਿਸ਼ਨ ਵੱਲੋਂ ਸਖਤਾਈ ਵਰਤੇ ਜਾਣ ਦੀ ਜ਼ਰੂਰਤ ਹੈ, ਉੱਥੇ ਹੀ ਆਮ ਲੋਕਾਂ ਨੂੰ ਇਸ ਐਕਟ ਪ੍ਰਤੀ ਜਾਗਰੂਕ ਹੋ ਕੇ ਸੰਜੀਦਗੀ ਨਾਲ ਪਹਿਰਾ ਦੇਣ ਦੀ ਵੀ ਲੋੜ੍ਹ ਮਹਿਸੂਸ ਹੋਣ ਲੱਗ ਪਈ ਹੈ।

## ਮਿੰਨੀ ਕਹਾਣੀ

# ਮੋਹ ਦੀ ਪੰਡ




ਸਤਵੀਰ ਸਿੰਘ ਚਾਨੀਆਂ
92569-73526
ਪੰਜਾਬ ਮੇਲ USA




ਚੜ੍ਹਦੇ ਅਕਤੂਬਰ ਮੈਂ ਨਜ਼ਦੀਕੀ ਰਿਸ਼ਤੇਦਾਰੀ ਵਿਚ ਅੱਪਰਾ (ਫਿਲੌਰ) ਨੇੜਲੇ ਇੱਕ ਪਿੰਡ ਵਿਚ ਇੱਕ ਮਾਤਾ ਜੀ ਦੇ ਸੰਸਕਾਰ 'ਤੇ ਗਿਆ। ਧੁੱਪ ਬਹੁਤ ਤੇਜ਼ ਅਤੇ ਚੁਭਵੀਂ ਸੀ। ਸਿਵੇ ਪਿੰਡ ਤੋਂ ਬਾਹਰ ਕੋਈ ਅੱਧਾ ਕਿਲੋਮੀਟਰ ਦੀ ਵਿੱਥ 'ਤੇ ਸਨ। ਮੈਂ ਵੀ ਕਾਨੀ ਲੱਗਾ ਹੋਇਆ ਸਾਂ। ਚਾਰੋਂ ਹੀ ਕਾਨੀ ਪੈਰੋਂ ਨੰਗੇ। ਦੋ ਕੁ ਫਰਲਾਂਗ ਤੁਰੇ ਸਾਂ ਕਿ ਸਾਨੂੰ ਤਾਂ ਹੌਂਕਣੀ ਚੜ੍ਹ ਗਈ। ਦੋ ਹੋਰਸ ਰਿਸ਼ਤੇਦਾਰ ਜੋ ਸਾਡੇ ਨਾਲ ਚੱਲਦੇ ਸਨ, ਵੀ ਅਦਲ-ਬਦਲ ਕੇ ਕਾਨੀ ਬਣ ਕੇ ਸਾਹ ਦਿਵਾ ਦਿੰਦੇ। ਭਾਈ ਜੀ ਵੀ ਵਾਹਿਗੁਰੂ ਜੀ ਦਾ ਜਾਪ ਕਰਦੇ ਤੇਜ਼ ਕਦਮੀ ਨਾਲ ਚੱਲ ਰਹੇ ਸਨ। ਸਾਡੇ ਪਸੀਨੇ ਛੁੱਟਣ, ਪਾਣੀ ਦੀ ਡਾਹਢੀ ਤੇਹ ਮਹਿਸੂਸ ਹੋਣ ਲੱਗੀ। ਸ਼ੈਦ 1-2 ਰਿਸ਼ਤੇਦਾਰਾਂ ਪਾਸ ਪਾਣੀ ਦੀਆਂ ਬੋਤਲਾਂ ਸਨ, ਪਰ ਉਹ ਕਾਫ਼ੀ ਪਿੱਛੇ ਰਹਿ ਗਏ। ਮੇਨ ਰਸਤੇ ਤੋਂ ਜਦ ਸਿਵਿਆਂ ਦੇ ਕੱਚੇ ਪਹੇ ਨੂੰ ਮੁੜੇ, ਤਾਂ ਉਥੋਂ ਕੁੱਝ ਹਟਵਾਂ, ਸਿਵਿਆਂ ਨਜ਼ਦੀਕ ਇਕ ਰਿਹਾਇਸ਼ੀ ਖੂਹ ਡਿੱਠਾ।

ਉਥੋਂ ਦੀ ਇਕ ਭਲੀ ਬੀਬੀ ਜੋ ਸਾਡੇ ਕਾਫ਼ਲੇ ਨੂੰ ਦੇਖ ਰਹੀ ਸੀ, ਸ਼ੈਦ ਕਾਨੀਆਂ ਦੀ ਬੇਵਸੀ ਨੂੰ ਭਾਂਪ ਗਈ। ਉਹ ਰੱਬੀ ਰੂਪ ਬਿੰਦ ਝੱਟ ਹੀ ਇਕ ਪਾਣੀ ਦਾ ਡੋਲੂ ਅਤੇ 5-7 ਗਲਾਸ ਲੈ ਕੇ ਸਾਡੇ ਵੱਲ ਭੱਜੀ ਆਈ। ਆਖਿਓਸ, "ਵੇ ਭਾਈ ਗਰਮੀ ਬਹੁਤ ਵਾ, ਥੋਡੇ ਪੈਰ ਵੀ ਨੰਗੇ ਨੇ। ਰੁਕੋ ਪਾਣੀ ਪੀ ਲੋ।" ਮੈਂ ਬੀਬੀ ਜੀ ਦਾ ਧੰਨਵਾਦ ਕਰਦਿਆਂ ਬੇਨਤੀ ਕੀਤੀ ਕਿ ਉਹ ਹੋਰ ਥੋੜਾ ਅੱਗੇ ਸਿਵਿਆਂ ਵਿਚ ਹੀ ਆ ਜਾਣ, ਉਥੇ ਹੀ ਪੀਨੇਂ ਆਂ। ਸਬੱਬੀਂ ਸਿਵਿਆਂ ਵਿਚ ਪਾਣੀ ਦਾ ਕੋਈ ਪ੍ਰਬੰਧ ਨਹੀਂ ਸੀ। ਅਸੀਂ ਅਰਥੀ ਨੂੰ ਥੜੇ ਉੱਪਰ ਰੱਖ ਕੇ ਬੀਬੀ ਜੀ ਪਾਸੋਂ ਪਾਣੀ ਦੀ ਪਿਆਸ ਨੂੰ ਬੁਝਾਉਂਦਿਆਂ ਉਸ ਵਲੋਂ ਕੀਤੇ ਪਰ ਉਪਕਾਰ ਅਤੇ ਮੋਹ ਲਈ ਉਸ ਦਾ ਧੰਨਵਾਦ ਕੀਤਾ। ਪੁੱਛਣ 'ਤੇ ਉਸ ਦੱਸਿਆ ਕਿ ਉਹ ਹਕੀਮ ਪੁਰੀਏ ਮੱਖਣ ਸਿੰਘ (ਮਸ਼ਹੂਰ ਕਬੱਡੀ ਖੇਡ ਕੁਮੈਂਟੇਟਰ) ਦੀ ਭੈਣ ਪਾਲ ਕੌਰ ਹੈ। 'ਜਿਹੀਆਂ ਮੋਹ ਦੀਆਂ ਪੰਡਾਂ ਦੀ ਝਲਕ ਅਕਸਰ ਹੀ ਪੇਂਡੂ ਸਮਾਜ ਵਿਚ ਵਿਚਰਦਿਆਂ ਦੇਖਣ ਨੂੰ ਮਿਲ ਜਾਂਦੀ ਹੈ, ਜੋ ਕਿ ਪੇਂਡੂ ਜੀਵਨ ਜਾਚ ਦਾ ਅਟੁੱਟ ਹਿੱਸਾ ਹੈਨ।

## ਚੜ੍ਹਿਆ ਸੂਰਜ ਨਾ...

*(ਪੰਚਾਇਤ ਚੋਣਾ ਤੇ ਤੰਨਜ)*

ਚੜ੍ਹਿਆ ਸੂਰਜ ਨਾ ਛੱਤਰੀ ਦੀ ਛਾਂ ਹੋਈ,
ਡਿੱਗੀ ਟੁੱਟ ਕੇ ਸਰੇ ਬਜ਼ਾਰ ਕੁਰਸੀ।
ਲੈ ਗਈ ਬਾਲਟੀ ਹੂੰਝ ਕੇ ਵੋਟ ਸਾਰੇ,
ਫੜਦੇ ਫੜਦੇ ਕਈ ਰਹਿ ਗਏ ਯਾਰ ਕੁਰਸੀ।
ਕੁਰਸੀ ਜੜ੍ਹ ਹੈ ਸਾਰੇ ਪੁਆੜਿਆਂ ਦੀ,
ਫਿਰ ਵੀ ਟੋਲਦਾ ਸਾਰਾ ਸੰਸਾਰ ਕੁਰਸੀ।
'ਦਰਦੀ' ਹੱਥ ਆਉਂਦੀ ਭਾਗਾਂ ਵਾਲਿਆਂ ਦੇ,
ਦੇਵੇ ਜੇਸ ਨੂੰ ਆਪ ਕਰਤਾਰ ਕੁਰਸੀ।

-ਸਤਨਾਮ ਸਿੰਘ ਦਰਦੀ
ਚਾਨੀਆਂ-ਜਲੰਧਰ
92569-73526
(Punjab Mail USA)



ਪੰਜਾਬ ਮੇਲ USA

## ਗ਼ਜ਼ਲ

ਉਸੇ ਧਰਤੀ ਵਿਚੋਂ ਫੇਰ ਜਵਾਲੇ ਫੁਟਦੇ ਨੇ।
ਜਿੱਥੇ ਹਾਕਿਮ ਕੁਟਕੇ, ਪੁਟਦੇ, ਲੁਟਦੇ, ਸੁਟਦੇ ਨੇ।

ਫੇਰ ਕ੍ਰਾਂਤੀ ਕਿਰਸਾਨਾਂ ਸਿਰ ਚੜ੍ਹ ਕੇ ਆਉਂਦੀ ਏ,
ਕੱਚੀਆਂ ਫਸਲਾਂ ਧਰਤੀ ਵਿਚੋਂ ਜਦ ਵੀ ਪੁਟਦੇ ਨੇ।

ਐਸੇ ਪ੍ਰਸ਼ਾਸਨ ਦੇ ਸਿਰ 'ਤੇ ਲਾਹਨਤ ਆਉਂਦੀ ਹੈ,
ਬੱਚੇ ਜਿਸ ਨਗਰੀ ਦੇ ਸੜਕੀਂ ਰੋੜ੍ਹੀ ਕੁਟਦੇ ਨੇ।

ਮੁਮਕਿਨ ਹੈ ਕਿ ਉਪਰ ਤੀਕਰ ਹਿੱਸਾ ਜਾਂਦਾ ਹੈ,
ਦਸਤਾਵੇਜ਼ 'ਚ ਉਚੇ-ਉਚੇ ਪੁਲ ਜਦ ਟੁਟਦੇ ਨੇ।

ਢਿੱਲੀ ਕਾਨੂੰਨ ਅਵਸਥਾ ਵਿਚ ਇੰਝ ਹੀ ਹੁੰਦਾ ਹੈ,
ਗੰਦਲੇ ਧੂੰਏਂ ਦੇ ਵਿਚ ਸਭ ਦੇ ਸਾਹ ਪਏ ਘੁਟਦੇ ਨੇ।

ਇਸ ਵਿਚ ਕਿਸ ਦਾ ਦੋਸ਼ ਸਰਾਸਰ ਮੰਨਦੇ ਹੋ ਦੱਸੋ,
ਜੋ ਅਪਰਾਧੀ ਸਾਬਿਤ ਹੋ ਕੇ ਜੇਲੋਂ ਛੁਟਦੇ ਨੇ।

ਠੇਕੇਦਾਰੀ ਵਿਚ ਵੀ ਠੇਕਾ ਉਸ ਨੂੰ ਮਿਲਦਾ ਹੈ,
ਪਹਿਲਾਂ ਮਾਲਿਕ ਵੇਖਣ ਬੰਦੇ ਕਿਹੜੇ ਗੁਟਦੇ ਨੇ।

ਤੈਨੂੰ ਸਰਵੋਤਮ ਈਨਾਮ ਪ੍ਰਾਪਤ ਹੋਇਆ ਹੈ,
'ਬਾਲਮ' ਤੇਰੇ ਬੰਦੇ ਲਗਦਾ ਤਕੜੇ ਜੁਟਦੇ ਨੇ।

-ਬਲਵਿੰਦਰ ਬਾਲਮ ਗੁਰਦਾਸਪੁਰ
ਉਂਕਾਰ ਨਗਰ ਗੁਰਦਾਸਪੁਰ ਪੰਜਾਬ
ਮੋ : 98156-25409
ਐਡਮਿੰਟਨ ਕਨੇਡਾ



ਪੰਜਾਬ ਮੇਲ USA

## ਦੁਸਹਿਰਾ

ਬਦੀਆਂ ਉੱਤੇ ਨੇਕੀ ਦੀ ਹੈ ਜਿੱਤ ਦੁਸਹਿਰਾ,
ਸੀਤਾ ਬਦਲੇ ਰਾਵਣ ਥਾਂ ਹੈ ਚਿੱਤ ਦੁਸਹਿਰਾ।
ਸੰਨ ਚੁਰਾਸੀ ਕਿੰਨੀਆਂ ਸੀਤਾ ਬੇਪੱਤ ਕਰਕੇ,
ਦਨਦਨਾਉਂਦਾ, ਕਿਹਦਾ ਹੈ ਮਿੱਤ ਦੁਸਹਿਰਾ।

ਹਾਥਰਸ, ਮੁਜ਼ਫਰਨਗਰ ਹੈ ਚੁੱਪ ਦੁਸਹਿਰਾ,
ਕਠੂਆ ਡੁੱਬਿਆ ਸੂਰਜ ਹੈ ਘੁੱਪ ਦੁਸਹਿਰਾ।
ਸ਼ਾਇਦ ਮਰਯਾਦਾ ਪੁਰਸ਼ੋਤਮ ਰਾਮ ਨੂੰ ਭੁੱਲੇ,
ਮਨੀਪੁਰ ਨੱਚੇ ਤਾਂਡਵ ਹੈ ਗੜੁੱਪ ਦੁਸਹਿਰਾ।

ਕਾਮ, ਕ੍ਰੋਧ, ਮੋਹ, ਹਉਮੈਂ ਹੈ ਹੰਕਾਰ ਦੁਸਹਿਰਾ,
ਨਫ਼ਰਤ, ਸਾੜਾ, ਜ਼ਾਲਿਮ ਹੈ ਖ਼ਾਰ ਦੁਸਹਿਰਾ।
ਹੱਕ ਪਰਾਇਆ ਨਿੱਤ ਖੋਹ ਕੇ ਖਾਂਦਾ ਬੰਦਾ,
ਸਵਾਰਥ, ਅ-ਨਿਆਏ ਹੈ ਯਾਰ ਦੁਸਹਿਰਾ।

*(ਪਹਿਲਾਂ)*
ਦਸਾਂ ਨੂੰ ਮਾਰੋ ਰਿਹਾ ਹੈ ਪੁਕਾਰ ਦੁਸਹਿਰਾ,
ਦਗੇ ਦੀ ਦਾਸਤਾਨ ਹੈ ਗਦਾਰ ਦੁਸਹਿਰਾ।
ਚਹੁੰ ਬੇਦਾਂ ਦੇ ਗਿਆਤਾ ਪੂਰਾ ਬ੍ਰਹਮਚਾਰੀ,
ਮਰਨਾ ਰਾਵਣ ਦਾ ਹੈ ਦੁਸ਼ਵਾਰ ਦੁਸਹਿਰਾ।

-ਸੇਵਾ ਸਿੰਘ "ਨੂਰਪੁਰੀ"



ਪੰਜਾਬ ਮੇਲ USA

## ਪਰਦੇਸੀਆਂ ਦਾ ਹੇਰਵਾ

ਮੈਨੂੰ ਮੇਰੇ ਪਿੰਡ ਦੀਆਂ ਰਾਹਵਾਂ ਯਾਦ ਆਉਂਦੀਆਂ
ਪੁੱਤਾਂ ਨੂੰ ਉਡੀਕਦੀਆਂ ਮਾਵਾਂ ਯਾਦ ਆਉਂਦੀਆਂ

ਉੱਠ ਕੇ ਸਵੇਰੇ ਸਾਰੇ, ਚੁੱਲੇ ਮੂਹਰੇ ਬਹਿੰਦੇ ਸੀ
ਪੀਪੇ ਦੀਆਂ ਕੁੱਕੀਆਂ ਤੇ, ਚਾਹਾਂ ਯਾਦ ਆਉਂਦੀਆਂ

ਕੁੱਟਿਆ ਸੀ ਬੜਾ ਮੈਨੂੰ, ਜਦੋਂ ਫੇਲ੍ਹ ਹੋਇਆ ਸੀ
ਬਾਪੂ ਦੀਆਂ ਦਿੱਤੀਆਂ, ਸਜ਼ਾਵਾਂ ਯਾਦ ਆਉਂਦੀਆਂ

ਡਾਲਰ ਕਮਾ ਕੇ ਛੇਤੀਂ, ਮੁੜ ਆਣਾ ਪਿੰਡ ਨੂੰ
ਪੂਰੀਆਂ ਨਾ ਹੋਈਆਂ ਜੋ, ਇੱਛਾਵਾਂ ਯਾਦ ਆਉਂਦੀਆਂ

ਟੈਚੀਆਂ ਨੂੰ ਹੱਥ ਪਾਇਆ, ਜਦੋਂ ਆਉਣ ਲੱਗਿਆਂ
ਯਾਰਾਂ ਦੇ ਕਲਾਵੇ ਅਤੇ ਬਾਹਾਂ ਯਾਦ ਆਉਂਦੀਆਂ

ਭੁੱਲੇ ਨਹੀਓਂ ਕੇਸ ਕਾਲੇ, ਗੋਰੇ ਰੰਗ ਵਾਲੀ ਦੇ
ਸਾਹਾਂ ਵਿਚ ਘੁਲੀਆਂ ਉਹ ਸਾਹਵਾਂ ਯਾਦ ਆਉਂਦੀਆਂ

ਭੁੱਲਦੀ ਨੀ ਉਸਦੀ, ਬੁਲਾਈ ਫਤਹਿ ਆਖਰੀ
ਹੰਝੂਆਂ ਨ ਭਿੱਜੀਆਂ, ਨਿਗਾਹਾਂ ਯਾਦ ਆਉਂਦੀਆਂ

ਛੇਤੀਂ ਮੁੜ ਆਵੀਂ ਪੁੱਤਾ, ਚਿੱਤ ਨਹੀਓਂ ਲੱਗਣਾ
ਦਾਦੇ ਦੀਆਂ ਸਿਸਕੀਆਂ, ਆਹਾਂ ਯਾਦ ਆਉਂਦੀਆਂ

ਛਾਤੀ ਨਾਲ ਚਿੰਬੜੀ ਸੀ, ਬੇਬੇ ਆਉਣ ਲੱਗਿਆਂ
ਸਾਹੋਤੇਆ ਉਹ ਬੇਬੇ ਦੀਆਂ, ਧਾਹਾਂ ਯਾਦ ਆਉਂਦੀਆਂ

-ਕੁਲਵੀਰ ਸਿੰਘ ਡਾਨਸੀਵਾਲ, ਸਰ੍ਹੀ,
ਬੀ.ਸੀ. ਕੈਨੇਡਾ
778-863-2472



ਪੰਜਾਬ ਮੇਲ USA

# ਅਬਲੂ-ਨਾਮਾਂ

**ਮਨਦੀਪ ਸਿੰਘ**
ਪਿੰਡ ਤੇ ਡਾਕਖ਼ਾਨਾ: ਅਬਲੂ
ਜ਼ਿਲਾ ਬਠਿੰਡਾ, 95172 22420

ਪੰਜਾਬ ਮੇਲ USA

"ਹਾਂ ਵੀ ਹਾਕਮਾਂ, ਐਤਕੀਂ ਫਿਰ ਕੀਹਨੂੰ ਸਰਪੈਚ ਬਣਾਵੇਗਾ?" ਸੰਤੇ ਬੇਲੀ ਨੇ ਸੱਥ ਵਿਚ ਆਉਣ ਸਾਰ ਹੀ ਹਾਕਮ ਮਿਸਤਰੀ ਨੂੰ ਟੋਹਣ ਜੇ ਦਾ ਇਰਾਦੇ ਨਾਲ ਪੁੱਛਿਆ।

"ਓ ਜੀਹਨੂੰ ਕਹਿੰਗੇ ਪਾਂ ਦਮਾਂਗੇ ਵੋਟ, ਥੋਥੋਂ ਬਾਹਰ ਥੋੜਾ ਆਪਾਂ ਜਰ," ਸੱਥ ਆਲੇ ਥੜੇ 'ਤੇ ਲੱਤਾ ਲਮਕਾਈ ਬੈਠੇ ਹਾਕਮ ਮਿਸਤਰੀ ਨੇ ਚਲਾਕੀ ਭਰੇ ਲਹਿਜ਼ੇ 'ਚ ਜੁਆਬ ਦਿੱਤਾ।

"ਖੇਤ ਆਲੇ ਜਾਗਰ ਕੇ ਛੋਰ ਜੇ ਦਾ ਪੂਰਾ ਜੋਰ ਆ ਬਾਬਾ, ਆਥਣੇ ਭੈਣਨਾ ਪੈਰ ਧਰਨ ਨੂੰ ਥਾਂ ਨਹੀ ਹੁੰਦੀ... ਅੱਧੋ ਵੱਧ ਪਿੰਡ ਹੁੰਦਾ ਉਨ੍ਹਾਂ ਦੇ ਨੌਹਰੇ 'ਚ" ਦੋਹਾਂ ਦੀਆਂ ਗੱਲਾਂ ਸੁਣ ਕੋਲ ਬੈਠਾ ਜੀਤਾ ਲੀਡਰੀ ਲਹਿਜ਼ੇ 'ਚ ਬੋਲਿਆ।

"ਉਹ ਬਸ ਰਹਿਣ ਦਿਆ ਕਰ,, ਹੁੰਦਾ ਅੱਧਾ ਪਿੰਡ!!.. ਤੂੰ ਆ ਕੇ ਦੇਖੀ ਐਧਰ ਚੁਬਾਰੇ ਆਲਿਆਂ ਦੇ ਘਰੇ.. ਬੱਲਿਆ ਤੜਕੇ ਹੀ ਮਹਿਫਲਾਂ ਲੱਗ ਜਾਂਦੀਆਂ.. ਆਪਣਾ ਤਾਂ ਸਾਰਾ ਪਿੰਡ ਹੁੰਦਾ ਉਨ੍ਹਾਂ ਦੇ ਘਰੇ.. ਤੈਨੂੰ ਦੱਸਤਾ ਚੁਬਾਰੇ ਆਲਿਆਂ ਦਾ ਨਿੱਕਾ ਸਰਪੈਂਚ ਪੱਕਾ ਐਤਕੀ।" ਛਿੰਦਰ ਨੇ ਨਾਲਦੀ ਨਾਲ ਜੀਤੇ ਦੀ ਗੱਲ ਦਾ ਮੋੜ ਦਿੰਦੇ ਕਿਹਾ।

"ਓ ਬੱਸ ਓਏ,, ਤੂੰ ਵੀ ਕੱਚੀਆਂ ਮਾਰਦਾ ਰਹਿਣਾ.।

ਉਹ ਸਾਨੂੰ ਸਾਰਾ ਪਤਾ ਕੌਣ ਹੁੰਦਾ ਨਿੱਕੇ ਕੇ... ਹੋਈ ਆ ਸਾਡੀ ਸਾਰੀ ਗੱਲ ਉਨ੍ਹਾਂ ਨਾਲ, ਉਹ ਤਾਂ ਊਈ ਜਾਂਦੇ ਆ ਵੋਟ ਤਾਂ ਕਹਿੰਦੇ ਜਾਗਰ ਕੇ ਭਿੰਦੇ ਨੂੰ ਈ ਪਾਉਣੀ ਆ... ਬਾਕੀ ਤੇਰੇ ਵਰਗੇ ਛਲਾਰੂ ਦੋ ਚਾਰ ਆ ਇਨ੍ਹਾਂ ਮਗਰ ਕਿਹੜੀ ਵੋਟ ਆ ਫਿਰਦੇ ਆ ਪੈਰ ਮਿਧਾਉਂਦੇ." ਜੀਤੇ ਨੇ ਛਿੰਦਰ ਵੱਲ ਚੱਬ ਕੇ ਗੱਲ ਕਰੀ।

"ਓ ਐਵੇਂ ਲੱਗਦਾ ਜੀਤਿਆ ਤੈਨੂੰ.. ਮੈਂ ਵੀ ਕੱਲ੍ਹ ਦੇਖਿਆ ਮਮੈਲ ਤੇ ਸਾਡੇ ਜੁਆਕਾਂ ਨੇ ਦਖਾਇਆ ਸਾਰੇ ਚੁਬਾਰੇ ਆਲੇ ਨਾਜ਼ਰ ਸਿਓਂ ਕੇ ਮੁੰਡੇ ਦੀਆਂ ਫੋਟਮਾਂ ਪਾਈ ਬੈਠੇ ਸੀ ਰਕਾਟ ਲਾ ਲਾ ਕੇ" ਸੰਤੇ ਬੇਲੀ ਨੇ ਜੀਤੇ ਦੀ ਗੱਲ ਸੁਣ ਛਿੰਦਰ ਦੀ ਹਾਂ 'ਚ ਹਾਂ ਮਿਲਾਉਂਦੇ ਕਿਹਾ।

"ਹੋਰ ਬਾਬਾ ਯਰ ਇਹਨੂੰ ਛੁਣਸ਼ਨੇ ਦਾ ਪਤਾ! ਇਹਦੇ ਮਗਰ ਤਾਂ ਇਹ ਨੀ ਪਤਾ ਇਹਦੀ ਘਰਦੀ ਵੀ ਵੋਟ ਪਾਊ ਕੇ ਨਾ ਪਾਊ... ਮੈਨੂੰ ਤਾਂ ਜਿੱਦਣ ਟੱਕਰ ਗਏ ਭਿੰਦੇ ਹੋਰੀਂ ਲਾਜਮੀ ਕਹੂੰ ਵੀ ਆ ਲਾਹਣਤੀ ਨੂੰ ਨਾਲ ਨਾ ਰੱਖੋ, ਇਹ ਹਰਾਊ ਥੋਨੂੰ ਕਲੈਹਣਾ।

"ਅਖੇ ਜਿੱਥੋਂ ਦੀ ਇਹ ਫਿਰ ਗੇ
ਉੱਥੇ ਨਾ ਫਿਰ ਮੂਦ ਕਿਰ ਗੇ।"

ਛਿੰਦਰ ਦਾ ਜੀਤੇ ਨੂੰ ਦਿੱਤਾ ਕਰਾਰਾ ਜਾ ਜੁਆਬ ਸੁਣਕੇ ਸਾਰੇ ਜਣੇ ਠਹਾਕਾ ਮਾਰ ਹੱਸ ਪੇ..

"ਜਾ ਓਏ ਜਾਂਦਾ ਰਹਿ ਵੱਡਾ ਕਿੰਗ ਮੇਕਰ ਤੂੰ! ਨਾ ਜੇ ਤੇਰੇ ਐਡਾ ਕੀੜਾ ਸ਼ਰਤ ਲਾ ਲੈ ਪੁੱਤ ਮੇਰਿਆ... ਪੰਜ ਸੌ ਵੋਟ ਨਾਲ ਜਿੱਤੂ ਸਾਡਾ ਬੰਦਾ.. ਐਵੇਂ ਮਾਰਨ ਲੱਗ ਜਾਨੇ ਆ ਭਕਾਈ ਖਾ ਕੇ ਭੁੱਕੜ..." ਜੀਤਾ ਹਾਲੇ ਵੀ ਪੂਰੇ ਹੌਂਸਲੇ ਵਿਚ ਸੀ।

"ਓ ਲੜੋ ਨਾ ਯਾਰ, ਤੁਸੀਂ ਐਏ ਦੱਸੋ ਵੀ ਜੇ ਦੋਨਾਂ 'ਚੋਂ ਕੋਈ ਜਿੱਤ ਗਿਆ, ਤਾਂ ਮੇਰਾ ਕਾਰਡ ਬਣਵਾਦੋਗੇ ਕਿ ਨਹੀਂ ਕਣਕ ਆਲਾ??" ਪਿੱਪਲ ਦੀ ਓਟ ਲਈ ਬੈਠੇ ਮੇਹਰੂ ਅਮਲੀ ਨੇ ਤਰਲਾ ਛੱਡਿਆ।

"ਓ ਤੂੰ ਵੋਟ ਪਾਈ ਯਾਰ, ਆਪਣੇ ਬੰਦੇ ਨੂੰ ਆਪਾਂ ਤੇਰੇ ਕਾਰਡ ਛੱਡ ਪੱਕਾ ਕੋਠਾ ਵੀ ਛਤਾਵਾਂਗੇ, ਗੱਲ ਕਹਿੜੀ ਕਰਤੀ ਯਾਰ" ਛਿੰਦਰ ਨੇ ਮੇਹਰੂ ਨੂੰ ਪੂਰੇ ਯਕੀਨ ਨਾਲ ਕਿਹਾ।

"ਆਹੋ ਇਨ੍ਹਾਂ ਆਲੇ ਸੀਸ ਮਹਿਲ 'ਚ ਪਿਆ ਕਰੀ ਮੇਹਰੂ ਤੂੰ ਵੀ.. ਓ ਥੋਡਾ ਸਰਪੈਚ ਛੱਡ ਬੰਬਰ ਵੀ ਨਹੀਂ ਜਿੱਤਦਾ! ਵੇਖੀ ਚੱਲੋ ਕਾਕਾ ਬਣਦਾ ਕੀ ਆ ਥੋਡੇ ਨਾਲ਼." ਜੀਤੇ ਨੇ ਛਿੰਦਰ ਦੀ ਗੱਲ ਟੋਕਦਿਆਂ ਤੇ ਮੇਹਰੂ ਨੂੰ ਤੰਜ ਕਸਦੇ ਕਿਹਾ। "ਓ ਜੇ ਥੋਡੇ ਬਾਹਲਾ ਮੱਖ ਲੜਦਾ ਆਪਾਂ ਲੜਾ ਈ ਥੋਨੂੰ ਦਿੰਨੇ ਆ ਦੋਹਾਂ ਨੂੰ." ਥੜੇ ਦੇ ਪਰਲੇ ਪਾਸੇ ਇੱਟ 'ਤੇ ਪਰਨਾ ਰੱਖ ਦਾ ਸਿਰਾਹਾਣਾ ਜਾ ਬਣਾਲਾਈ ਪਿਆ ਬਾਬਾ ਚਰਨਾ ਬੋਲਿਆ।

"ਬਿਗਾਨੀ ਸ਼ੈਹ 'ਤੇ ਐਵੇਂ ਨਹੀਂ ਮੁੱਛਾਂ ਮਣਾਈ ਦੀਆਂ ਹੁੰਦੀਆਂ.. ਉਹ ਮੱਲੋ ਨਾਜਰ ਸਿਓਂ ਤੇ ਜਾਗਰ ਸਿਓਂ ਦੋਹੇਂ ਆਪਣੇ ਪਿੰਡ ਦੇ ਸਰਦੇ ਪੁੱਜਦੇ ਟੱਬਰ ਆ ਨਾਲੇ ਸਿਆਣੇ ਵੀ ਆ.. ਉਹ ਤਾਂ ਹੁਣ ਵੀ ਇੱਕ ਦੂਜੇ ਨਾਲ ਹੱਸ ਕੇ ਮਿਲਦੇ ਆ.. ਵੋਟਾਂ ਮੰਗਣ ਵੇਲੇ ਵੀ ਦੋਹੇ ਇੱਕ ਦੂਜੇ ਦੇ ਘਰੀਂ ਗਏ ਆ। ਤੇ ਤੁਸੀਂ ਐਵੇ ਹੀ ਸੱਥ ਤਾਂਹ ਚੱਕ ਰੱਖੀ ਆ ਦੋਹਾਂ ਨੇ..

ਕੋਈ ਜਿੱਤ ਜਾਵੇ, ਕੰਮ ਤਾਂ ਸਾਰੇ ਪਿੰਡ ਦੇ ਸਹਿਯੋਗ ਨਾਲ ਹੀ ਹੋਣੇ ਆ, ਆਹ ਬੱਸ ਵੋਟਾਂ ਸੁੱਖ ਸਾਂਦ ਨੇਪਰੇ ਚੜ੍ਹਨ.. ਨਾਲੇ ਆ ਆਥਣੇ ਆਲੇ ਕੱਠਾਂ ਦੇ ਕਾਹਦੇ ਦਾਅਵੇ ਹੁੰਦੇ ਆ ਮੱਲੋ.. ਲੋਕਾਂ ਦੇ ਮਨ 'ਚ ਕੀ ਚੱਲਦਾ ਇਹ ਤਾਂ ਵੱਡੇ ਪੀਰ ਪਗੰਬਰਾਂ ਨੂੰ ਨੀ ਸਮਝ ਆਈ... ਇਹ ਤਾਂ ਓਦਣ ਮੌਕਾ ਹੀ ਦੱਸਦਾ ਹੁੰਦਾ.. ਬੱਸ ਮੁੱਕਦੀ ਗੱਲ ਮਾੜਾ ਨਾ ਬੋਲੋ ਕਿਸੇ ਨੂੰ ਵੀ..

ਅਖੇ 'ਢਕੀ ਰਿੱਝੇ ਕੋਈ ਨਾ ਬੁੱਝੇ।'"

ਇਹ ਆਖ ਚਰਨਾ ਬਾਬੇ ਪਰਾਂ ਨੂੰ ਪਾਸਾ ਮਾਰ ਕੇ ਪੈ ਗਿਆ ਤੇ ਉਧਰ ਬਾਬੇ ਦੀਆਂ ਗੱਲਾਂ ਸੁਣ ਸਾਰੇ ਸ਼ੈਂਅ ਹੋ ਗੇ ਤੇ ਸੱਥ ਵਿਚ ਇੱਕ ਅਜੀਬ ਚੁੱਪ ਪਸਰ ਗਈ ।

## ਸੁਣ ਯਾਰ ਪੰਜਾਬਿਆ ਓਏ (ਗੀਤ)

ਸੁਣ ਯਾਰ ਪੰਜਾਬਿਆ ਓਏ ਦਿਲਦਾਰ ਪੰਜਾਬਿਆ ਓਏ
ਕਰ ਤਿੱਖੀ ਫਿਰ ਆਪਣੀ ਤੂੰ ਲਿਸ਼ਕਾਰ ਗੁਲਾਬਿਆ ਓਏ

ਤੈਨੂੰ ਢਾਹੁਣ ਨੂੰ ਫਿਰਦੇ ਨੇ ਤੇਰੇ ਦੁਸ਼ਮਣ ਸਾਰੇ ਰਲ ਕੇ
ਤੂੰ ਬੇਫਿਕਰਾ ਫਿਰਦੈਂ ਕੱਲ੍ਹ ਨੂੰ ਰਹਿ ਜਾਣਾ ਹੱਥ ਮਲ ਕੇ
ਉੱਠ ਸ਼ੇਰ ਨਲਵਿਆ ਤੂੰ ਦੇ ਭਬਕਾਰ ਪੰਜਾਬਿਆ ਓਏ
ਕਰ ਤਿੱਖੀ ਫਿਰ ਆਪਣੀ ਤੂੰ ਲਿਸ਼ਕਾਰ ਗੁਲਾਬਿਆ ਓਏ

ਨਸ਼ਿਆਂ ਦੀ ਦਲਦਲ ਨੇ ਤੇਰੀਆਂ ਜੜ੍ਹਾਂ 'ਚ ਤੇਲ ਹੈ ਭਰ'ਤਾ
ਅੰਜਾਮ ਦੇ ਰਿਹਾ ਏ ਸਾਜ਼ਿਸ਼ ਨੂੰ ਕੋਈ ਸਾਜ਼ਿਸ਼ ਕਰਤਾ
ਘਰ-ਘਰ ਵੰਡ ਮੌਤ ਰਿਹਾ ਚੁੱਕ ਤਲਵਾਰ ਪੰਜਾਬਿਆ ਓਏ
ਕਰ ਤਿੱਖੀ ਫਿਰ ਆਪਣੀ ਤੂੰ ਲਿਸ਼ਕਾਰ ਗੁਲਾਬਿਆ ਓਏ

ਤੇਰੇ ਖੋਹ ਕੇ ਪਾਣੀਆਂ ਨੂੰ ਤੈਨੂੰ ਬੰਜਰ ਚਾਹੁੰਦੇ ਕਰਨਾ
ਤੂੰ ਡੱਟ ਕੇ ਪਹਿਰਾ ਦੇ ਗਿੱਦੜ ਭਬਕੀਆਂ ਤੋਂ ਨਹੀਂ ਡਰਨਾ
ਬਣ ਸ਼ੇਰ ਬਹਾਦਰ ਤੂੰ ਮਾਰ ਦਹਾੜ ਪੰਜਾਬਿਆ ਓਏ
ਕਰ ਤਿੱਖੀ ਫਿਰ ਆਪਣੀ ਤੂੰ ਲਿਸ਼ਕਾਰ ਗੁਲਾਬਿਆ ਓਏ

ਤੂੰ ਭੁੱਲ ਗਿਆ ਮਾਂ ਬੋਲੀ ਮਾਸੀ ਮਾਸੀ ਕਹਿ ਪੁਚਕਾਰੇਂ
ਜਿਸ ਲੋਰੀਆਂ ਦਿੱਤੀਆਂ ਸੀ ਬੋਲੀ ਮਾਂ ਕਿਉਂ ਮਨੋਂ ਵਿਸਾਰੇਂ
ਲਿਖ ਬੋਲ ਪੰਜਾਬੀ ਤੂੰ ਕਰ ਪਰਚਾਰ ਪੰਜਾਬਿਆ ਓਏ
ਕਰ ਤਿੱਖੀ ਫਿਰ ਆਪਣੀ ਤੂੰ ਲਿਸ਼ਕਾਰ ਗੁਲਾਬਿਆ ਓਏ

ਤੇਰੇ ਗੀਤਾਂ ਵਿਚ ਅੱਜਕੱਲ੍ਹ ਕਾਹਨੂੰ ਪਿਸਟਲ ਪਿਸਟਲ ਹੋਈ
ਹੱਥ ਧਰ ਲਏ ਕੰਨਾਂ 'ਤੇ ਹਰ ਅੱਖ ਸੁਹਿਰਦ ਹੈ ਰੋਈ
ਜੰਮ ਯਮਲਿਆਂ ਵਰਗੇ ਤੂੰ ਫਿਰ ਫ਼ਨਕਾਰ ਪੰਜਾਬਿਆ ਓਏ
ਕਰ ਤਿੱਖੀ ਫਿਰ ਆਪਣੀ ਤੂੰ ਲਿਸ਼ਕਾਰ ਗੁਲਾਬਿਆ ਓਏ

ਸੁਣ ਯਾਰ ਪੰਜਾਬਿਆ ਓਏ ਦਿਲਦਾਰ ਪੰਜਾਬਿਆ ਓਏ
ਕਰ ਤਿੱਖੀ ਫਿਰ ਆਪਣੀ ਤੂੰ ਲਿਸ਼ਕਾਰ ਗੁਲਾਬਿਆ ਓਏ

ਲੇਖਕ- ਨਿਰਮਲ ਸਿੰਘ ਰੱਤਾ, ਅੰਮ੍ਰਿਤਸਰ।
8427007623

ਪੰਜਾਬ ਮੇਲ USA


REALTY ONE GROUP
Gurjatinder S. Randhawa
REALTOR CA DRE licence # 01490567
FOR SALE & PURCHASE OF
ANY KIND OF PROPERTY
ਕੈਲੀਫੋਰਨੀਆ ਵਿਚ ਘਰ ਖਰੀਦਣ
ਜਾਂ ਵੇਚਣ ਲਈ ਸੰਪਰਕ ਕਰੋ।
Gurjatinder S. Randhawa
916-320-9444
Gurjatinder S. Randhawa
REALTOR CA DRE licence # 01490567
web: www.RealtorRandhawa.com
garysingh123@yahoo.com